# *ਹੱਥਾਂ ਨੂੰ ਮਹਿੰਦੀ ਫੇਰ ਲਾ ਲਵੀਂ/*

*(ਰਿਕਾਰਡ ਹੋਏ ਅਤੇ ਹੋਰ ਗੀਤ)*

ਪੰਜਾਬੀਅਤ ਦਾ ਸਭ ਤੋਂ ਵਧੀਆ
ਕਾਵਿ ਪ੍ਰਗਟਾਵਾ
ਗੀਤਾਂ ਰਾਹੀਂ ਹੁੰਦਾ ਹੈ
(**ਪ੍ਰਿੰ. ਸੰਤ ਸਿੰਘ ਸੇਖੋਂ ਦੇ ਕਹੇ ਬੋਲ**)

# ਹੱਥਾਂ ਨੂੰ ਮਹਿੰਦੀ ਫੇਰ ਲਾ ਲਵੀਂ

(ਰਿਕਾਰਡ ਹੋਏ ਤੇ ਹੋਰ ਗੀਤ )

ਧਰਮ ਸਿੰਘ ਕੰਮੇਆਣਾ

# Hathan Noo Mehndi Pher Laa Lavin

Written by

**Dharam Singh Kammeyana**

F-707, Azad nagar, Street No. 11,
Patiala -147004 (Punjab)
Cell: 98760-62329

ISBN No.:
Year : 2025 (First Edition)

ਪੰਜਾਬੀ ਦੀ ਸਾਰੀ ਮੱਧਕਾਲੀ ਕਵਿਤਾ ਸੰਗੀਤਮਈ ਹੋਣ ਕਰਕੇ ਗਾਉਣ ਯੋਗ ਸੀ ਅਤੇ ਆਮ ਜਨ-ਜੀਵਨ ਨਾਲ ਜੁੜੀ ਹੋਣ ਕਰਕੇ ਸਮੂਹਿਕ ਅਵਚੇਤਨ ਨੂੰ ਟੁੰਬਦੀ ਸੀ, ਇਸੇ ਕਰਕੇ ਉਸ ਦਾ ਸਮੂਹਿਕ ਸਰੋਤਾ ਮੰਡਲ ਸੀ। ਆਧੁਨਿਕ ਕਵਿਤਾ ਵਿਚੋਂ ਬਹੁਤੀ ਪੜ੍ਹਨਯੋਗ ਹੈ ਅਤੇ ਉਧਾਰੀ ਚੇਤਨਾ ਤੇ ਆਧਾਰਿਤ ਹੋਣ ਕਰਕੇ ਸੀਮਤ ਪਾਠਕ ਵਰਗ ਵਿਚ ਵਿਚਰਦੀ ਹੈ।

ਆਜ਼ਾਦੀ ਤੋਂ ਬਾਅਦ ਗੀਤ ਕਾਵਿ-ਰੂਪ ਵਪਾਰਿਕ ਹੱਥਾਂ ਵਿਚ ਪੈ ਕੇ 'ਮੰਡੀ ਦਾ ਮਾਲ' ਬਣ ਗਿਆ ਸੀ। ਅਜਿਹੇ ਸਮੇਂ ਜਦੋਂ ਸਾਹਿਤਕ ਖੇਤਰ ਵਿਚ ਗੀਤ ਲਿਖਣ ਦੀ ਪਰੰਪਰਾ ਨਾਮਾਤਰ ਸੀ ਅਤੇ ਲੋਕ-ਪ੍ਰਚਲਤ ਗਾਇਕੀ ਜੋ ਵੱਡੇ ਦਾਇਰੇ ਵਿਚ ਮਕਬੂਲ ਸੀ, ਉਸ ਸਮੇਂ 'ਧਰਮ ਕੰਮੇਆਣਾ' ਨੇ ਸਾਫ਼-ਸੁਥਰੇ ਸਾਹਿਤਕ-ਗੀਤ ਲਿਖਣੇ ਸ਼ੁਰੂ ਕੀਤੇ। ਧਰਮ ਕੰਮੇਆਣਾ ਦੀ ਵਿਸ਼ੇਸ਼ਤਾ ਇਹ ਹੈ ਕਿ ਉਸਨੇ ਲੱਚਰਤਾ ਤੋਂ ਮੁਕਤ ਪਰ ਆਮ ਲੋਕਾਂ ਵਿਚ ਪ੍ਰਚਲਤ ਹੋਣ ਵਾਲੇ ਸਭਿਆਚਾਰਕ ਪੱਖੋਂ ਨਿਰੋਏ ਗੀਤ ਲਿਖੇ।

ਕੰਮੇਆਣਾ ਗੀਤ -ਕਾਵਿ ਦਾ ਮੁਹਾਵਰਾ ਅਤੇ ਮੁਹਾਂਦਰਾ, ਪੰਜਾਬੀ ਗੀਤਕਾਰੀ ਦੇ ਇਤਿਹਾਸ ਵਿਚ ਮੌਲਿਕ ਪਛਾਣ ਚਿੰਨ੍ਹ ਸਥਾਪਤ ਕਰਦਾ ਹੈ। ਧਰਮ ਕੰਮੇਆਣੇ ਦੇ ਗੀਤ, ਸੰਗੀਤ ਦੀ ਕਸੌਟੀ ਤੇ ਖਰੇ ਉਤਰਦੇ ਹਨ, ਜਿਸ ਦਾ ਪ੍ਰਮਾਣ ਉਸ ਦੇ ਤਕਰੀਬਨ ਸਾਰੇ ਗੀਤਾਂ ਦਾ ਪ੍ਰਸਿੱਧ ਗਾਇਕ-ਗਾਇਕਾਵਾਂ ਦੀ ਆਵਾਜ਼ ਵਿਚ ਰਿਕਾਰਡ ਹੋਣਾ ਹੈ। ਧਰਮ ਕੰਮੇਆਣਾ, ਜਿਨਸੀ ਉਲਾਰਪੁਣੇ ਦੀ ਥਾਵੇਂ ਕੁਆਰੀ ਪ੍ਰੀਤ ਦੇ ਮੇਲ-ਵਿਛੋੜੇ ਦੇ ਗੀਤ ਲਿਖਦਾ ਹੈ, ਉਹ 'ਵਿਭਚਾਰ' ਦੀ ਥਾਵੇਂ 'ਪਿਆਰ' ਦੇ ਗੀਤ ਲਿਖਦਾ ਹੈ। ਉਸਦੇ ਗੀਤਾਂ ਵਿਚੋਂ ਪੰਜਾਬ ਦੇ ਜੁਝਾਰੂ ਵਿਰਸੇ ਦਾ ਜੀਵੰਤ-ਬਿੰਬ ਵੀ ਅਭਿਵਿਅਕਤ ਹੁੰਦਾ ਹੈ। ਧਰਮ ਕੰਮੇਆਣਾ ਨੇ 'ਸਾਹਿਤਕ' ਅਤੇ ਲੋਕ-ਪ੍ਰਚਲਤ ਗਾਇਕੀ ਵਿਚ ਸੁੰਦਰ ਸੁਮੇਲ ਦੀ ਸਫ਼ਲ ਸਿਰਜਣਾ ਕੀਤੀ ਹੈ। ਉਸ ਦੇ ਗੀਤਾਂ ਬਾਰੇ ਹੋਰ ਕੁਝ ਕਹਿਣਾ ਨਿਰਾਰਥਕ ਹੈ, ਕਿਉਂਕਿ ਉਸ ਦੇ ਗੀਤ ਆਪਣੀ ਮਿਸਾਲ ਆਪ ਹਨ।

**ਡਾ. ਰਾਜਿੰਦਰਪਾਲ ਸਿੰਘ ਬਰਾੜ**

# ਧਰਮ ਕੰਮੇਆਣਾ ਦੇ ਗੀਤ

**ਜਿਨ੍ਹਾਂ ਗਾਇਕ-ਗਾਇਕਾਵਾਂ ਨੇ ਕੈਸਟਾਂ, ਸੀ.ਡੀ. ਤੇ ਵੀ.ਸੀ.ਡੀ. ਵਿਚ ਰਿਕਾਰਡ ਕਰਵਾਏ :-**

ਮੁਹੰਮਦ ਸਦੀਕ, ਰਣਜੀਤ ਕੌਰ, ਹੰਸ ਰਾਜ ਹੰਸ, ਸਰਦੂਲ ਸਿਕੰਦਰ, ਕਰਤਾਰ ਰਮਲਾ, ਦਿਲਸ਼ਾਦ ਅਖ਼ਤਰ, ਮਨਪ੍ਰੀਤ ਅਖ਼ਤਰ, ਨਿਰਮਲ ਸਿੱਧੂ, ਬੂਟਾ ਮੁਹੰਮਦ, ਬਲਕਾਰ ਸਿੱਧੂ, ਦੇਵਿੰਦਰ ਕੋਹਿਨੂਰ, ਜੱਸੀ ਜਸਪਾਲ, ਕਰਮਜੀਤ ਵਿਰਕ, ਭੁਪਿੰਦਰ ਕੌਰ ਮੋਹਾਲੀ, ਸਲੀਮ, ਮੇਜਰ ਮਹਿਰਮ, ਹਰਇੰਦਰ ਸੰਧੂ, ਸੁਖਵੰਤ ਲਵਲੀ, ਸੋਨੂੰ ਵਿਰਕ, ਭਗਵਾਨ ਹਾਂਸ, ਭਾਗ ਸਿੰਘ ਸੰਦਲ, ਬਲਧੀਰ ਮਾਹਲਾ, ਪਰਮਜੀਤ ਸੰਧੂ, ਸੁੱਖੀ ਬਰਾੜ, ਸੰਤੋਖ ਰੰਧਾਵਾ, ਜਗਤਾਰ ਵਿਰਕ, ਚਰਨਜੀਤ ਸਲ੍ਹੀਣਾ, ਜਗਸੀਰ ਬਾਜਵਾ, ਪਾਲ ਪੰਜਾਬੀ, ਬੀਬਾ ਅਮਨਪ੍ਰੀਤ, ਗੁਰਤੇਜ਼ ਕਾਬਲ, ਸਨਾਵਰ ਕੰਮੇਆਣਾ, ਜਗਦੀਪ ਧਾਲੀਵਾਲ, ਕਿਰਨਜੀਤ ਕੌਰ ਸ਼ੇਰਗਿੱਲ (ਮਾਨਸਾ) ਅਤੇ ਐੱਸ. ਜੀ. ਸਾਹਿਲ ਆਦਿ।

**ਜਿਨ੍ਹਾਂ ਗਾਇਕ-ਗਾਇਕਾਵਾਂ ਨੇ ਪੰਜਾਬੀ ਫਿਲਮਾਂ ਤੇ ਟੀ.ਵੀ. ਸੀਰੀਅਲਾਂ ਵਿਚ ਰਿਕਾਰਡ ਕਰਵਾਏ :-**

ਮੀਨੂੰ ਪ੍ਰਸ਼ੋਤਮ, ਦਿਲਰਾਜ ਕੌਰ, ਅਨੁਰਾਧਾ ਪੌਡਵਾਲ, ਦਿਲਸ਼ਾਦ ਅਖ਼ਤਰ, ਮੁਹੰਮਦ ਸਦੀਕ, ਰਣਜੀਤ ਕੌਰ, ਪ੍ਰਮਿੰਦਰ ਸੰਧੂ, ਰੰਜਨਾ, ਸਰਬਜੀਤ ਕੌਰ, ਦਿਲਜੀਤ ਸਿੰਘ ਆਦਿ।

**ਜਿਨ੍ਹਾਂ ਸੰਗੀਤਕਾਰਾਂ ਨੇ ਗੀਤਾਂ ਨੂੰ ਸੰਗੀਤ ਦਿੱਤਾ :-**

ਕੇ.ਐਸ. ਨਰੂਲਾ, ਚਰਨਜੀਤ ਅਹੂਜਾ, ਮਹਿੰਦਰਜੀਤ (ਮੁੰਬਈ), ਮੁੰਹਮਦ ਸਦੀਕ, ਅਤੁਲ ਸ਼ਰਮਾ, ਵਰਿੰਦਰ ਬਚਨ, ਸੁਰਿੰਦਰ ਬਚਨ, ਨਿਰਮਲ ਸਿੱਧੂ, ਮਦਨ ਸ਼ੌਕੀ, ਕੁਲਜੀਤ, ਪੰਡਿਤ ਓਮ ਪ੍ਰਕਾਸ਼, ਕਰਨ ਪ੍ਰਿੰਸ, ਬਲਿੰਗ ਬਰੇਨ, ਕੰਵਰ ਇਕਬਾਲ, ਅਲੀ ਅਕਬਰ, ਹਰੀਸ਼ ਮੰਗੋਲੀ, ਐੱਚ. ਗੁੱਡੂ, ਵਿਵੇਕ ਸਾਹਨੀ, ਸੰਤੋਸ਼ ਕਟਾਰੀਆ, ਸੰਜੀਵ ਸੰਤੋਸ਼ ਆਦਿ।

**ਜਿਨ੍ਹਾਂ ਕੈਸਟ ਕੰਪਨੀਆਂ ਨੇ ਗੀਤ ਰਿਕਾਰਡ ਕੀਤੇ :-**

ਐਚ.ਐਮ.ਵੀ., ਟੀ. ਸੀਰੀਜ਼, ਪਾਇਲ, ਸੁਰਤਾਲ, ਸੁਰ ਸੰਗਮ, ਸੀ.ਐਮ.ਸੀ., ਅਮਰ ਆਡੀਓ, ਅਮਨ ਆਡੀਓ, ਅਨੰਦ, ਚੁਆਇਸ ਟਿਪਸ, ਸਭਰੰਗ, ਟੀ.ਪੀ.ਐਮ., ਸੁਰ ਸਾਗਰ, ਫਾਇਨਟੋਨ, ਇੰਦਰਲੋਕ ਆਦਿ।

# ਪਹਿਲਾਂ ਪ੍ਰਕਾਸ਼ਿਤ ਪੁਸਤਕਾਂ

## ਕਾਵਿ - ਸੰਗ੍ਰਹਿ

- ਸੂਲਾਂ ਵਿੰਨ੍ਹੇ ਫੁੱਲ (ਜਨਵਰੀ 1978)
- ਪੂਜਾ (ਦਸੰਬਰ 1978)
- ਮੈਨੂੰ ਹਸਣਾ ਭੁੱਲ ਗਿਆ ਮਾਂ ! (1982)
- ਦੁੱਲਾ ਪਿੰਡੀਓਂ ਤੁਰ ਪਿਆ (1991)
- ਸਮਕਾਲ (1992)
- ਅੱਗ ਦੇ ਫੁੱਲ (1996)
- ਨਵੀਆਂ ਪੈੜਾਂ (1997)
- ਉਪਰਾਮ ਮੌਸਮ (2008)
- ਉਮਰਾਂ ਦੀ ਫੁਲਕਾਰੀ (2011)
- ਉਮੀਦ (2014)
- ਦੁਮੇਲ (2015)
- ਸੁਲਗਤੇ ਨਾ ਬੁਝ ਜਾਣਾ (ਹਿੰਦੀ : 2018)
- ਓਰੇ (2021)

## ਗੀਤ-ਸੰਗ੍ਰਹਿ

- ਜਾਗ ਕਿਸਾਨਾਂ ਜਾਗ (1992)
- ਕੋਈ ਕੋਈ ਦੀਵਾ ਬਲੇ (2013)

## ਕਾਵਿ-ਨਾਟ

- ਸਾਹਿਬਾਂ (1980)

## ਵਾਰਤਕ

- ਕੰਮੇਆਣਾ : ਮੇਰਾ ਜਨਮ ਸਥਾਨ (2021)

## ਸਵੈ-ਜੀਵਨੀ

- ਮੇਰੀ ਗੀਤਕਾਰੀ ਦਾ ਸਫ਼ਰ (2004)
- ਟੁੱਟੇ ਹੋਏ ਪੁਲ਼ (2019)

## ਨਾਵਲ

- ਆਪਣੇ ਬਿਗਾਨੇ (2010)
- ਉੱਖੜੇ ਸੁਰ (2012)
- ਸ਼ਹਿਰ ਵੱਲ ਜਾਂਦੀ ਸੜਕ (2018)
- ਸ਼ਹਿਰੀ ਕੀ ਔਰ ਜਾਤੀ ਸੜਕ (ਹਿੰਦੀ 2018)
- ਉੱਖੜੇ ਸੁਰ (ਹਿੰਦੀ 2018)
- ਸਤਲੁਜ ਦੇ ਆਰ-ਪਾਰ (2021)
- 378 ਦਿਨ : ਜਿਨ੍ਹਾਂ ਦਿੱਲੀ ਹਿਲਾ ਦਿੱਤੀ (2023)

## ਬਾਲ ਸਾਹਿਤ

- ਭੋਲੂ (ਬਾਲ ਨਾਵਲ : 2017)
- ਭੋਲੂ (ਹਿੰਦੀ ਬਾਲ ਨਾਵਲ : 2017)
- ਇਨਾਯਾ (ਬਾਲ ਕਵਿਤਾਵਾਂ : 2018)
- ਨਿਆਣਪੁਣਾ (ਬਚਪਨ ਦੀਆਂ ਯਾਦਾਂ : 2018)
- ਮਿਹਨਤ ਦਾ ਫਲ (ਬਾਲ ਨਾਵਲ : 2018)
- ਤੁਣਕ ਤੁਣਕ ਤੁਨ (ਬਾਲ-ਨਾਵਲ : 2017)
- ਪਟਿਆਲਾ ਤੋਂ ਮੈਕਲੋਡਗੰਜ (ਸਫ਼ਰਨਾਮਾ : 2019)

## ਸਫ਼ਰਨਾਮਾ

- ਦੂਨ ਵੈਲੀ 'ਚ ਵਿਚਰਦਿਆਂ (ਸਫ਼ਰਨਾਮਾ) (2018)

## ਮਿੰਨੀ ਕਹਾਣੀਆਂ

- ਅੰਦਰਲੀ ਗੱਲ (2022)

## ਲੇਖਕ ਦੀਆਂ : ਸਾਹਿਤਕ ਰਚਨਾਵਾਂ ਕੁਝ ਖੋਜ ਪੁਸਤਕਾਂ

- ਧਰਮ ਕੰਮੇਆਣਾ ਦਾ ਕਾਵਿ-ਚਿੰਤਨ : ਬਹੁ-ਪੱਖੀ ਅਧਿਐਨ (2011) -ਡਾ. ਸੁਖਜੀਤ ਕੌਰ
- ਧਰਮ ਕੰਮੇਆਣਾ ਦਾ ਕਾਵਿ-ਜਗਤ (2011) -ਪ੍ਰੋ. ਗੁਰਪ੍ਰੀਤ ਸਿੰਘ
- ਧਰਮ ਕੰਮੇਆਣਾ ਦੇ ਨਾਵਲ ਸੰਵਾਦ ਤੇ ਸਮੀਖਿਆ (2012) -ਪ੍ਰੋ. ਗੁਰਪ੍ਰੀਤ ਸਿੰਘ

## ਹੋਰ

- 150 ਤੋਂ ਵੱਧ ਗੀਤ ਪ੍ਰਸਿੱਧ ਗਾਇਕ/ਗਾਇਕਾਵਾਂ ਦੀਆਂ ਆਵਾਜ਼ਾਂ ਵਿਚ, ਫ਼ੀਚਰ ਫ਼ਿਲਮਾਂ, ਟੀ. ਵੀ. ਸੀਰੀਅਲ, ਆਡੀਓ ਕੈਸਟਾਂ, ਸੀ. ਡੀਜ਼ ਤੇ ਵੀ. ਸੀ.ਡੀਜ਼ ਵਿਚ ਅਤੇ ਰੇਡੀਓ- ਟੀ. ਵੀ. ਉਪਰ ਰਿਕਾਰਡ ਹੋਏ।
- ਕਈ ਕਵਿਤਾਵਾਂ ਦੇ ਹਿੰਦੀ ਤੇ ਅੰਗਰੇਜ਼ੀ ਸਮੇਤ ਕਈ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਹੋਏ।
- ਵੱਖ-ਵੱਖ ਯੂਨੀਵਰਸਿਟੀਆਂ ਵਿਚ ਧਰਮ ਸਿੰਘ ਕੰਮੇਆਣਾ ਦੀ ਸ਼ਾਇਰੀ ਅਤੇ ਹੋਰ ਰਚਨਾਵਾਂ ਨੂੰ ਆਧਾਰ ਬਣਾ ਕੇ ਵਿਦਿਆਰਥੀਆਂ ਨੇ ਐਮ. ਫ਼ਿਲ. ਅਤੇ ਪੀ-ਐਚ. ਡੀ. ਦੇ ਥੀਸਿਸ ਲਿਖੇ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਐਮ. ਏ. ਪੰਜਾਬੀ ਦੇ ਸਿਲੇਬਸ ਵਿਚ ਕਾਵਿ-ਰਚਨਾ ਸ਼ਾਮਲ।

# ਤਤਕਰਾ


- ਮੈਂ ਤੇ ਮੇਰੀ ਗੀਤਕਾਰੀ/21
- ਅਜੀਤ-ਜੁਝਾਰ/25
- ਅਸੀਂ ਉਮਰਾ ਗੁਜ਼ਾਰੀ/26 ਗਾਇਕਾ: ਅਨੁਰਾਧਾ ਪੌਡਵਾਲ
  ਕੈਸਟ ਦਾ ਨਾਂ : ਉਡੀਕਾਂ ਸਾਉਣ ਦੀਆਂ (ਪੰਜਾਬੀ ਫ਼ੀਚਰ ਫ਼ਿਲਮ)
  ਸੰਗੀਤ : ਮਹਿੰਦਰਜੀਤ, ਕੈਸਟ ਨਿਰਮਾਤਾ : ਟੀ. ਪੀ. ਐੱਮ. ਲੁਧਿਆਣਾ
- ਪਹਿਲੇ ਦਿਨ/27
  ਕੈਸਟ ਦਾ ਨਾਂ : ਕਦੇ ਕਦੇ ਖੇਡ ਲਿਆ ਕਰੀਂ
  ਸੰਗੀਤ + ਗਾਇਕ : ਨਿਰਮਲ ਸਿੱਧੂ, ਕੈਸੇਟ ਨਿਰਮਾਤਾ : ਪੈਰੀਟੋਨ, ਲੁਧਿਆਣਾ
- ਮੈਥੋਂ ਦਿਲ ਮੰਗਦਾ/28
  ਕੈਸੇਟ ਦਾ ਨਾਂ : ਪੁੱਤ ਸਰਦਾਰਾਂ ਦੇ (ਪੰਜਾਬੀ ਫ਼ੀਚਰ ਫ਼ਿਲਮ)
  ਗਾਇਕ+ਗਾਇਕਾ : ਮੁਹੰਮਦ ਸਦੀਕ, ਰਣਜੀਤ ਕੌਰ
  ਕੈਸੇਟ ਨਿਰਮਾਤਾ : ਸੀ. ਐਮ. ਸੀ. ਲੁਧਿਆਣਾ
- ਤੂੰ ਗੜਵਾ -ਦੋ/30
  ਕੈਸੇਟ ਦਾ ਨਾਂ : ਉਡੀਕਾਂ ਸਾਉਣ ਦੀਆਂ (ਪੰਜਾਬੀ ਫ਼ੀਚਰ ਫ਼ਿਲਮ)
  ਗਾਇਕਾ : ਦਿਲਰਾਜ ਕੌਰ, ਸੰਗੀਤ ; ਮਹਿੰਦਰਜੀਤ
  ਕੈਸੇਟ ਨਿਰਮਾਤਾ : ਟੀ. ਪੀ. ਐੱਮ. ਲੁਧਿਆਣਾ
- ਮਿੱਤਰਾਂ ਨੂੰ ਮੋਹ ਕੇ ਲੈ ਗਿਆ/31
  ਕੈਸੇਟ ਦਾ ਨਾਂ : ਸਦਕੇ ਮੈ ਜਾਵਾਂ, ਗਾਇਕ : ਕਰਤਾਰ ਰਮਲਾ,
  ਸੰਗੀਤ : ਪੰਡਿਤ ਓਮ ਪ੍ਰਕਾਸ਼, ਕੈਸੇਟ ਨਿਰਮਾਤਾ : ਇੰਦਰਲੋਕ, ਲੁਧਿਆਣਾ
  (ਇਹ ਗੀਤ ਦਿਲਸ਼ਾਦ ਅਖ਼ਤਰ ਨੇ ਵੀ ਰਿਚਰਡ ਕਰਵਾਇਆ ਹੈ।)
  ਕੈਸੇਟ ਦਾ ਨਾਂ ਉਡੀਕਾਂ ਸਾਉਣ ਦੀਆਂ (ਬਾਕੀ ਵੇਰਵਾ ਉੱਪਰ ਹੈ)
- ਉਡੀਕਾਂ ਸਾਉਣ ਦੀਆਂ/33
  ਕੈਸੇਟ ਦਾ ਨਾਂ : ਉਡੀਕਾਂ ਸਾਉਣ ਦੀਆਂ (ਪੰਜਾਬੀ ਫ਼ੀਚਰ ਫ਼ਿਲਮ)
  ਗਾਇਕਾ : ਮੀਨੂੰ ਪ੍ਰਸ਼ੋਤਮ, ਸੰਗੀਤ : ਮਹਿੰਦਰਜੀਤ, ਕੈਸੇਟ ਨਿਰਮਾਤਾ :
  ਟੀ. ਪੀ. ਐਮ. ਲੁਧਿਆਣਾ।
- ਜਾਂਦੀ ਹੋਈ ਦਿਲ ਲੈ ਗਈ/34
  ਕੈਸੇਟ ਦਾ ਨਾਂ : ਕੱਲ੍ਹ ਤੋਂ ਕਾਲਜ ਨਹੀਂ ਆਉਣਾ, ਗਾਇਕ : ਹਰਇੰਦਰ ਸੰਧੂ
  ਸੰਗੀਤ : ਸੁਰਿੰਦਰ ਬੱਚਨ, ਕੈਸੇਟ ਨਿਰਮਾਤਾ : ਸਭ ਰੰਗ, ਬਹਾਦਰਗੜ੍ਹ (ਪਟਿਆਲਾ)
- ਨਿੱਕੀ ਜਿੰਦ ਨੂੰ ਮਾਮਲੇ ਭਾਰੇ/36
  ਕੈਸੇਟ ਦਾ ਨਾਂ : ਗੱਲ ਉੱਡ ਗਈ ਹਾਣਦਿਆ, ਗਾਇਕਾ : ਮਨਪ੍ਰੀਤ ਅਖ਼ਤਰ,
  ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਸੁਰਤਾਲ, ਲੁਧਿਆਣਾ-ਫ਼ਰੀਦਕੋਟ
- ਮੁੰਦਰੀ/38
  ਕੈਸੇਟ ਦਾ ਨਾਂ : ਤੁਰ ਪ੍ਰਦੇਸ ਗਿਓਂ, ਗਾਇਕਾ : ਮਨਪ੍ਰੀਤ ਅਖ਼ਤਰ
  ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਸੁਰਤਾਲ, ਲੁਧਿਆਣਾ-ਫ਼ਰੀਦਕੋਟ
  (ਇਹ ਗੀਤ ਨਿਰਮਲ ਸਿੱਧੂ ਤੇ ਦਿਲਸ਼ਾਦ ਅਖ਼ਤਰ ਨੇ ਵੀ ਵੱਖ-ਵੱਖ ਕੈਸੇਟਾਂ
  ਵਿਚ ਰਿਕਾਰਡ ਕਰਵਾਇਆ ਹੈ।)
- ਮੁੰਡਿਆਂ 'ਚੋਂ ਤੂੰ ਸੋਹਣਾ/39
  ਕੈਸੇਟ ਦਾ ਨਾ : ਗਿੱਟ ਮਿਟ ਹੋ ਗੀ, ਗਾਇਕਾ : ਭੁਪਿੰਦਰ ਕੌਰ, ਮੋਹਾਲੀ ਕੈਸੇਟ
  ਨਿਰਮਾਤਾ :ਚੁਆਇਸ, ਲੁਧਿਆਣਾ
- ਕਾਲਜ ਵਿੱਚ ਕੀਤੇ ਵਾਅਦੇ/40
  ਕੈਸੇਟ ਦਾ ਨਾਂ : ਦਿਲ 'ਤੇ ਜਾਦੂ ਕਰ ਗਈ, ਗਾਇਕ : ਸੰਤੋਖ ਰੰਧਾਵਾ,
  ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਸਭ ਰੰਗ, ਬਹਾਦਰਗੜ੍ਹ ਪਟਿਆਲਾ
- ਪਹਿਲਾ ਪਹਿਲਾ ਪਿਆਰ/42
  ਕੈਸੇਟ ਦਾ ਨਾਂ : ਮਾਸ਼ੂਕ ਧੋਖੇਬਾਜ ਹੋ ਗਈ, ਗਾਇਕ : ਜੱਸੀ ਜਸਪਾਲ
  ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਸੁਮੇਲ, ਪਟਿਆਲਾ
- ਅਸੀਂ ਪਾਣੀਆਂ 'ਚ ਡੁੱਬ ਕੇ ਵੀ/43
- ਸਾਨੂੰ ਸਾਡੇ ਖ਼ਤ ਮੋੜਦੇ/44
  ਕੈਸੇਟ ਦਾ ਨਾਂ : ਸਾਨੂੰ ਸਾਡੇ ਖ਼ਤ ਮੋੜ ਦੇ, ਗਾਇਕ : ਕਰਮਜੀਤ ਵਿਰਕ,
  ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਗੀਤਾਬ, ਪਟਿਆਲਾ
- ਭੁੱਲੀ ਨਾ ਤੇਰੀ ਯਾਦ/45
  ਕੈਸੇਟ ਦਾ ਨਾਂ : ਭੁੱਲੀ ਨਾ ਤੇਰੀ ਯਾਦ, ਗਾਇਕ : ਕਰਮਜੀਤ ਵਿਰਕ,
  ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਸੁਮੇਲ, ਪਟਿਆਲਾ
- ਬੱਸ ਵਿੱਚ ਬੈਠੀ ਮੁਟਿਆਰ/46
  ਕੈਸੇਟ ਦਾ ਨਾਂ : ਸਾਨੂੰ ਸਾਡੇ ਖ਼ਤ ਮੋੜਦੇ, ਗਾਇਕ : ਕਰਮਜੀਤ ਵਿਰਕ,
  ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਗੀਤਾਬ, ਪਟਿਆਲਾ
- ਮਿਲਣਾ ਆਖਰੀ ਵਾਰ ਦਾ/48
  ਕੈਸੇਟ ਦਾ ਨਾ : ਕੁੜੀ ਮੁੱਕਰੀ ਫਿਰਦੀ, ਗਾਇਕ : ਕਰਮਜੀਤ ਵਿਰਕ,
  ਸੰਗੀਤ : ਕੁਲਜੀਤ, ਕੈਸੇਟ ਨਿਰਮਾਤਾ : ਟੀ. ਪੀ. ਐੱਮ, ਲੁਧਿਆਣਾ
- ਖ਼ਤ ਤੇਰੇ ਪਾੜ ਦਿੱਤੇ/50
  ਕੈਸੇਟ ਦਾ ਨਾਾਂ : ਸਾਡਾ ਆਖ਼ਰੀ ਸਲਾਮ, ਗਾਇਕ : ਦਲਜੀਤ ਮੱਟੂ,
  ਸੰਗੀਤ : ਅਤੁਲ ਸ਼ਰਮਾ, ਕੈਸੇਟ ਨਿਰਮਾਤਾ : ਪਰਲ ਮਿਊਜ਼ਿਕ, ਲੁਧਿਆਣਾ
- ਨੌਂ ਦੋ ਗਿਆਰਾਂ/51
  ਕੈਸੇਟ ਦਾ ਨਾਂ : ਨੌਂ ਦੋ ਗਿਆਰਾਂ, ਗਾਇਕ : ਚਰਨਜੀਤ ਸਲ੍ਹੀਣਾ
  ਸੰਗੀਤ : ਅਤੁਲ ਸ਼ਰਮਾ, ਦੀਪਾਂਸ਼ੂ ਆਡੀਓ ਲਿੰਕਰਜ਼, ਪਟਿਆਲਾ
- ਹੱਸ ਨਾ ਹੱਸ ਨਾ ਕੁੜੀਏ/52
  ਕੈਸੇਟ ਦਾ ਨਾਂ : ਦੱਸ ਮੇਰੀਏ ਮਾਸ਼ੂਕੇ, ਗਾਇਕ : ਜੱਸੀ ਜਸਪਾਲ,
  ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਟੀ. ਪੀ. ਐੱਮ, ਲੁਧਿਆਣਾ
- ਮੁਲਾਕਾਤਾਂ/54
  ਕੈਸੇਟ ਦਾ ਨਾਂ : ਮੁਲਾਕਾਤਾਂ ਬੰਦ, ਗਾਇਕ : ਜਗਸੀਰ ਬਾਜਵਾ
  ਸੰਗੀਤ : ਕੁਲਜੀਤ, ਕੈਸੇਟ ਨਿਰਮਾਤਾ : ਆਨੰਦ, ਤਪਾ ਮੰਡੀ
- ਜਾਹ ਮੈਂ ਜਿਉਂਲਾਂ ਗਾ/56
  ਕੈਸੇਟ ਦਾ ਨਾ : ਰੋ ਰਿਹਾ ਹੈ ਦਿਲ, ਗਾਇਕ : ਦੇਵਿੰਦਰ ਕੋਹਿਨੂਰ,

ਸੰਗੀਤ : ਮਦਨ ਸ਼ੌਂਕੀ, ਕੈਸੇਟ ਨਿਰਮਾਤਾ : ਟਿਪਸ, ਮੁੰਬਈ

- ਪਿਆਰ/57
ਕੈਸੇਟ ਦਾ ਨਾਂ : ਤੇਰੇ ਵਿਆਹ ਦੀ ਐਲਬਮ, ਗਾਇਕ : ਮੇਜਰ ਮਹਿਰਮ,
ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਸੁਮੇਲ, ਪਟਿਆਲਾ
- ਜੇ ਮੈਨੂੰ ਇੰਜ ਛੇੜੋਂਗੇ/58
ਕੈਸੇਟ ਦਾ ਨਾਂ : ਆਸ਼ਿਕ ਦੀ ਬਰਬਾਦੀ, ਗਾਇਕ : ਕਰਮਜੀਤ ਵਿਰਕ,
ਸੰਗੀਤ : ਸੁਰਿੰਦਰ ਬਚਨ, ਦਿਪਾਂਸ਼ੂ ਆਡੀਓ ਲਿੰਕਰਜ਼, ਪਟਿਆਲਾ
- ਜਿਧਰੋਂ ਦੀ ਤੂੰ ਲੰਘਜੇਂ/59
ਗਾਇਕ ਬੂਟਾ ਮੁਹਿੰਮਦ ਨੇ ਟੀ. ਵੀ. ਚੈਨਲ 'ਲਿਸ਼ਕਾਰਾ' ਦੇ ਨਵੇਂ ਵਰ੍ਹੇ
ਦੇ ਪ੍ਰੋਗਰਾਮ 'ਚ ਗਾਇਆ
- ਹੱਸ ਕੇ ਨਾ ਲੰਘ ਵੈਰਨੇ/60
- ਕਰਮਾਂ ਮਾਰੀ ਸਾਹਿਬਾਂ/62
ਕੈਸੇਟ ਦਾ ਨਾ : ਨੌਂ ਦੋ ਗਿਆਰਾਂ, ਗਾਇਕ : ਚਰਨਜੀਤ ਸਲ੍ਹੀਣਾ,
ਸੰਗੀਤ : ਅਤੁਲ ਸ਼ਰਮਾ, ਕੈਸੇਟ ਨਿਰਮਾਤਾ : ਦਿਪਾਂਸ਼ੂ ਆਡੀਓ ਲਿੰਕਰਜ਼,
ਪਟਿਆਲਾ
- ਜੋ ਸਭ ਤੋਂ ਵੱਧ/63
ਕੈਸੇਟ ਦਾ ਨਾ : ਗਿੱਧੇ ਵਿੱਚ ਉੱਡੇ ਫੁਲਕਾਰੀ, ਗਾਇਕ :
ਜੱਸੀ ਜਸਪਾਲ, ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤ : ਅਨੁਰਾਗ ਮੋਹਾਲੀ
- ਕੱਲ੍ਹ ਤੋਂ ਕਾਲਜ ਨਹੀਂ ਆਉਣਾ/64
ਕੈਸੇਟ ਦਾ ਨਾ : ਕੱਲ੍ਹ ਤੋਂ ਕਾਲਜ ਨਹੀਂ ਆਉਣਾ, ਗਾਇਕ : ਹਰਇੰਦਰ ਸੰਧੂ,
ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਸਭਰੰਗ ਬਹਾਦਰਗੜ੍ਹ (ਪਟਿਆਲਾ)
- ਤੇਰੇ ਵਿਆਹ ਦੀ ਐਲਬਮ/65
ਕੈਸੇਟ ਦਾ ਨਾਂ : ਤੇਰੇ ਵਿਆਹ ਦੀ ਐਲਬਮ, ਗਾਇਕ : ਮੇਜਰ ਮਹਿਰਮ,
ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ , ਸੁਮੇਲ, ਪਟਿਆਲਾ
- ਜਾ ਕੇ ਕੈਨੇਡਾ ਵਿਚ ਬਹਿ ਗੀ/66
ਕੈਸੇਟ ਦਾ ਨਾਂ : ਤੇਰੇ ਵਿਆਹ ਦੀ ਐਲਬਮ, ਗਾਇਕ : ਮੇਜਰ ਮਹਿਰਮ
- ਤਰਸਦੀ ਮਰੇਂ ਪਿਆਰ ਨੂੰ/67
ਕੈਸੇਟ ਦਾ ਨਾਂ : ਤੇਰੇ ਵਿਆਹ ਦੀ ਐਲਬਮ, ਗਾਇਕ : ਮੇਜਰ ਮਹਿਰਮ
- ਜਾਂਦੀ ਡੋਲੀ ਰੋਕ ਲਊਂ/69
ਕੈਸੇਟ ਦਾ ਨਾਂ : ਜਾਂਦੀ ਡੋਲੀ ਰੋਕ ਲਊਂ, ਗਾਇਕ : ਦਿਲਸ਼ਾਦ ਅਖ਼ਤਰ,
ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਸੀ.ਐਮ.ਸੀ. ਲੁਧਿਆਣਾ
- ਪੀਂਘਾਂ ਪਿਆਰ ਦੀਆਂ/70
ਕੈਸੇਟ ਦਾ ਨਾਂ : ਪੀਂਘਾਂ ਪਿਆਰ ਦੀਆਂ, ਗਾਇਕ : ਜੱਸੀ ਜਸਪਾਲ,
ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਸੁਰ ਸੰਗਮ, ਲੁਧਿਆਣਾ
- ਮਾਡਰਨ ਕਲੀ/71
ਕੈਸੇਟ ਦਾ ਨਾਂ : ਪੀਂਘਾਂ ਪਿਆਰ ਦੀਆਂ, ਗਾਇਕ : ਜੱਸੀ ਜਸਪਾਲ,
ਸੰਗੀਤ : ਵਰਿੰਦਰ ਬਚਨ, ਕੈਸੇਟ ਨਿਰਮਾਤਾ : ਸੁਰ ਸੰਗਮ, ਚੰਡੀਗੜ੍ਹ
- ਯਾਦ ਵਤਨ ਦੀ/72
ਕੈਸੇਟ ਦਾ ਨਾਂ : ਪੰਜਵਾਂ ਅਖਾੜਾ, ਗਾਇਕ : ਮੁਹੰਮਦ ਸਦੀਕ,
ਸੰਗੀਤ : ਪੰਡਿਤ ਸੋਮ ਦੱਤ, ਕੈਸੇਟ ਨਿਰਮਾਤਾ : ਇੰਦਰਲੋਕ, ਲੁਧਿਆਣਾ
- ਗਿੱਧੇ ਵਿਚ ਨੱਚੀ ਪਤਲੋ/73
ਕੈਸੇਟ ਦਾ ਨਾ : ਭੁੱਲੀ ਨਾ ਤੇਰੀ ਯਾਦ, ਗਾਇਕ : ਕਰਮਜੀਤ ਵਿਰਕ,
ਸੰਗੀਤ : ਸੁਰਿੰਦਰ ਬਚਨ, ਨਿਰਮਾਤਾ : ਸੁਮੇਲ, ਪਟਿਆਲਾ
- ਆ ਕੇ ਵਿੱਚ ਇੰਗਲੈਂਡ ਦੇ/74
ਕੈਸੇਟ ਦਾ ਨਾਂ : ਤੇਰੇ ਵਿਆਹ ਦੀ ਐਲਬਮ, ਗਾਇਕ : ਮੇਜਰ ਮਹਿਰਮ
ਸੁਮੇਲ, ਪਟਿਆਲਾ
- ਆਸ਼ਿਕ ਦੀ ਬਰਬਾਦੀ/75
ਕੈਸੇਟ ਦਾ ਨਾਂ : ਆਸ਼ਿਕ ਦੀ ਬਰਬਾਦੀ, ਗਾਇਕ : ਕਰਮਜੀਤ ਵਿਰਕ,
ਸੰਗੀਤ : ਸੁਰਿੰਦਰ ਬੱਚਨ, ਕੈਸੇਟ ਨਿਰਮਾਤਾ : ਦਿਪਾਂਸ਼ੂ ਆਡੀਓ ਲਿੰਕਰਜ਼,
ਪਟਿਆਲਾ।
- ਤੇਰਾ ਇਸ਼ਕ/76
ਕੈਸੇਟ ਦਾ ਨਾਂ : ਮੁੰਦੀ ਵੱਟੇ ਦਿਲ, ਗਾਇਕ : ਗੁਰਤੇਜ਼ ਕਾਬਲ
ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਟਿਪਸ
- ਬੇਵਫ਼ਾਈ ਦਾ ਮੈਡਲ/77 (ਇਹ ਗੀਤ ਕੈਸੇਟ 'ਇਸ਼ਕ ਦਾ ਰੋਗ' ਵਿੱਚ ਹਰਇੰਦਰ
ਸਿੱਧੂ ਨੇ ਵੀ ਗਾਇਆ ਹੈ)
ਕੈਸੇਟ ਦਾ ਨਾਂ : ਬੇਵਫ਼ਾਈ ਦਾ ਮੈਡਲ, ਗਾਇਕ : ਭਾਗ ਸੰਦਲ
ਸੰਗੀਤ : ਮਦਨ ਸ਼ੌਂਕੀ, ਕੈਸੇਟ ਨਿਰਮਾਤਾ : ਦਿਪਾਂਸ਼ੂ ਆਡੀਓ ਲਿੰਕਰਜ਼,
ਪਟਿਆਲਾ।
- ਮਿਰਜ਼ਾ/78
ਕੈਸੇਟ ਦਾ ਨਾਂ : ਸੱਜਣਾਂ ਦੇ ਨੈਣ ਕਵਾਰੇ, ਗਾਇਕ : ਜੱਸੀ ਜਸਪਤਾਲ,
ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਸੁਰ ਸੰਗਮ, ਚੰਡੀਗੜ੍ਹ
- ਗੁੱਤ ਨਾਗਣੀ/79
ਗਾਇਕ+ਗਾਇਕਾ : ਅਮਰਨਾਥ ਤਾਨਸੈਨ ਫ਼ਰੀਦਕੋਟ ਅਤੇ
ਸਵਰਨ ਲਤਾ (ਸੰਨ 1978 ਵਿਚ ਜਾਣੀ ਪਛਾਣੀ ਗਾਇਕ ਜੋੜੀ ਵੱਲੋ)
ਸਟੇਜ ਉੱਪਰ ਗਾਇਆ ਗਿਆ/ਅਖਾੜੇ ਦੀ ਕੈਸਟ ਵੀ ਬਣੀ।
- ਮਾਸ਼ੂਕ ਧੋਖੇਬਾਜ਼ ਹੋ ਗਈ/81
ਕੈਸੇਟ ਦਾ ਨਾਂ : ਮਾਸ਼ੂਕ ਧੋਖੇਬਾਜ਼ ਹੋ ਗਈ, ਗਾਇਕ : ਜੱਸੀ ਜਸਪਤਾਲ,
ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਸੁਮੇਲ, ਪਟਿਆਲਾ
- ਡੋਲੀ-ਇੱਕ/82
ਕੈਸੇਟ ਦਾ ਨਾਂ : ਮਾਸ਼ੂਕ ਧੋਖੇਬਾਜ਼ ਹੋ ਗਈ, ਗਾਇਕ : ਜੱਸੀ ਜਸਪਾਲ,
ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਸੁਮੇਲ, ਪਟਿਆਲਾ
- ਠੇਕੇ ਉੱਤੇ/83
ਕੈਸੇਟ ਦਾ ਨਾ : ਖ਼ਬਰਾਂ ਮੇਰੀ ਮੌਤ ਦੀਆਂ, ਸੰਗੀਤ+ਗਾਇਕ :
ਨਿਰਮਲ ਸਿੱਧੂ, ਕੈਸੇਟ ਨਿਰਮਾਤਾ : ਆਰਸੀ, ਲੁਧਿਆਣਾ

(ਇਹ ਗੀਤ ਜੱਸੀ ਜਸਪਾਲ ਨੇ ਵੀ ਰਿਕਾਰਡ ਕਰਵਾਇਆ ਹੈ)।

- ਇਕ ਪ੍ਰਸੰਗ : ਲੋਕ ਗਾਥਾ ਸੁੱਚਾ ਸੂਰਮਾ ਵਿੱਚੋਂ/84
  ਕੈਸੇਟ ਦਾ ਨਾਂ : ਉਡੀਕਾਂ ਸਾਉਣ ਦੀਆਂ (ਪੰਜਾਬੀ ਫ਼ੀਚਰ ਫ਼ਿਲਮ)
  ਗਾਇਕ : ਦਿਲਸ਼ਾਦ ਅਖ਼ਤਰ, ਸੰਗੀਤ : ਮਹਿੰਦਰਜੀਤ
  ਕੈਸੇਟ ਨਿਰਮਾਤਾ : ਟੀ. ਪੀ. ਐੱਮ. ਲੁਧਿਆਣਾ
- ਡੋਲੀ-ਦੋ/86
  ਕੈਸੇਟ ਦਾ ਨਾਂ : ਉਡੀਕਾਂ ਸਾਉਣ ਦੀਆਂ (ਪੰਜਾਬੀ ਫ਼ੀਚਰ ਫ਼ਿਲਮ)
  ਗਾਇਕਾਵਾਂ : ਮੀਨੂੰ ਪ੍ਰਸ਼ੋਤਮ ਤੇ ਸਾਥਣਾ, ਸੰਗੀਤ : ਮਹਿੰਦਰਜੀਤ,
  ਕੈਸੇਟ ਨਿਰਮਾਤਾ : ਟੀ. ਪੀ. ਐਮ., ਲੁਧਿਆਣਾ
- ਜਵਾਨੀ ਪਹਿਲੇ ਤੋੜ ਦੀ ਦਾਰੂ/87
  ਕੈਸੇਟ ਦਾ ਨਾਂ : ਸਾਨੂੰ ਸਾਡੇ ਖ਼ਤ ਮੋੜ ਦੇ, ਗਾਇਕ : ਕਰਮਜੀਤ ਵਿਰਕ,
  ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਗੀਤਾਬ, ਪਟਿਆਲਾ
- ਮੇਰਾ ਨਾਂ ਪੁੱਛਦਾ/88
  ਕੈਸੇਟ ਦਾ ਨਾਂ : ਕੋਕਾ ਸ਼ਗਨਾਂ ਦਾ, ਗਾਇਕਾ : ਭੁਪਿੰਦਰ ਕੌਰ ਮੋਹਾਲੀ,
  ਸੰਗੀਤ : ਸੰਜੀਵ ਸੰਤੋਸ਼, ਕੈਸੇਟ ਨਿਰਮਾਤਾ : ਸੀ. ਟੀ. ਸੀ. ਲੁਧਿਆਣਾ
- ਗੱਡੀ ਜਾਵੇ ਧੂੜਾਂ ਪੱਟਦੀ/89
  ਕੈਸੇਟ ਦਾ ਨਾਂ : ਪੀਂਘਾਂ ਪਿਆਰ ਦੀਆਂ, ਗਾਇਕ : ਜੱਸੀ ਜਸਪਾਲ,
  ਸੰਗੀਤ : ਵਰਿੰਦਰ ਬਚਨ, ਕੈਸੇਟ ਨਿਰਮਾਤਾ : ਸੁਰ ਸੰਗਮ, ਚੰਡੀਗੜ੍ਹ
- ਜੇ ਰਾਂਝੇ ਰੋਂਦੇ ਨੇ – ਦੋ/90
  ਕੈਸੇਟ ਦਾ ਨਾਂ : ਹੋ ਈ ਨਹੀਂ ਸਕਦਾ, ਗਾਇਕਾ : ਭੁਪਿੰਦਰ ਕੌਰ ਮੋਹਾਲੀ,
  ਸੰਗੀਤ : ਵਿਵੇਕ ਸਾਹਨੀ, ਕੈਸੇਟ ਨਿਰਮਾਤਾ : ਐੱਚ. ਐੱਮ. ਵੀ. ਦਿੱਲੀ
- ਭਾਬੀ ਆਖ ਬਲਾਉਂਦੇ ਨੇ/91
  ਗਾਇਕ : ਭਾਗ ਸੰਦਲ ਤੇ ਰੁਪਿੰਦਰ ਮਾਨ
  ਸੰਗੀਤ : ਐੱਚ. ਗੁੱਡੂ (ਯੂ. ਟਿਊਬ 'ਤੇ ਲੋਡਿਡ)
- ਪਿਆਲੀ/93
  -ਗਾਇਕ ਰਣਜੀਤ ਵਿਰਕ, ਸੰਗੀਤ : ਐੱਚ ਗੁੱਡੂ
- ਕਸਮ/94
- ਤੈਨੂੰ ਕੀ ਆਖਾਂ/96
- ਸੋਚ/97
  ਕੈਸੇਟ ਦਾ ਨਾਂ : ਸੋਚ, ਗਾਇਕ : ਭਗਵਾਨ ਹਾਂਸ, ਸੰਗੀਤਃ ਕਰਨ ਪ੍ਰਿੰਸ
  ਬੈਨਰ : ਅਮਰ ਆਡੀਓ, ਲੁਧਿਆਣਾ
- ਨਸ਼ਾ ਨਾਸ਼ ਕਰਦਾ ਹੈ/98
- ਮਾਂ/99
  ਕੈਸੇਟ ਦਾ ਨਾ : ਆਸ਼ਿਕ ਦੀ ਬਰਬਾਦੀ, ਗਾਇਕ : ਕਰਮਜੀਤ ਵਿਰਕ,
  ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਟੀ. ਸੀਰੀਜ਼, ਦਿੱਲੀ
- ਲੋਕ ਤੱਥ/100
  ਕੈਸੇਟ ਦਾ ਨਾ : ਸੋਹਣੀਏ ਤੇਰੇ ਬਿਨ, ਗਾਇਕ : ਸਨਾਵਰ ਕੰਮੇਆਣਾ
  ਸੰਗੀਤ : ਐੱਚ. ਗੁੱਡੂ, ਕੈਸੇਟ ਨਿਰਮਾਤਾ : ਅਮਰ ਆਡੀਓ, ਲੁਧਿਆਣਾ
- ਅੱਜ ਸਾਨੂੰ ਪਤਾ ਲੱਗਿਆ/101
- ਹੀਰ ਜੱਟੀ/102
  ਗਾਇਕਾ : ਭਾਗ ਸੰਦਲ ਤੇ ਰੁਪਿੰਦਰ ਮਾਨ (ਯੂ. ਟਿਊਬ 'ਤੇ ਲੋਡਿਡ)
- ਪੰਜਾਬੀ/103
- ਸੋਹਣਾ ਦੇਸ਼ ਪੰਜਾਬ/104
- ਪੰਜਾਬ-92/105
- ਜ਼ਖ਼ਮੀ ਗੁਲਾਬ/106
- ਨਵੇਂ ਟਿਕਾਣੇ/107
- ਪੂਰਾ ਵਗਦਾ/108
- ਜਿਸਮ ਤੋਂ ਵੱਧ ਕੁਝ ਹੋਰ ਵੀ/109
- ਕਬਰਾਂ ਦਾ ਸਿਰਨਾਵਾਂ/110
- ਪੰਜਾਬੀ ਦੀ ਖ਼ੈਰ ਲੋੜੀਂ/111
- ਫ਼ੱਕਰਾਂ ਦੇ ਕਹਿਣੇ/112
  ਕੈਸੇਟ ਦਾ ਨਾਂ : ਤੁਰ ਪ੍ਰਦੇਸ਼ ਗਿਆ, ਗਾਇਕਾ : ਮਨਪ੍ਰੀਤ ਅਖ਼ਤਰ,
  ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਸੁਰਤਾਲ, ਲੁਧਿਆਣਾ-ਫਰੀਦਕੋਟ
  (ਇਹ ਗੀਤ ਦਿਲਸ਼ਾਦ ਅਖ਼ਤਰ ਅਤੇ ਸਲੀਮ ਨੇ ਵੀ ਰਿਕਾਰਡ ਕਰਵਾਇਆ ਹੈ)
- ਵਿਦਾ ਹੋਣ ਤੋਂ ਪਹਿਲਾਂ/113
  ਕੈਸੇਟ ਦਾ ਨਾਂ : ਖ਼ਬਰਾਂ ਮੇਰੀ ਮੌਤ ਦੀਆਂ, ਗਾਇਕ+ਸੰਗੀਤ : ਨਿਰਮਲ ਸਿੱਧੂ,
  ਕੈਸੇਟ ਨਿਰਮਾਤਾ : ਆਰਸੀ, ਲੁਧਿਆਣਾ
  (ਇਹ ਗੀਤ ਦਿਲਸ਼ਾਦ ਅਖ਼ਤਰ ਨੇ ਵੀ ਰਿਕਾਰਡ ਕਰਵਾਇਆ)
- ਦਿਲ 'ਚ ਲਾਉਣ ਲੱਗੀ ਗੇੜੇ/114
  ਕੈਸੇਟ ਦਾ ਨਾਂ : ਹਾਏ ਸੋਹਣੀਏ, ਗਾਇਕ : ਹੰਸ ਰਾਜ ਹੰਸ,
  ਸੰਗੀਤ : ਅਤੁਲ ਸ਼ਰਮਾ, ਟੀ-ਸੀਰੀਜ਼, ਮੁੰਬਈ
- ਪਿੱਪਲਾਂ ਵਰਗੀਆਂ ਛਾਵਾਂ/115
  ਕੈਸੇਟ ਦਾ ਨਾਂ : ਪਿੱਪਲਾਂ ਵਰਗੀਆਂ ਛਾਵਾਂ, ਗਾਇਕ : ਬਲਬੀਰ ਮਾਹਲਾ,
  ਸੰਗੀਤ : ਰਵਿੰਦਰ ਟੀਨਾ, ਬਠਿੰਡਾ ਤੋਂ ਰਿਲੀਜ਼
- ਝੱਲਿਆ ਵੇ !/116
  ਕੈਸੇਟ ਦਾ ਨਾ : ਇੱਕ ਵਾਰ ਫਿਰ ਅਖਾੜਾ, ਗਾਇਕਾ : ਰਣਜੀਤ ਕੌਰ,
  ਸੰਗੀਤ : ਚਰਨਜੀਤ ਆਹੂਜਾ, ਕੈਸੇਟ ਨਿਰਮਾਤਾ : ਐੱਚ. ਐੱਮ. ਵੀ. ਦਿੱਲੀ
- ਹੱਥਾਂ ਨੂੰ ਮਹਿੰਦੀ/117
  ਕੈਸੇਟ ਦਾ ਨਾਂ : ਇਕ ਵਾਰ ਫਿਰ ਅਖਾੜਾ, ਗਾਇਕ : ਮੁਹੰਮਦ ਸਦੀਕ,
  ਸੰਗੀਤ : ਚਰਨਜੀਤ ਆਹੂਜਾ, ਕੈਸੇਟ ਨਿਰਮਾਤਾ : ਐੱਚ.ਐੱਮ. ਵੀ. ਦਿੱਲੀ
- ਜਦੋਂ ਆਵੇ ਤੇਰੀ ਯਾਦ/118
  ਕੈਸੇਟ ਦਾ ਨਾ : ਨਵੀਆਂ ਗੱਡੀਆਂ ਨਵੇਂ ਪੋਟਲੇ, ਗਾਇਕ : ਦਿਲਸ਼ਾਦ ਅਖ਼ਤਰ,
  ਸੰਗੀਤਃ ਵਰਿੰਦਰ ਬਚਨ, ਕੈਸੇਟ ਨਿਰਮਾਤਾ : ਪੈਰੀਟੋਨ, ਲੁਧਿਆਣਾ
- ਮੈਨੂੰ ਇਹ ਕੀ ਹੋ ਗਿਆ/119

ਕੈਸੇਟ ਦਾ ਨਾਂ : ਨਵੀਆਂ ਗੁੱਡੀਆਂ ਨਵੇਂ ਪਟੋਲੇ, ਗਾਇਕ : ਦਿਲਸ਼ਾਦ ਅਖ਼ਤਰ,
ਸੰਗੀਤ : ਵਰਿੰਦਰ ਬਚਨ, ਕੈਸੇਟ ਨਿਰਮਾਤਾ : ਪੈਰੀਟੋਨ, ਲੁਧਿਆਣਾ

- ਬਾਂਕਾ ਤੇਰੀਆਂ/120
ਗਾਇਕ : ਬਲਧੀਰ ਮਾਹਲਾ, ਸੰਗੀਤ : ਰਵਿੰਦਰ ਟੀਨਾ,
ਬਠਿੰਡੇ ਤੋਂ ਰਿਲੀਜ਼ ਹੋਈ
- ਮੇਰੀ ਦਾਰੂ ਪੀਣੀ/121
ਕੈਸੇਟ ਦਾ ਨਾਂ : ਵਿਛੋੜਿਆਂ ਦੇ ਤੀਰ, ਗਾਇਕ : ਦਿਲਸ਼ਾਦ ਅਖ਼ਤਰ
ਸੰਗੀਤ : ਸੁਰਿੰਦਰ ਬਚਨ, ਅਮਨ ਆਡੀਓ, ਮੋਹਾਲੀ – ਸੰਗਰੂਰ
- ਪਾਣੀ ਪਾਣੀ ਹੋ ਗੀ ਸੰਗ ਕੇ/122
ਕੈਸੇਟ ਦਾ ਨਾਂ : ਮਾਸ਼ੂਕ ਦੀਆਂ ਚਿੱਠੀਆਂ, ਗਾਇਕ : ਬਲਕਾਰ ਸਿੱਧੂ,
ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਪਾਇਲ, ਬਠਿੰਡਾ
- ਕਿਸੇ ਨੂੰ ਕੋਈ ਪਿਆਰ ਨਾ ਕਰੇ/123
ਕੈਸੇਟ ਦਾ ਨਾਂ : ਕਦੇ ਕਦੇ ਖੇਡ ਲਿਆ ਕਰੀ, ਗਾਇਕ :
ਨਿਰਮਲ ਸਿੱਧੂ, ਕੈਸੇਟ ਨਿਰਮਾਤਾ : ਪੈਰੀਟੋਨ, ਲੁਧਿਆਣਾ
- ਚਿੱਟੇ ਚਾਦਰੇ ਜ਼ਮੀਨਾਂ ਗਹਿਣੇ/124
ਕੈਸੇਟ ਦਾ ਨਾਂ : ਆਹ ਲੈ ਫੜ੍ਹ ਮੁੰਦਰਾਂ, ਗਾਇਕ : ਰਣਜੀਤ ਕੌਰ,
ਸੰਗੀਤ : ਮੁਹੰਮਦ ਸਦੀਕ, ਕੈਸੇਟ ਨਿਰਮਾਤਾ : ਅਲੰਕਾਰ, ਦਿੱਲੀ
- ਚੰਦਨ ਦੀ ਗੇਲੀ/125
ਗਾਇਕਾ : ਪਰਮਜੀਤ ਸੰਧੂ (ਕਰਤਾਰ ਰਮਲਾ ਨਾਲ ਸਾਂਝੀ ਕੈਸੇਟ)
ਕੈਸੇਟ ਨਿਰਮਾਤਾ : ਸੀ. ਐੱਮ. ਸੀ. ਲੁਧਿਆਣਾ
- ਸੱਸ ਟੱਕਰੀ ਬਘਿਆੜੀ/126
ਕੈਸੇਟ ਦਾ ਨਾਂ : ਤੇਰੇ ਵਿਆਹ ਦੀ ਐਲਬਮ, ਗਾਇਕ : ਮੇਜਰ ਮਹਿਰਮ,
ਸੰਗੀਤਃ ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਸੁਮੇਲ, ਪਟਿਆਲਾ
- ਸੰਭਲ ਸੰਭਲ ਕੇ ਰਹਿ/127
ਕੈਸੇਟ ਦਾ ਨਾਂ : ਤੁਰ ਪ੍ਰਦੇਸ ਗਿਆ, ਗਾਇਕਾ : ਮਨਪ੍ਰੀਤ ਅਖ਼ਤਰ,
ਸੰਗੀਤ : ਸੁਰਿੰਦਰ ਬਚਨ, ਕੈਸਟ ਨਿਰਮਾਤਾ : ਸੁਰ ਸਾਗਰ, ਲੁਧਿਆਣਾ–ਫਰੀਦਕੋਟ
- ਬੁੱਲ੍ਹੀਆਂ ਦੀ ਚੁੱਪ ਤੋੜਦੇ/128
ਕੈਸੇਟ ਦਾ ਨਾਂ : ਦਿਲਾਂ ਦੇ ਐਕਸੀਡੈਂਟ, ਗਾਇਕ : ਮਾਸਟਰ ਸਲੀਮ
ਸੰਗੀਤਃ ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਸੁਰ ਸਾਗਰ,
ਲੁਧਿਆਣਾ–ਫਰੀਦਕੋਟ
- ਦਿਲ ਲੈ ਕੇ ਮੁਕਰ ਗਿਓਂ/129
ਕੈਸੇਟ ਦਾ ਨਾਂ : ਤੁਰ ਪ੍ਰਦੇਸ ਗਿਆ, ਗਾਇਕਾ : ਮਨਪ੍ਰੀਤ ਅਖ਼ਤਰ,
ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਸੁਰ ਸਾਗਰ/ਸੁਰਤਾਨ,
ਲੁਧਿਆਣਾ–ਫਰੀਦਕੋਟ
- ਛੱਡ ਦੇ ਬੁਲਾਉਣਾ ਮਿੱਤਰਾ/130
1. ਕੈਸੇਟ ਦਾ ਨਾਂ : ਚੱਲ ਨੋਟ ਕਮਾਈਏ, ਗਾਇਕ+ਗਾਇਕਾ : ਪਾਲ ਪੰਜਾਬੀ ਤੇ
ਬੀਬਾ ਅਮਨਦੀਪ, ਸੰਗੀਤਃ ਰਵਿੰਦਰ ਟੀਨਾ –ਅਲੀ ਅਕਬਰ, ਕੈਸੇਟ ਨਿਰਮਾਤਾ :
ਸੁਰਤਾਲ, ਫ਼ਰੀਦਕੋਟ
2. ਕੈਸੇਟ ਦਾ ਨਾਂ : ਰੰਗਲਾ ਚੁਬਾਰਾ, ਗਾਇਕ : ਯੁੱਧਵੀਰ ਤੇ ਦਲਜੀਤ ਬਿੱਟੂ,
ਸੰਗੀਤ : ਬਲਿੰਗ ਬਰੇਨ, ਕੈਸੇਟ ਨਿਰਮਾਤਾ : ਅਮਨ ਆਡੀਓ, ਸੰਗਰੂਰ
- ਦਿਉਰ–ਭਰਜਾਈ/132
ਪੰਜਵਾਂ ਅਖਾੜਾ–ਮੁਹੰਮਦ ਸਦੀਕ ਤੇ ਰਣਜੀਤ ਕੌਰ, ਸੰਗੀਤ : ਪੰਡਿਤ ਸੋਮ ਨਾਥ,
ਕੈਸੇਟ ਨਿਰਮਾਤਾ : ਇੰਟਰਲੋਕ, ਲੁਧਿਆਣਾ
- ਲੰਘ ਜਾਂਦਾ ਚੁੱਪ ਕਰਕੇ/134
ਕੈਸੇਟ ਦਾ ਨਾ : ਚਰਖੇ ਦੀ ਘੂਕ, ਗਾਇਕ : ਮਾਸਟਰ ਸਲੀਮ, ਸੰਗੀਤਃ ਨਿਰਮਲ ਸਿੱਧੂ,
ਕੈਸੇਟ ਨਿਰਮਾਤਾ : ਸੁਰਤਾਲ, ਲੁਧਿਆਣਾ (ਇਹ ਗੀਤ ਦਿਲਸ਼ਾਦ ਅਖ਼ਤਰ ਨੇ ਵੀ
ਗਾਇਆ)
- ਛਾਪਾਂ–ਛੱਲੇ ਰੋਣ ਲੱਗ ਪਏ/135
ਕੈਸੇਟ ਦਾ ਨਾਂ : ਛਾਪਾਂ–ਛੱਲੇ ਰੋਣ ਲੱਗ ਪਏ, ਗਾਇਕ : ਭਗਵਾਨ ਹਾਂਸ,
ਸੰਗੀਤ : ਹਰੀਸ਼ ਮੰਗੋਲੀ, ਕੈਸੇਟ ਨਿਰਮਾਤਾ : ਹੀਰਾ ਕੈਸਟਸ, ਸੰਗਰੂਰ
- ਜੇ ਰਾਂਝੇ ਰੋਂਦੇ ਨੇ–ਇੱਕ/136
ਕੈਸੇਟ ਦਾ ਨਾਂ : ਖ਼ਬਰਾਂ ਮੇਰੀ ਮੌਤ ਦੀਆਂ, ਗਾਇਕ : ਨਿਰਮਲ ਸਿੱਧੂ,
ਕੈਸੇਟ ਨਿਰਮਾਤਾ : ਆਰਸੀ, ਲੁਧਿਆਣਾ
- ਮੈਂ ਹੋ ਗੀ ਰਾਂਝਣ ਦੀ/138
ਕੈਸੇਟ ਦਾ ਨਾਂ : ਫੇਰ ਤੇਰਾ ਕੀ ਬਣਦਾ, ਗਾਇਕਾ : ਸੁੱਖੀ ਬਰਾੜ
ਸੰਗੀਤ : ਕੰਵਰ ਇਕਬਾਲ–ਸੁਰਿੰਦਰ ਬਚਨ, ਕੈਸੇਟ ਨਿਰਮਾਤਾ :
ਟੀ. ਸੀਰੀਜ਼, ਮੁੰਬਈ –ਦਿੱਲੀ
- ਦਿਲ ’ਚੋਂ ਉਡੀਕ ਨਾ ਮੁੱਕੀ/139
- ਲੜਿਆ ਨਾ ਕਰ ਨਣਦੇ/140
ਕੈਸੇਟ ਦਾ ਨਾਂ : ਗੋਰੇ ਰੰਗ ਦਾ ਪਿਆ ਲਿਸ਼ਕਾਰਾ, ਗਾਇਕ : ਜੱਸੀ ਜਸਪਾਲ,
ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਟਿਪਸ, ਮੁੰਬਈ
- ਨੈਣਾਂ ਦੇ ਇਸ਼ਾਰੇ/142
- ਬਣ ਕੇ ਪਟੋਲ ਰੇਸ਼ਮੀ/143
- ਪੱਟ ’ਤੇ ਪਵਾਇਆ ਮੋਰ/144
ਕੈਸੇਟ ਦਾ ਨਾਂ : ਯਾਦਾਂ ਤੇਰੇ ਪਿਆਰ ਦੀਆਂ, ਗਾਇਕ : ਭਾਗ ਸਿੰਘ ਸੰਦਲ,
ਸੰਗੀਤਃ ਅਤੁਲ ਸ਼ਰਮਾ
- ਬੰਨ੍ਹ ਘੁੰਗਰੂ ਨੱਚਣ ਮੁਟਿਆਰਾਂ/145
ਕੈਸੇਟ ਦਾ ਨਾਂ : ਭੁੱਲੀ ਨਾ ਤੇਰੀ ਯਾਦ, ਗਾਇਕ : ਕਰਮਜੀਤ ਵਿਰਕ,
ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਸੁਮੇਲ, ਪਟਿਆਲਾ।
- ਢੋਲੀਆਂ ਦੇ ਢੋਲ ਵੱਜਦੇ/146
ਕੈਸੇਟ ਦਾ ਨਾਂ : ਤੇਰੇ ਵਿਆਹ ਦੀ ਐਲਬਮ, ਗਾਇਕ : ਮੇਜਰ ਮਹਿਰਮ,
ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਸੁਮੇਲ, ਪਟਿਆਲਾ
- ਤੂੰ ਮੇਰੀ ਉਹ ਬਣ ਗਈ/148
ਕੈਸੇਟ ਦਾ ਨਾਂ : ਦੱਸ ਮੇਰੀਏ ਮਾਸ਼ੂਕੇ, ਗਾਇਕ : ਜੱਸੀ ਜਸਪਾਲ,

ਸੰਗੀਤ : ਸੁਰਿੰਦਰ ਬਚਨ, ਕੈਸੇਟ ਨਿਰਮਾਤਾ : ਟੀ.ਪੀ.ਐੱਮ. ਲੁਧਿਆਣਾ
- ਕਾਤਲ ਸਾਡੇ ਹਾਸੇ ਦੇ/149
  ਕੈਸੇਟ ਦਾ ਨਾਂ : ਸੱਜਣਾਂ ਦੇ ਨੈਣ ਕੁਆਰੇ, ਗਾਇਕ : ਜੱਸੀ ਜਸਪਾਲ,
  ਸੰਗੀਤ : ਸੁਰਿੰਦਰ ਬਚਨ, ਨਿਰਮਾਤਾ : ਸੁਰ ਸੰਗਮ, ਚੰਡੀਗੜ੍ਹ
- ਦਿਲ ਫੜ੍ਹ ਕੇ/150
  ਕੈਸੇਟ ਦਾ ਨਾਂ : ਬੇਵਫ਼ਾਈ ਦਾ ਮੈਡਲ, ਗਾਇਕ : ਭਾਗ ਸਿੰਘ ਸੰਦਲ,
  ਸੰਗੀਤ : ਮਦਨ ਸ਼ੌਂਕੀ, ਕੈਸੇਟ ਨਿਰਮਾਤਾ : ਦਿਪਾਂਸ਼ੂ ਆਡੀਓ ਲਿੰਕਰਜ਼, ਪਟਿਆਲਾ
- ਤੇਰੇ ਬਿਨਾਂ/152
  ਗਾਇਕ : ਜਗਦੀਪ ਧਾਲੀਵਾਲ, ਕੈਸੇਟ ਦਾ ਨਾਂ : ਦਿਲ ਵਾਲੀ ਗੱਲ
  ਸੰਗੀਤ : ਸੰਤੋਸ਼ ਕਟਾਰੀਆ, ਕੈਸੇਟ ਨਿਰਮਾਤਾ : ਸ਼ਸ਼ੀ ਫ਼ਿਲਮਜ਼, ਚੰਡੀਗੜ੍ਹ
- ਤੇਰੀ ਮੇਰੀ ਗੱਲ/153
  ਕੈਸੇਟ ਦਾ ਨਾਂ : ਸ਼ੌਂਕੀਨ ਮੁੰਡੇ, ਗਾਇਕ : ਸੋਨੂੰ ਵਿਰਕ, ਸੰਗੀਤ : ਕੁਲਜੀਤ,
  ਕੈਸੇਟ ਨਿਰਮਾਤਾ, ਬੀ-ਸਟਾਰ ਆਡੀਓ, ਮੁਹਾਲੀ
- ਮਹਿੰਦੀ ਦੇ ਅੱਥਰੂ/154
- ਅੰਬਰੋਂ ਐਸੇ ਪਾਣੀ ਡੁੱਲ੍ਹੇ/155
- ਮੈਂ ਤਾਂ ਯਾਰੋ ਮੁਕ ਚੱਲਿਆ/156
- ਇਸ ਤਰ੍ਹਾਂ ਹੈ ਮੇਰੀ ਜ਼ਿੰਦਗੀ/157
- ਪਹਿਲੇ ਪਿਆਰ ਦਾ ਗੀਤ/158
- ਗੁੰਮੇ ਵਰ੍ਹੇ ਦੀ ਭਾਲ/159
- ਦਿਲ ਨੂੰ ਗੰਢ ਬੰਨ੍ਹ ਕੇ/160
- ਮਾਸੂਮ/161
- ਉਹ ਜਦ ਵੀ/162
- ਰੰਗ-ਬੇ-ਰੰਗ/163
- ਇਕ ਝੱਲ/164
- ਓਹਲੇ ਹੋਵੇਂ ਅੱਖੀਆਂ ਤੋਂ/165
- ਤੇਰੀ ਮੇਰੀ ਗੱਲ ਬਣਜੇ/166
- ਭੋਲੀ ਉਮਰਾ/167
- ਹੀਰ/168
- ਜਰਨੈਲੋ/169
  ਕੈਸੇਟ ਦਾ ਨਾਂ : ਸੋਹਣੀਏ ਤੇਰੇ ਬਿਨ, ਗਾਇਕ ਸਨਾਵਰ ਕੰਮੇਆਣਾ,
  ਸੰਗੀਤ : ਐੱਚ. ਗੁੱਡੂ, ਕੈਸੇਟ ਨਿਰਮਾਤਾ : ਅਮਰ ਆਡੀਓ, ਲੁਧਿਆਣਾ
- ਦਿਲ ਮੇਰਾ/170
- ਪਰਸ ਘੁੰਗਰੂਆਂ ਵਾਲਾ/171
  ਗਾਇਕ : ਐੱਸ. ਜੀ. ਸਾਹਿਲ (ਸੋਸ਼ਲ ਮੀਡੀਆ 'ਤੇ ਲੋਡਿਡ)
- ਸੁਰਮਾ/172
  ਗਾਇਕ : ਐੱਸ. ਜੀ. ਸਾਹਿਲ (ਸੋਸ਼ਲ ਮੀਡੀਆ 'ਤੇ ਲੋਡਿਡ)
- ਅਨਜੰਮੀ ਧੀ ਦੀ ਅਰਜੋਈ/173
- ਜੇ ਸੱਸ ਮਾਂ ਬਣ ਜੇ/174
- ਪਿੰਡ ਜਾ ਕੇ/175
- ਪਿੰਡ ਵੱਲੀਂ ਜਾਈਦਾ/176
- ਛੱਡ ਨਾ ਤੂੰ ਪੱਗ ਬੰਨ੍ਹਣੀ/177
- ਗੀਤ ਨਵਾਂ ਜ਼ਿੰਦਗੀ ਦਾ/178
- ਉਮਰਾਂ ਦੀ ਫੁਲਕਾਰੀ/179
- ਕਲਾਮ ਹੀਰ/180
- ਯੁੱਧ ਜਦੋਂ ਵੀ ਕਰਦੇ ਹਾਂ/181
- ਉਦਾਸੀ/182
- ਜ਼ਿੰਦਗੀ ਜੇਕਰ/183
- ਤੇਰੇ ਸ਼ਹਿਰ ਵਿਚ/184
- ਸਾਵਣ ਆ ਗਿਆ/185
- ਅੱਖਾਂ 'ਚੋਂ ਵਰ੍ਹਦਾ ਸਾਉਣ/186
- ਕੁਦਰਤ ਦਾ ਗੀਤ/187
- ਸੜੀਆਂ ਛਾਵਾਂ ਤੇ ਸ਼ਾਇਰ/188
- ਧਰਤੀ ਪੰਜ ਦਰਿਆਵਾਂ/190
  ਕੈਸੇਟ ਦਾ ਨਾਂ : ਧਰਤੀ ਪੰਜ ਦਰਿਆਵਾਂ ਦੀ, ਗਾਇਕ : ਦਿਲਸ਼ਾਦ ਅਖ਼ਤਰ,
  ਸੰਗੀਤ : ਪੰਡਿਤ ਸੋਮ ਨਾਥ, ਕੈਸੇਟ ਨਿਰਮਾਤ : ਕੋਹਲੀ ਬਠਿੰਡਾ।
  (ਇਹ ਗੀਤ ਮੁਹੰਮਦ ਸਦੀਕ ਤੇ ਨਿਰਮਲ ਸਿੱਧੂ ਨੇ ਵੀ ਰਿਕਾਰਡ ਕਰਵਾਇਆ ਹੈ)
- ਪੰਜਾਬ ਲਈ ਦੁਆ/192
- ਮਿੱਟੀ ਦਾ ਮੋਰ/194
  ਕੈਸੇਟ ਦਾ ਨਾਂ : ਵਿਛੋੜਾ ਦਿਲਸ਼ਾਦ ਦਾ (ਉਸ ਦੇ ਦੇਹਾਂਤ ਉਪਰੰਤ ਰਿਲੀਜ਼ ਹੋਈ),
  ਗਾਇਕ : ਦਿਲਸ਼ਾਦ ਅਖ਼ਤਰ, ਸੰਗੀਤ : ਅਤੁਲ ਸ਼ਰਮਾ, ਕੈਸੇਟ ਨਿਰਮਾਤਾ :
  ਪਾਇਲ, ਲੁਧਿਆਣਾ
- ਜਿੰਨਾ ਚਿਰ/195
- ਧਰਤੀ ਦੀ ਧੀ ਦੀ ਵੇਦਨਾ/196
- ਆਵੇ ਨੀ ਕੋਈ/197
- ਇਹ ਕਿਹੜੀ ਰੁੱਤ ਦਾ ਪਹਿਰਾ/198
- ਇਹ ਮੇਰਾ ਗੀਤ/199
- ਦੀਵੇ ਨੂੰ/200
- ਤੇਰਾ ਪਿੰਡ ਮੇਰਾ ਪਿੰਡ/201
- ਤੇਰਾ ਵਸਦਾ ਰਹੇ ਗਰਾਂ/202
- ਕਿਸ ਨਗਰੀ ਵਿੱਚ ਆਏ/203
- ਕਰਦੇ ਕਮਾਈਆਂ ਹਾਰੇ/205
- ਇਸ ਨਗਰੀ ਦਾ ਹਾਕਮ/206
- ਮੇਰੇ ਯਾਰੋ! ਗੀਤਕਾਰੋ!/207
- ਫੁੱਟਦੀ ਪਹੁ ਜਹੇ ਗੀਤ/208
- ਮਾਹੀ ਵੇ/209

- ਕੋਈ ਕੋਈ ਦੀਵਾ ਬਲੇ/211
- ਮੇਰਾ ਕੀ ਹੈ/212
- ਪੁੱਤ ਖਾਣੀ ਲਾਮ ਨਾ ਲੱਗੇ/213
- ਜਾਗ ਕਿਸਾਨਾ ਜਾਗ/214
- ਨਿੱਕੀ ਉਮਰੇ/215
- ਵੇ ਪ੍ਰਦੇਸੀਆ!/217
- ਇਹ ਕੇਹਾ ਹੈ ਹਾਦਸਾ/219
- ਛਣ ਛਣ ਛਣਕਣ ਵੰਗਾਂ/220
- ਰਹਿੰਦਾ ਉਦਾਸ ਹਾਂ/221
- ਕਿਹੜੇ ਇਸ਼ਕ ਦੀ ਕਿਹੜੀ ਕਹਾਣੀ/222
- ਪੱਥਰਾਂ ਦੇ ਕੋਲ/223
- ਸੁਣ ਵੇ ਪਿੱਪਲਾ/224
- ਉਹ ਨਹੀਂ ਮਿਲਿਆ/225
- ਚਾਰ ਕੋਸੇ ਹੰਝੂ ਦੋ/226
  ਕੈਸੇਟ ਦਾ ਨਾਂ : ਸੋਹਣੀਏਂ ਤੇਰੇ ਬਿਨ, ਗਾਇਕ : ਸਨਾਵਰ ਕੰਮੇਆਣਾ,
  ਸੰਗੀਤ : ਐੱਚ. ਗੁੱਡੂ, ਕੈਸੇਟ ਨਿਰਮਾਤਾ : ਅਮਰ ਆਡੀਓ,
  ਲੁਧਿਆਣਾ।
- ਸਾਡੇ ਨਾਲ ਮੁਹੱਬਤਾਂ ਪਾ ਕੇ/227
- ਮੁੜ ਸ਼ਹਿਰ ਸਾਡੇ ਆਈਂ/229
  ਗਾਇਕ : ਨਿਰਮਲ ਸਿੱਧੂ
- ਦਰਦ ਗੁੰਮੇ ਸੁਪਣੇ ਦਾ/231
- ਬੀਤੀ ਦੁਪਹਿਰ/232
- ਮੋਹ ਕੇ ਸਾਨੂੰ/233
  ਕੈਸੇਟ ਦਾ ਨਾਂ : ਧਰਤੀ ਪੰਜ ਦਰਿਆਵਾਂ ਦੀ, ਗਾਇਕ : ਦਿਲਸ਼ਾਦ ਅਖ਼ਤਰ,
  ਸੰਗੀਤ : ਪੰਡਿਤ ਸੋਮ ਨਾਥ, ਕੈਸੇਟ ਨਿਰਮਾਤਾ : ਕੋਹਲੀ, ਬਠਿੰਡਾ
- ਚੁੱਪ-ਚੁਪੀਤੇ/234
- ਦੋ ਪੰਛੀ/235
- ਮੁੜ ਆ ਵਤਨਾ ਨੂੰ/237
- ਮਹਿੰਦੀ/238
- ਮਹਿਕ ਵਿਹੂਣੀ ਰੁੱਤ/239
- ਲੋਹੜੀ ਵਾਲੀ ਰਾਤ/240
- ਵੇ ਸੱਜਣਾ!/241
- ਖੇਡਣ ਦੇ ਦਿਨ ਚਾਰ/243
- ਮੇਰੀਏ ਬਹਾਰੇ/244
- ਤੂੰ ਕਿਹੋ ਜਿਹਾ ਚੰਨ/246
- ਬਾਗ਼ੋਂ ਗਈ ਬਹਾਰ/247
- ਇਹਨਾਂ ਸੰਗ ਤੂੰ ਵੀ ਕਦੇ/248
- ਕਲੇਜੇ ਦਾ ਸੱਲ/249
- ਜੱਲਾਦ/250
- ਕੱਚਿਆ ਵੇ ਕੌਲਾਂ ਦਿਆ/252
- ਤੂੰ ਕਹਿੰਦੀ ਏਂ/254
- ਇਕੱਲੀ ਜਦ ਕਦੇ/255
- ਤੇਰੇ ਤੁਰ ਜਾਣ ਦੇ ਪਿਛੋਂ/256
- ਜੇ ਮੈਨੂੰ ਇੰਜ ਛੋੜੋਂਗੇ/257
- ਤੇਰਾ ਮਿਲਣਾ ਆਖਰੀ/258
- ਖ਼ੁਸ਼ੀਆਂ ਆ ਕੇ ਚਲੀਆਂ ਗਈਆਂ/259
- ਗਵਾਚੇ ਹੋਏ ਬੋਲ/260
- ਤੂੰ ਮੇਰੇ ਦਿਲ ਵਿਚ/261
- ਤੂੰ ਗੜਵਾ/262
  ਕੈਸੇਟ ਦਾ ਨਾਂ : ਨੱਚਣਾ ਸਖ਼ਤ ਮਨ੍ਹਾਂ ਹੈ, ਗਾਇਕ : ਸਰਦੂਲ ਸਿਕੰਦਰ,
  ਸੰਗੀਤ : ਚਰਨਜੀਤ ਆਹੂਜਾ, ਕੈਸੇਟ ਨਿਰਮਾਤਾ : ਟੀ. ਸੀਰੀਜ਼ ਦਿੱਲੀ
- ਜਿਥੇ ਆ ਕੇ/263

# ਮੈਂ ਤੇ ਮੇਰੀ ਗੀਤਕਾਰੀ

ਮੇਰਾ ਜਨਮ 13 ਅਪ੍ਰੈਲ, 1959 ਨੂੰ ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡ ਕੰਮੇਆਣਾ ਵਿਖੇ ਸ. ਬਚਿੱਤਰ ਸਿੰਘ ਰੋਮਾਣਾ ਅਤੇ ਸਰਦਾਰਨੀ ਬਸੰਤ ਕੌਰ ਦੇ ਗ੍ਰਹਿ ਵਿਖੇ ਇਕ ਦਰਮਿਆਨੇ ਕਿਸਾਨ ਪਰਿਵਾਰ ਵਿਚ ਹੋਇਆ।

ਮੈਂ ਕਾਵਿ ਦੀਆਂ ਲਗ ਭਗ ਸਾਰੀਆਂ ਵਿਧਾਵਾਂ ਤੋਂ ਇਲਾਵਾ ਸਾਹਿਤ ਦੀਆਂ ਵੀ ਲਗ ਭਗ ਸਾਰੀਆਂ ਵਿਧਾਵਾਂ ਵਿਚ ਹੀ ਲਿਖਿਆ ਹੈ ਪਰ ਗੀਤਕਾਰੀ ਮੇਰਾ ਪਹਿਲਾ ਪਿਆਰ ਹੈ। ਪ੍ਰਾਇਮਰੀ ਸਕੂਲ 'ਚ ਪੜ੍ਹਦਿਆਂ ਹੀ ਮੈਂ ਗੀਤ ਲਿਖਣ ਤੇ ਗਾਉਣ ਲੱਗ ਪਿਆ ਸੀ। ਮੇਰੇ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਹਰ ਸ਼ਨਿੱਚਰਵਾਰ ਨੂੰ ਹੋਣ ਵਾਲੀ ਬਾਲ-ਸਭਾ ਵਿਚ ਮੈਂ ਕੋਈ ਨਾ ਕੋਈ ਗੀਤ ਲਿਖ ਕੇ ਤਰੰਨਮ ਵਿਚ ਸੁਣਾਉਂਦਾ ਸੀ। ਸਾਡੇ ਸਕੂਲ ਵਿਚ ਸਾਰੀਆਂ ਲੇਡੀ ਅਧਿਆਪਕਾਵਾਂ ਸਨ। ਉਨ੍ਹਾਂ ਵੱਲੋਂ ਮੇਰੇ ਤੋਤਲੇ ਗੀਤਾਂ ਦੀ ਕੀਤੀ ਪ੍ਰਸੰਸਾ ਮੈਨੂੰ ਹੋਰ ਗੀਤ ਲਿਖਣ ਲਈ ਉਤਸ਼ਾਹਿਤ ਕਰਦੀ। ਪ੍ਰਾਇਮਰੀ 'ਚ ਪੜ੍ਹਦਿਆਂ ਲਿਖੇ ਗੀਤਾਂ ਵਿਚੋਂ, ਦੋ ਗੀਤਾਂ ਦੇ ਮੁੱਖੜੇ ਮੈਨੂੰ ਯਾਦ ਆ ਰਹੇ ਹਨ; ਪਹਿਲੇ ਗੀਤ ਦਾ ਮੁੱਖੜਾ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਹੈ ਜੋ ਕਿ ਸੱਪ ਵੱਲੋਂ ਗੁਰੂ ਜੀ ਦੇ ਸੀਸ ਉਤੇ ਛਾਂ ਕਰਨ ਵਾਲੇ ਪ੍ਰਸੰਗ ਨਾਲ ਸਬੰਧਤ ਹੈ :-

*ਸਿੱਟਿਆਂ 'ਤੇ ਆਈ ਹੋਈ*
*ਫ਼ਸਲ ਉਜਾੜਤੀ।*
*ਦੁਨੀਆ ਦੇ ਰਾਖੇ*
*ਖੇਤੀ ਮੱਝੀਆਂ ਨੂੰ ਚਾਰਤੀ।*

ਦੂਜੇ ਗੀਤ ਦਾ ਮੁੱਖੜਾ ਉਸ ਸਮੇਂ ਸੰਨ (1966-67) ਨਵੇਂ ਨਵੇਂ ਆਏ ਹਰੇ ਇਨਕਲਾਬ ਅਤੇ ਕਿਸਾਨੀ ਜੀਵਨ ਨਾਲ ਸਬੰਧਤ ਹੈ :-

*ਤੜਕੇ ਉੱਠਕੇ ਹਲ ਤੂੰ ਜੋੜਦਾ*
*ਹੱਥ ਵਿਚ ਫੜ੍ਹੇਂ ਪਰਾਣੀ।*
*ਵੇ ਤੇਰੀ ਬੰਬੀ ਦਾ*
*ਚਾਂਦੀ ਵਰਗਾ ਪਾਣੀ।*

ਜੇ ਮੈਂ ਆਪਣੇ ਬਾਰੇ ਇੰਜ ਕਹਿਦਿਆਂ ਕਿ ਮੈਂ ਜਦੋਂ ਦਾ ਬੋਲਣਾ ਸਿੱਖਿਆ ਹੈ ਉਦੋਂ ਤੋਂ ਹੀ ਗੀਤ ਗੁਣ-ਗੁਣਾ ਰਿਹਾ ਹਾਂ ਤੇ ਜਦੋਂ ਦੀ ਗੁਰਮੁਖੀ ਲਿੱਪੀ ਵਿਚ ਮਾਂ ਬੋਲੀ ਪੰਜਾਬੀ ਲਿਖਣੀ ਸਿੱਖੀ ਹੈ, ਮੈਂ ਗੀਤ ਲਿਖ ਰਿਹਾ ਹਾਂ ਤਾਂ ਸ਼ਾਇਦ ਇਹ ਕੋਈ ਅਤਿ-ਕਥਨੀ ਨਹੀਂ ਹੋਵੇਗੀ।

ਸੰਨ 1976 ਵਿਚ ਮੈਂ ਮੈਟ੍ਰਿਕ ਦੀ ਪ੍ਰੀਖਿਆ ਪਾਸ ਕੀਤੀ ਤੇ ਇਸ ਉਪਰੰਤ ਗਿਆਨੀ। ਗਿਆਨੀ ਵਿਚ ਪੜ੍ਹਦਿਆਂ ਪੰਜਾਬੀ ਸਾਹਿਤ ਦਾ ਅਧਿਐਨ ਕਰਨ ਦਾ ਜੋ ਮੌਕਾ ਮਿਲਿਆ,



ਉਸ ਨੇ ਮੇਰੀ ਸਾਹਿਤਕ ਸੂਝ ਨੂੰ ਪ੍ਰਪੱਕ ਕਰਨ ਵਿਚ ਮੁੱਢਲਾ ਯੋਗਦਾਨ ਪਾਇਆ। ਇਸ ਸਮੇਂ ਮੇਰੀ ਚੜ੍ਹਦੀ ਜਵਾਨੀ ਮੁਹੱਬਤ ਦੇ ਉਸ ਸੁੱਚੇ ਦੌਰ ਵਿਚੋਂ ਵੀ ਗੁਜ਼ਰੀ, ਜਦੋਂ ਕਿਸੇ ਇਕ ਚਿਹਰੇ ਦਾ ਅਕਾਰ ਸਾਰੇ ਦੀ ਸਾਰੀ ਕਾਇਨਾਤ ਉਤੇ ਫੈਲ ਜਾਂਦਾ ਹੈ :-

*ਜੋਗੀਆਂ ਦੇ ਕੰਨਾਂ ਵਿਚ ਕੱਚ ਦੀਆਂ ਮੁੰਦਰਾਂ*
*ਮੁੰਦਰਾਂ ਦੇ ਵਿਚੋਂ ਤੇਰਾ ਮੂੰਹ ਦਿਸਦਾ।*
*ਵੇ ਮੈਂ ਜਿਹੜੇ ਪਾਸੇ ਵੇਖਾਂ*
*ਮੈਨੂੰ ਤੂੰ ਦਿਸਦਾ।* (ਲੋਕ ਗੀਤ)

ਇਸ ਦੌਰ ਵਿਚ ਲਿਖੇ ਗਏ ਮੇਰੇ ਗੀਤ, ਕਵਿਤਾਵਾਂ ਦੀ ਪਲੇਠੀ ਪੁਸਤਕ 'ਸੂਲਾਂ ਵਿੰਨ੍ਹੇ ਫੁੱਲ' ਜਨਵਰੀ, 1978 ਵਿਚ ਛਪ ਕੇ ਸਾਹਮਣੇ ਆਈ। ਇਸ ਪੁਸਤਕ ਦਾ ਪਹਿਲਾ ਗੀਤ ਇੰਜ ਸ਼ੁਰੂ ਹੁੰਦਾ ਹੈ :-

*ਨਿੱਕੀ ਉਮਰੇ ਮੇਰੇ ਨੈਣੀ*
*ਨਕਸ਼ ਕਿਸੇ ਦੇ ਚੜ੍ਹ ਗਏ,*
*ਸੱਚ ਪੁੱਛੋਂ ਤਾਂ ਉਹਨਾਂ ਨਕਸ਼ਾਂ*
*ਮੈਨੂੰ ਸ਼ਾਇਰ ਬਣਾਇਆ।*

•

ਸੰਨ 1981 ਦੇ ਸ਼ੁਰੂ ਵਿਚ ਜਦੋਂ ਮੇਰਾ ਤੇ ਦਿਲਸ਼ਾਦ ਅਖ਼ਤਰ ਦਾ ਮੇਲ ਹੋਇਆ ਤਾਂ ਇਹ ਪੰਜਾਬੀ ਗਾਇਕੀ-ਗੀਤਕਾਰੀ ਦੀ ਇਕ ਇਤਿਹਾਸਕ ਘਟਨਾ ਹੋ ਨਿਬੜਿਆ। ਮਰਹੂਮ ਦਿਲਸ਼ਾਦ ਖ਼ਾਨਦਾਨੀ ਗਾਇਕ ਘਰਾਣੇ ਨਾਲ ਸਬੰਧਤ ਸੀ। ਉਸ ਦੌਰ ਵਿਚ, ਉਸ ਵਰਗਾ ਪ੍ਰਤਿਭਾਸਾਲੀ ਅਤੇ ਬੁਲੰਦ ਆਵਾਜ਼ ਦਾ ਮਾਲਕ ਕੋਈ ਹੋਰ ਗਾਇਕ ਮੈਨੂੰ ਇਸ ਕਰਕੇ ਨਜ਼ਰੀਂ ਨਹੀਂ ਆਉਂਦਾ ਕਿਉਂਕਿ ਉਸ ਨੇ ਮੇਰੇ ਨਾਲ ਸੁਚੇਤ ਤੌਰ 'ਤੇ ਵਾਅਦਾ ਕੀਤਾ ਸੀ ਕਿ ਮੈਂ ਸਦਾ ਸਾਹਿਤਕ ਦਿੱਖ ਵਾਲੇ ਤੇ ਉਸਾਰੂ ਗੀਤ ਹੀ ਗਾਵਾਂਗਾ। ਉਸ ਦੌਰ ਵਿਚ ਪੰਜਾਬੀ ਗਾਇਕੀ ਵਿਚ ਕਾਫੀ ਗੰਧਲਾਪਣ ਆ ਗਿਆ ਸੀ। ਜਿੱਥੇ ਦੋ ਚਾਰ ਗਾਇਕ ਕੁੱਝ ਚੰਗਾ ਗਾਉਣ ਦਾ ਯਤਨ ਕਰਦੇ ਵੀ ਨਜ਼ਰੀ ਪੈਂਦੇ ਸਨ (ਭਾਵੇਂ ਉਨ੍ਹਾਂ ਦੇ ਗੀਤਾਂ ਦਾ ਵਿਸ਼ਾ ਵਸਤੂ ਅਕਸਰ ਪ੍ਰੰਪਰਾਗਤ ਨੈਤਿਕ ਮੁੱਲ ਵਿਧਾਨ ਨੂੰ ਮੁੜ ਸਥਾਪਤ ਕਰਨ ਵਾਲਾ ਹੀ ਹੁੰਦਾ ਸੀ) ਉੱਥੇ ਜ਼ਿਆਦਾ ਪ੍ਰਚਲਿਤ ਗਾਇਕ ਆਪਣੇ ਅਖੌਤੀ ਗੀਤਾਂ ਰਾਹੀਂ ਔਰਤ-ਮਰਦ ਦੇ ਕੁਦਰਤੀ ਰਿਸ਼ਤੇ ਦੇ ਨੰਗੇਜ਼ ਦਾ ਖੁੱਲ੍ਹਾ ਪ੍ਰਗਟਾਅ ਕਰ ਰਹੇ ਸਨ। ਇਹਨਾਂ ਦੇ ਗੀਤ ਔਰਤ ਨੂੰ ਇਕ ਭੋਗਣ ਯੋਗ ਵਸਤੂ ਬਣਾ ਕੇ ਪੇਸ਼ ਕਰਦੇ ਸਨ ਜਾਂ ਬੇਵਫ਼ਾ, ਨਾਗਿਣ, ਸੱਪਣੀ ਦੇ ਰੂਪ ਵਿਚ ਚਿਤਰਦੇ ਸਨ। ਜੀਜਾ-ਸਾਲੀ, ਦਿਉਰ-ਭਰਜਾਈ ਵਰਗੇ ਰਿਸ਼ਤਿਆਂ ਨੂੰ ਵਿਭਚਾਰ ਦੀ ਪੁੱਠ ਦੇ ਕੇ ਪੇਸ਼ ਕੀਤਾ ਜਾਂਦਾ ਸੀ। ਅਜਿਹੇ ਗੀਤਕਾਰ ਅਤੇ ਗਾਇਕ ਛੜੇ ਜੇਠ ਦੇ ਵੀ ਹੱਥ ਧੋ ਕੇ ਮਗਰ ਪਏ ਹੋਏ ਸਨ। ਮੇਰੇ ਮਨ ਵਿਚ ਆਇਆ ਕਿ ਇਸ ਗਾਇਕੀ-ਗੀਤਕਾਰੀ ਦੀ ਕੇਵਲ ਨਿੰਦਿਆ ਕਰਨ ਦੀ ਥਾਂ ਇਸ ਦਾ ਕੋਈ ਬਦਲ ਪੇਸ਼ ਕਰਨਾ ਚਾਹੀਦਾ ਹੈ। ਦਿਲਸ਼ਾਦ ਨਾਲ ਮੇਰੇ ਮਿਲਾਪ ਨੇ ਮੇਰੇ ਜਜ਼ਬੇ ਨੂੰ ਹੋਰ ਵੀ ਬਲ ਬਖਸ਼ਿਆ। ਮੇਰੇ ਤੇ ਦਿਲਸ਼ਾਦ ਦੇ ਪਲੇਠੇ ਯਤਨ ਵਜੋਂ ਸਾਡੀ ਪਲੇਠੀ ਆਡੀਓ ਕੈਸਿਟ 'ਧਰਤੀ ਪੰਜ ਦਰਿਅਵਾਂ ਦੀ' ਪੰਜਾਬੀ ਸਰੋਤਿਆਂ ਸਾਹਮਣੇ ਆਈ। ਇਸ ਦੇ ਟਾਇਟਲ ਗੀਤ ਦੇ ਕੁੱਝ ਬੋਲ ਤੁਹਾਡੇ ਨਾਲ

ਸਾਂਝੇ ਕਰਦਾ ਹਾਂ :-

*ਸੋਹਣੀ ਧਰਤੀ ਪੰਜ ਦਰਿਆਵਾਂ ਦੀ*

*ਜਦ ਕਾਗ ਬਨੇਰੇ ਬੋਲਦਾ ਏ।*
*ਕਿਸੇ ਬਿਰਹਣ ਦਾ ਚਿੱਤ ਡੋਲਦਾ ਏ।*
*ਉਹਨੂੰ ਚੇਤਾ ਆਉਂਦਾ ਢੋਲ ਦਾ ਏ।*
*ਲੱਜ ਰੱਖਦੀਆਂ ਕੁੜੀਆਂ ਲਾਵਾਂ ਦੀ*

*ਇਹ ਧਰਤੀ ਦੁੱਲੇ ਭੱਟੀ ਦੀ।*
*ਲੱਜ ਰੱਖਦੀ ਏ ਪੱਗ ਵੱਟੀ ਦੀ।*
*ਭੱਤਾ ਲੈ ਕੇ ਚੱਲੀ ਜੱਟੀ ਦੀ।*
*ਹਿੰਦੂ ਮੁਸਲਿਮ ਸਿੱਖ ਭਰਾਵਾਂ ਦੀ।*

*ਇਹ ਜਦ ਆਪਣੀ ਆਈ ਤੇ ਆਉਂਦੀ ਏ।*
*ਤਖ਼ਤਾਂ ਸੰਗ ਜਾ ਟਕਰਾਉਂਦੀ ਏ।*
*ਨੀਹਾਂ ਵਿਚ ਲਾਲ ਚਨਾਉਂਦੀ ਏ।*
*ਸਰਬੱਤ ਲਈ ਨੇਕ ਦੁਆਵਾਂ ਦੀ।*

ਮੈਂ 1980 ਈ. ਵਿਚ ਜਦ ਪਾਪੂਲਰ ਗਾਇਕੀ/ਗੀਤਕਾਰੀ ਨਾਲ ਵਾਬਾਸਤਾ ਹੋਇਆ, ਉਦੋਂ ਤਵਿਆਂ (ਡਿਸਕ) ਦਾ ਦੌਰ ਖ਼ਤਮ ਹੋ ਰਿਹਾ ਸੀ ਤੇ ਕੈਸੇਟ ਦਾ ਚਲਣ ਸ਼ੁਰੂ ਹੋ ਰਿਹਾ ਸੀ। ਥਾਂ ਥਾਂ ਨਵੀਆਂ ਕੈਸੇਟ ਕੰਪਨੀਆਂ ਖੁੱਲ੍ਹ ਰਹੀਆਂ ਸਨ ਤੇ ਨਵੇਂ ਗਾਇਕ ਤੇ ਗੀਤਕਾਰ ਸਾਹਮਣੇ ਆ ਰਹੇ ਸਨ।

ਸਾਡੇ ਇਸ ਕੈਸੇਟ ਰਾਹੀਂ ਕੀਤੇ ਪਲੇਠੇ ਯਤਨ ਨੂੰ ਪੰਜਾਬੀ ਸਰੋਤਿਆਂ ਨੇ ਜੀਅ ਭਰਕੇ ਸਲਾਹਿਆ ਤੇ ਇਥੋਂ ਹੀ ਸਾਹਿਤਕ ਪਰ ਅਤਿ ਬੌਧਿਕ ਸ਼ਬਦਾਵਲੀ ਤੋਂ ਮੁਕਤ ਆਮ ਵਿਅਕਤੀ ਦੀ ਸਮਝ ਵਿਚ ਆਉਣ ਵਾਲੇ ਗੀਤਾਂ ਅਤੇ ਪ੍ਰਪੱਕ ਗਾਇਕੀ ਦੇ ਸੁਮੇਲ ਦਾ ਸਿਲਸਿਲਾ ਸ਼ੁਰੂ ਹੋਇਆ। ਬਾਅਦ ਵਿਚ ਕਈ ਹੋਰ ਗੀਤਕਾਰ ਵੀ ਇਸ ਰਾਹ ਦੇ ਪਾਂਧੀ ਬਣੇ। (ਮੇਰੇ ਬਹੁਤੇ ਰਿਕਾਰਡਡ ਗੀਤ ਯੂ-ਟਿਊਬ ਲੋਡਿਡ ਹਨ ਤੇ ਗੂਗਲ ਤੋਂ ਵੀ ਡਾਊਨਲੋਡ ਕੀਤੇ ਜਾ ਸਕਦੇ ਹਨ, ਧਰਮ ਕੰਮੇਆਣਾ ਸਰਚ ਕਰੋ)

•

ਉਸਾਰੂ ਗਾਇਕੀ-ਗੀਤਕਾਰੀ ਦੇ ਪਸਾਰ ਲਈ ਮੈਂ ਪਿਛਲੇ 45 ਸਾਲਾਂ ਤੋਂ ਕਾਰਜਸ਼ੀਲ ਹਾਂ। ਮੇਰੀ ਖੁਸ਼ਕਿਸਮਤੀ ਹੈ ਕਿ ਪੰਜਾਬੀ ਦੇ ਲਗ ਭਗ ਸਾਰੇ ਹੀ ਪ੍ਰਸਿੱਧ ਗਾਇਕ-ਗਾਇਕਾਵਾਂ ਨੇ ਮੇਰੇ ਗੀਤਾਂ ਨੂੰ ਆਪਣੀ ਆਵਾਜ਼ ਦਿੱਤੀ ਹੈ। ਫਿਲਮਾਂ ਅਤੇ ਟੀ.ਵੀ. ਸੀਰੀਅਲਾਂ ਵਿਚ ਬਾਲੀਵੁੱਡ ਦੇ ਮਸ਼ਹੂਰ ਫ਼ਨਕਾਰਾਂ ਵਲੋਂ ਮੇਰੇ ਗੀਤ ਰਿਕਾਰਡ ਕਰਵਾਏ ਗਏ ਹਨ। ਹਾਂ ਇਹ ਗੱਲ ਵੱਖਰੀ ਹੈ ਕਿ ਮੈਂ ਆਪਣੇ ਗਾਇਕੀ ਦੇ ਸ਼ੌਕ ਨੂੰ, ਖ਼ੁਦ ਪ੍ਰੋਫੈਸ਼ਨਲ ਗਾਇਕ ਨਾ ਬਣ ਕੇ, ਰੇਡੀਓ, ਟੀ.ਵੀ. ਜਾਂ ਕਵੀ-ਦਰਬਾਰਾਂ ਵਿਚ ਤਰੰਨਮ



ਵਿਚ ਗੀਤ ਗਾਉਣ ਤਕ ਹੀ ਸੀਮਤ ਰੱਖਿਆ ਹੈ। ਪਰ ਖ਼ੁਦ ਗਾਉਣ ਦਾ ਇਕ ਫਾਇਦਾ ਜ਼ਰੂਰ ਹੋਇਆ ਹੈ ਕਿ ਮੇਰਾ ਹਰੇਕ ਗੀਤ ਸੁਰਤਾਲ ਅਨੁਸਾਰ ਕਿਸੇ ਨਾ ਕਿਸੇ ਰਾਗ ਵਿਚ (ਰਾਗ ਦੀ ਚੋਣ ਗੀਤ ਦੇ ਵਿਸ਼ੇ ਅਨੁਸਾਰ ਕੀਤੀ ਜਾਂਦੀ ਹੈ) ਸੁਰਬੱਧ ਹੋ ਸਕਦਾ ਹੈ।

ਆਪਣੇ ਹੁਣ ਤੱਕ ਦੇ 45 ਕੁ ਸਾਲਾਂ ਦੇ ਸਾਹਿਤਕ ਸਫ਼ਰ ਵਿਚ ਜਿੱਥੇ ਮੈਂ ਆਪਣੇ ਕਾਵਿ-ਸੰਗ੍ਰਹਿ, ਕਾਵਿ-ਨਾਟ, ਨਾਵਲ, ਸਵੈ-ਜੀਵਨੀ ਬਾਲ-ਸਾਹਿਤ ਆਦਿ ਪੁਸਤਕ ਰੂਪ ਵਿਚ ਛਪਵਾਏ, ਉਥੇ ਜੁਝਾਰੂ ਭਾਵਾਂ ਨੂੰ ਪ੍ਰਗਟਾਉਂਦਾ ਇਕ ਗੀਤ-ਸੰਗ੍ਰਹਿ 'ਜਾਗ ਕਿਸਾਨਾ ਜਾਗ' ਵੀ ਸੰਨ 1990 ਵਿਚ ਪ੍ਰਕਾਸ਼ਿਤ ਕੀਤਾ ਸੀ। ਇਸ ਸੰਗ੍ਰਹਿ ਵਿਚ ਮੇਰੇ 25-30 ਕੁ ਗੀਤ ਸ਼ਾਮਲ ਹਨ। ਪਿੱਛੋਂ 'ਕੋਈ ਕੋਈ ਦੀਵਾ ਬਲੇ' ਗੀਤ ਸੰਗ੍ਰਹਿ ਵੀ ਪ੍ਰਕਾਸ਼ਿਤ ਹੋਇਆ ਪਰ ਮੇਰੇ ਬਹੁਤ ਸਾਰੇ ਰਿਕਾਰਡ ਹੋਏ ਅਤੇ ਰਿਕਾਰਡ ਹੋਣ ਯੋਗ ਗੀਤ ਲੰਬੇ ਸਮੇਂ ਤੋਂ ਪੁਸਤਕ ਰੂਪ ਵਿਚ ਆਉਣ ਦੀ ਉਡੀਕ ਕਰਦੇ ਰਹੇ ਹਨ।

ਪੰਜਾਬੀ ਸਾਹਿਤ ਦੇ ਬਾਬਾ ਬੋਹੜ ਪ੍ਰਿੰਸੀਪਲ ਸੰਤ ਸਿੰਘ ਸੇਖੋਂ (ਮਰਹੂਮ) ਕਿਹਾ ਕਰਦੇ ਸਨ ਕਿ ਪੰਜਾਬੀਅਤ ਦੇ ਪ੍ਰਗਟਾਵੇ ਲਈ ਗੀਤ ਇਕ ਸਮਰੱਥ ਅਤੇ ਹੋਰਨਾਂ ਕਾਵਿ-ਰੂਪਾਂ ਤੋਂ ਵਧੇਰੇ ਯੋਗ ਮਾਧਿਅਮ ਹੈ। ਪਰ ਪਿਛਲੇ ਤਿੰਨ ਚਾਰ ਕੁ ਦਹਾਕਿਆਂ 'ਚ ਪ੍ਰਕਾਸ਼ਿਤ ਹੋਈਆਂ ਪੰਜਾਬੀ ਕਾਵਿ-ਪੁਸਤਕਾਂ ਵੱਲ ਨਿਗ੍ਹਾ ਮਾਰੀਏ ਤਾਂ ਸਾਡੇ ਵਧੇਰੇ ਸ਼ਾਇਰ ਖੁੱਲ੍ਹੀ ਕਵਿਤਾ ਜਾਂ ਗ਼ਜ਼ਲ ਲਿਖਣ ਵੱਲ ਅਗਸਰ ਨਜ਼ਰ ਆਉਂਦੇ ਹਨ। ਜੇ ਕੁਝ ਗੀਤ -ਸੰਗ੍ਰਹਿ ਪੁਸਤਕ ਰੂਪ ਵਿਚ ਸਾਹਮਣੇ ਵੀ ਆਏ ਹਨ ਤਾਂ ਉਹ ਵਧੇਰੇ ਕਰਕੇ ਸਾਹਿਤਕ ਖੇਤਰ ਤੋਂ ਬਾਹਰਲੇ ਪ੍ਰੋਫੈਸ਼ਨਲ ਗੀਤਕਾਰਾਂ ਦੁਆਰਾ ਪ੍ਰਕਾਸ਼ਿਤ ਕਰਵਾਏ ਗਏ ਹਨ। ਅਜਿਹੇ ਸੰਗ੍ਰਹਿ ਵਿਸ਼ੇ ਤੇ ਰੂਪ ਪੱਖੋਂ ਸਾਹਿਤਕ ਮਿਆਰਾਂ ਉਤੇ ਖ਼ਰੇ ਨਹੀਂ ਉਤਰਦੇ।

ਅਜੋਕੀ ਲੋਕ-ਪ੍ਰਚਲਿਤ ਗਾਇਕੀ ਤੇ ਗੀਤਕਾਰੀ ਵੀ ਵਧੇਰੇ ਕਰਕੇ ਅਕਲਾਤਮਕ ਅਤੇ ਗ਼ੈਰ-ਜ਼ਿੰਮੇਵਾਰੀ ਵਾਲੇ ਮਾਹੌਲ 'ਚੋਂ ਗੁਜ਼ਰ ਰਹੀ ਹੈ। ਬਸ ਆਟੇ 'ਚ ਲੂਣ ਬਰਾਬਰ ਕੁਝ ਕੁ ਸੂਝਵਾਨ ਗਾਇਕ ਤੇ ਗੀਤਕਾਰ ਹੀ ਉਸਾਰੂ ਸੋਚ ਦਾ ਪੱਲਾ ਫੜ੍ਹਦੇ ਨਜ਼ਰੀਂ ਪੈਂਦੇ ਹਨ। ਅਜਿਹੇ ਦੌਰ ਵਿਚ ਮੈਨੂੰ ਆਪਣੇ ਗੀਤਾਂ ਦਾ ਇਹ ਸੰਗ੍ਰਹਿ ਪ੍ਰਕਾਸ਼ਿਤ ਕਰਨਾ ਸਮੇਂ ਦੀ ਲੋੜ ਵਜੋਂ ਮਹਿਸੂਸ ਹੋ ਰਿਹਾ ਹੈ। ਜ਼ਿੰਦਗੀ ਦੇ ਵੱਖ-ਵੱਖ ਰੰਗਾਂ ਨੂੰ ਬਿਆਨਦੇ ਆਪਣੇ ਗੀਤਾਂ ਦਾ ਸੰਗ੍ਰਹਿ ਤੁਹਾਡੇ ਸਨਮੁੱਖ ਕਰ ਰਿਹਾ ਹਾਂ। ਇਹ ਸਾਰੇ ਗੀਤ ਜਾਂ ਤਾਂ ਪ੍ਰਸਿੱਧ ਗਾਇਕ/ਗਾਇਕਾਵਾਂ ਦੁਆਰਾ ਕੈਸੇਟਾਂ ਵਿਚ ਰਿਕਾਰਡ ਕਰਵਾਏ ਗਏ ਹਨ ਜਾਂ ਟੀ. ਵੀ./ ਰੇਡੀਓ ਉੱਪਰ ਟੈਲੀਕਾਸਟ/ਬ੍ਰਾਡਕਾਸਟ ਹੋਏ ਹਨ। ਗਾਇਕ ਸਟੇਜਾਂ ਉੱਪਰ ਵਿਦਿਆਰਥੀ ਸਭਿਆਚਾਰਕ ਮੁਕਾਬਲਿਆਂ ਵਿਚ ਇਨ੍ਹਾਂ ਗੀਤਾਂ ਨੂੰ ਅਕਸਰ ਹੀ ਗਾਉਂਦੇ ਵੇਖੇ/ਸੁਣੇ ਜਾ ਸਕਦੇ ਹਨ। ਉਮੀਦ ਹੈ ਕਿ ਮੇਰੇ ਯਤਨ ਨੂੰ ਤੁਹਾਡਾ ਹਾਂ-ਪੱਖੀ ਹੁੰਗਾਰਾ ਪ੍ਰਾਪਤ ਹੋਵੇਗਾ।

**ਧਰਮ ਸਿੰਘ ਕੰਮੇਆਣਾ**
ਐੱਫ-707, ਅਜ਼ਾਦ ਨਗਰ, ਪਟਿਆਲਾ

# ਅਜੀਤ-ਜੁਝਾਰ

ਅਜਿੱਤ ਹੈ ਅਜੀਤ ਸਿੰਘ, ਜੂਝਣਾ ਜੁਝਾਰ ਨੇ।
ਪੰਜ ਦਰਿਆਵਾਂ ਦੇ ਇਹ ਦੂਲੇ ਸਰਦਾਰ ਨੇ।

ਵੱਡੇ ਨੇ ਇਰਾਦੇ ਭਾਵੇਂ ਉਮਰਾਂ ਨੇ ਛੋਟੀਆਂ।
ਇਕੋ ਵਾਰ ਨਾਲ ਲਾਹ ਦਿੰਦੇ ਨੇ ਧੌਣਾਂ ਮੋਟੀਆਂ।
ਚੰਡੀ ਬਣ ਗੱਜਣਾ ਹੈ ਅੱਜ ਤਲਵਾਰ ਨੇ।

ਗੁਰੂ ਪਿਤਾ ਸੱਚ ਵਾਲੀ ਜਾਗ ਲਾਈ ਹੋਈ ਏ।
ਅਣਖਾਂ ਦੀ ਲੋਰੀ ਦਾਦੀ ਨੇ ਸੁਣਾਈ ਹੋਈ ਏ।
ਜ਼ਾਲਮਾਂ ਦੇ ਵੈਰੀ ਮਜ਼ਲੂਮਾਂ ਦੇ ਇਹ ਯਾਰ ਨੇ।

ਸੁਣ ਕੇ ਜੈਕਾਰਿਆਂ ਨੂੰ ਬਲ ਪੈਣਾ ਝੱਲ ਏ।
ਮੌਤ ਇਹਨਾਂ ਯੋਧਿਆਂ ਲਈ ਨਿੱਕੀ ਜਹੀ ਗੱਲ ਏ।
ਇਹਨਾਂ ਅੱਗੇ ਮੂਧੇ ਮੂੰਹ ਹੈ ਡਿੱਗਣਾ ਹੰਕਾਰ ਨੇ।

ਚਮਕੂ ਗੀ ਚਮਕੌਰ ਪੈਰ ਸੁੱਚੇ ਪੈਣ ਗੇ।
ਕੰਮੇਆਣਾ ਸ਼ਾਇਰ ਸਦਾ ਜਸ ਗਾਉਂਦੇ ਰਹਿਣ ਗੇ।
ਸੁੱਤੀ ਹੋਈ ਕੌਮ ਲਈ ਇਹ ਜਾਗਦੀ ਵੰਗਾਰ ਨੇ।



# ਅਸੀਂ ਉਮਰਾ ਗੁਜ਼ਾਰੀ

ਅਸੀਂ ਉਮਰਾਂ ਗੁਜ਼ਾਰੀ ਜਿਵੇਂ ਭੁਗਤੀ ਦੀ ਕੈਦ,
ਸਾਨੂੰ ਕਿਸੇ ਨਾ ਸੁਣਾਈਆਂ ਹਏ! ਪਿਆਰ ਦੀਆਂ ਗੱਲਾਂ।
ਇਸ ਸ਼ਗਨਾਂ ਦੇ ਰੱਤੇ ਚੂੜੇ ਪੀ ਲੀ ਰੱਤ ਸਾਡੀ,
ਸਾਨੂੰ ਭੁੱਲ ਗਈਆਂ ਹਾਰ ਤੇ ਸ਼ਿੰਗਾਰ ਦੀਆਂ ਗੱਲਾਂ।

ਸਾਡੇ ਵੈਰੀਆਂ ਨੇ ਸਾਡੇ ਨਾਲ ਖੇਡੇ ਹੱਥ ਕੰਡੇ।
ਸਾਡੇ ਰਾਹਾਂ 'ਚ ਖਿਲਾਰ ਦਿੱਤੇ ਭੱਖੜੇ ਦੇ ਕੰਡੇ।
ਉਹੋ ਰੁਕੀਆਂ ਵੀ ਨਹੀਂ, ਅਸੀਂ ਰੋਕ ਵੀ ਨਾ ਸਕੇ,
ਸਾਡੇ ਬੂਹਿਓਂ ਆ ਕੇ ਮੁੜੀਆਂ ਬਹਾਰ ਦੀਆਂ ਗੱਲਾਂ।
ਅਸੀਂ ਉਮਰਾਂ........

ਇਸ ਦੰਮਾ ਦਿਆਂ ਲੋਭੀਆਂ ਦੀ ਨਗਰੀ 'ਚ ਜੀਣਾ।
ਯਾਨੀ ਮੁਸ਼ਕੇ ਹੋਏ ਛੱਪੜਾਂ ਦੇ ਪਾਣੀਆਂ ਨੂੰ ਪੀਣਾ।
ਇਸ ਭੀੜ ਵਿਚ ਸਾਡਾ ਕੋਈ ਆਪਣਾ ਨਹੀਂ ਹੈ,
ਕੀਹਨੂੰ ਦੱਸਾਂ ਹਏ! ਦਿਲ ਦੇ ਲੰਗਾਰ ਦੀਆਂ ਗੱਲਾਂ।
ਅਸੀਂ ਉਮਰਾਂ........

ਸਾਨੂੰ ਭੁੱਲ ਗਏ ਨੇ ਹਾਸੇ ਅਤੇ ਰੋਣਾ ਵੀ ਨਾ ਆਏ।
ਅਸੀਂ ਪੱਥਰਾਂ ਜਹੇ ਜੇਰੇ ਕਰ ਵਕਤ ਲੰਘਾਏ।
ਮੱਲੋ ਮੱਲੀ ਕੈਦੋਂ ਸਮੇਂ ਦੇ ਨੇ ਗਲ ਜਿਹੜਾ ਪਾਇਆ,
ਜਿੰਦੇ ਕਰੀਏ ਕੀ ਕੰਡਿਆਂ ਦੇ ਹਾਰ ਦੀਆਂ ਗੱਲਾਂ।
ਅਸੀਂ ਉਮਰਾਂ........

# ਪਹਿਲੇ ਦਿਨ

ਡੁੱਬ ਜਾਣੀ ਪਹਿਲੇ ਦਿਨ ਕਾਲਜ 'ਚ ਆਈ,
ਹਾਣਦਿਆਂ ਮੁੰਡਿਆਂ 'ਚ ਮੱਚ ਗਈ ਦੁਹਾਈ,
ਕੀ ਕਰੀਏ ਸਿਫ਼ਤ ਅੰਗ-ਅੰਗ ਦੀ ?
ਦੂਰੋਂ ਆਉਂਦੀ ਜਾਪਦੀ ਏ ਦੀਵਿਆਂ ਦੀ ਡਾਰ
ਗੋਰਾ ਮੁੱਖ ਉਤੇ ਚੁੰਨੀ ਲਾਲ ਰੰਗ ਦੀ।

ਮੁੰਜਰਾਂ ਤੇ ਆਏ ਹੋਏ ਝੋਨੇ ਵਾਂਗੂੰ ਮਹਿਕਦਾ ਬਦਨ ਜੱਟੀ ਦਾ।
ਪਿੱਤਲ ਨੂੰ ਸੋਨਾ ਕਰੇ ਹੱਥ ਜਿੱਥੇ ਛੋਹ ਜੇ ਪਾਰਸ ਦੀ ਵੱਟੀ ਦਾ।
ਫੁੱਲ ਗੁਲਮੋਹਰ ਦੇ ਵੀ ਸੰਗ ਸੰਗ ਜਾਂਦੇ-
ਜਦੋਂ ਲੰਘਦੀ ਏ ਕੋਲ ਦੀ ਉਹ ਸੰਗਦੀ।
ਦੂਰੋਂ ਆਉਂਦੀ .....

ਅੱਜ ਜਿੱਥੇ ਕਿਤੇ ਵੇਖੋ ਹੋਣ ਉਸ ਦੇ ਹੀ ਰੂਪ ਦੀਆਂ ਗੱਲਾਂ ਦੋਸਤੋ।
ਕਹਿੰਦੇ ਤਾਰੂਆਂ ਨੂੰ ਡੋਬ ਕੇ ਨਾ ਤੁਰ ਜਾਣ ਰਾਵੀਂ ਦੀਆਂ ਛੱਲਾਂ ਦੋਸਤੋ।
ਨੈਣਾਂ ਵਿਚ ਸੁਰਮੇ ਦੀ ਧਾਰ ਕੋਈ ਕਟਾਰ-
ਮੋਈ ਖ਼ੂਨ ਕਿਸੇ ਫ਼ੱਕਰ ਦਾ ਮੰਗਦੀ।
ਦੂਰੋਂ ਆਉਂਦੀ .....

ਉਸ ਚੰਚਲ ਅੱਲ੍ਹੜ ਮੁਟਿਆਰ ਨੂੰ ਕੀ ਵੇਖ ਬੈਠਾ ਜੀਅ ਭਰ ਕੇ।
ਕਹਿੰਦੇ 'ਕੰਮੇਆਣਾ' ਉਸੇ ਵੇਲੇ ਬਹਿ ਗਿਆ ਕਲੇਜੇ ਉੱਤੇ ਹੱਥ ਧਰ ਕੇ।
ਤੇ ਉਹ ਕਹਿੰਦੀ ਡਰਦੀ ਹਾਂ ਟੁੱਟ ਪੈਣਾ ਸ਼ਾਇਰ-
ਐਵੇਂ ਡਾਰ ਨਾ ਬਣਾ ਦੇ ਕਿਤੇ ਖੰਭ ਦੀ।
ਦੂਰੋਂ ਆਉਂਦੀ .....



# ਮੈਥੋਂ ਦਿਲ ਮੰਗਦਾ

**ਮੁਟਿਆਰ :-**
ਦਿਲ, ਦਿਲ, ਮੈਥੋਂ ਦਿਲ ਮੰਗਦਾ।
ਪਿਆਰ, ਪਿਆਰ, ਮੈਥੋਂ ਪਿਆਰ ਮੰਗਦਾ।
ਮੈਥੋਂ ਦਿਲ ਮੰਗਦਾ,
ਮੈਥੋਂ ਪਿਆਰ ਮੰਗਦਾ,
ਮੈਥੋਂ ਸੱਭੇ ਕੁੱਝ ਸੋਹਣਾ ਜਿਹਾ ਯਾਰ ਮੰਗਦਾ।

**ਗੱਭਰੂ :-**
ਦਿਲ, ਦਿਲ, ਮੈਥੋਂ ਦਿਲ ਮੰਗਦੀ।
ਪਿਆਰ, ਪਿਆਰ ਮੈਥੋਂ ਪਿਆਰ ਮੰਗਦੀ।
ਮੈਥੋਂ ਦਿਲ ਮੰਗਦੀ,
ਮੈਥੋਂ ਪਿਆਰ ਮੰਗਦੀ,
ਮੈਥੋਂ ਸੱਭੇ ਕੁੱਝ ਇਕ ਮੁਟਿਆਰ ਮੰਗਦੀ।

**ਮੁਟਿਆਰ :-**
ਉਸ ਸੋਹਣੇ ਦੀ ਸਿਫ਼ਤ ਕੀ ਕੀ ਕਹੀਏ ਨੀ।
ਉਹਨੂੰ ਵੇਖੀਏ ਤਾਂ ਵੇਖਦੇ ਹੀ ਰਹੀਏ ਨੀ।
ਹੱਥ ਧਰ ਕੇ ਕਲੇਜੇ ਉਤੇ ਬਹੀਏ ਨੀ।
ਕੋਲੋਂ ਜਦੋਂ ਲੰਘੇ ਨਿੱਤ ਕਰੇ ਛੇੜ ਛਾੜ,
ਟੁੱਟ ਪੈਣਾ ਮੇਰੇ ਕੋਲੋਂ ਜਰਾ ਵੀ ਨਾ ਸੰਗਦਾ।
ਦਿਲ, ਦਿਲ .....................

**ਗੱਭਰੂ :-**
ਉਹੋ ਪੈੱਗ ਕਿਸੇ ਵਧੀਆ ਸ਼ਰਾਬ ਦਾ।
ਰੰਗ ਚੋਰੀ ਕਿਤੋਂ ਕੀਤਾ ਹੈ ਗੁਲਾਬ ਦਾ।
ਰੂਪ ਝੱਲਿਆ ਨਹੀਂ ਜਾਂਦਾ ਏ ਜਨਾਬ ਦਾ।
ਲੰਘਦੀ ਹੈ ਕੋਲ ਦੀ ਉਹ ਨਖ਼ਰੇ ਦਿਖਾ ਕੇ,
ਮਰ ਜਾਣੀ ਮੇਰੇ ਕੋਲੋਂ ਜ਼ਰਾ ਵੀ ਨਾ ਸੰਗਦੀ
ਦਿਲ, ਦਿਲ .....................

**ਮੁਟਿਆਰ :-** ਮੈਨੂੰ ਸੋਹਣੀ ਕਦੇ ਆਖਦਾ ਹੈ ਹੀਰ ਨੀ।
ਕਹਿੰਦਾ ਤੇਰੇ ਪਿੱਛੇ ਹੋਜੂੰਗਾ ਫ਼ਕੀਰ ਨੀ।
ਤੈਨੂੰ ਮਿਲੂੰਗਾ ਮੈਂ ਨਦੀਆਂ ਨੂੰ ਚੀਰ ਨੀ।
ਸੋਹਣੇ ਸੋਹਣੇ ਫੁੱਲਾਂ ਦਿਆਂ ਨਾਵਾਂ ਉੱਤੇ ਨਿੱਤ
ਭੈੜਾ ਰੱਖਦਾ ਏ ਨਾ ਮੇਰੇ ਅੰਗ ਅੰਗ ਦਾ।
ਦਿਲ, ਦਿਲ .....................

**ਗੱਭਰੂ :-** ਭਰੀ ਮੜਕਾਂ ਦੀ ਆਕੜਾਂ ਵਿਖਾਉਂਦੀ ਏ।
ਸਾਨੂੰ ਅੱਖ ਦੇ ਇਸ਼ਾਰੇ 'ਤੇ ਨਚਾਉਂਦੀ ਏ।
ਚਾਹੇ ਮਿਲਣਾ ਤੇ ਉਤੋਂ ਸ਼ਰਮਾਉਂਦੀ ਏ।
ਸਾਬਤੇ ਸਬੂਤਿਆਂ ਨੂੰ ਅੱਗ ਲਾਉਂਦੀ ਜਾਵੇ,
ਜਦੋਂ ਲੰਘਦੀ ਏ ਚੁੰਨੀ ਲੈ ਕੇ ਲਾਲ ਰੰਗ ਦੀ,।
ਦਿਲ, ਦਿਲ .....................



# ਤੂੰ ਗੜਵਾ ਮੈਂ ਤੇਰੀ ਡੋਰ - ਦੋ

ਤੇਰਾ ਮੇਰਾ ਝਗੜਾ ਹੈ ਹੋਰ ਮਾਹੀਆ!
ਵੇ ਤੂੰ ਗੜਵਾ ਤੇ ਮੈਂ ਤੇਰੀ ਡੋਰ ਮਾਹੀਆ!

ਮੇਰੇ ਜਹੀ ਚੰਨਾ ਤੈਨੂੰ ਹੋਰ ਨਹੀਓਂ ਲੱਭਣੀ।
ਲੱਭ ਵੀ ਜੇ ਗਈ ਚੰਨਾ ਜੋੜੀ ਨਹੀਓਂ ਫੱਬਣੀ।
ਲੱਭ ਜਾਸਣ ਲੱਖ ਹੋਰ ਮਾਹੀਆ !
ਵੇ ਤੂੰ ਗੜਵਾ ਤੇ ਮੈਂ...

ਥੋੜ੍ਹਾ ਜਿਹਾ ਹੋਇਆ ਭਲਾ ਏਨਾ ਕੀ ਗ਼ਰੂਰ ਵੇ!
ਬੋਲੇਂ ਨਾ ਬੁਲਾਇਆ ਸਗੋਂ ਜਾਵੇਂ ਦੂਰ ਦੂਰ ਵੇ!
ਵੇਖ ਅੰਬਰਾਂ 'ਤੇ ਘਟਾ ਘਨਘੋਰ ਮਾਹੀਆ!
ਵੇ ਤੂੰ ਗੜਵਾ ਤੇ ਮੈਂ...

ਬਣ ਗਿਆਂ ਚੰਨਾਂ ਕਾਹਤੋਂ ਪੱਥਰ ਦਾ ਬੁੱਤ ਵੇ!
ਮਾਰ ਦੇਊ ਸਾਨੂੰ ਤੇਰੀ ਵੱਢ ਖਾਣੀ ਚੁੱਪ ਵੇ!
ਦਿਲ ਨਾ ਤੂੰ ਤੱਤੜੀ ਦਾ ਤੋੜ ਮਾਹੀਆ!
ਵੇ ਤੂੰ ਗੜਵਾ ਤੇ ਮੈਂ...

ਕਰਦਾ ਹਾਂ ਪਿਆਰ ਤੈਨੂੰ ਬੋਲ ਮੂੰਹੋਂ ਢੋਲ ਵੇ!
ਤਰਸ ਗਈ ਹਾਂ ਤੇਰਾ ਸੁਣਨੇ ਨੂੰ ਬੋਲ ਵੇ!
ਉਂਜ ਤਾਂ ਬੜਾ ਹੈ ਏਥੇ ਸ਼ੋਰ ਮਾਹੀਆ!
ਵੇ ਤੂੰ ਗੜਵਾ ਤੇ ਮੈਂ...

# ਮਿੱਤਰਾਂ ਨੂੰ ਮੋਹ ਕੇ ਲੈ ਗਿਆ

ਤੇਰਾ ਚੁੰਨੀ ਦੇ ਪੱਲੇ ਦੇ ਓਹਲੇ ਹੱਸਣਾ
ਤੇ ਹੱਸ ਹੱਸ ਤੱਕਣਾ,
ਨੀ ਮਿੱਤਰਾਂ ਨੂੰ ਮੋਹ ਕੇ ਲੈ ਗਿਆ।

ਤੇਰੇ ਗੋਰਿਆਂ ਅੰਗਾਂ ਦਾ ਲਿਸ਼ਕਾਰਾ
ਨੀ ਸੁਲਫ਼ੇ ਦੀ ਲਾਟ ਵਰਗਾ।
ਤੇਰਾ ਮੇਲ ਮੈਨੂੰ ਜਾਪਦਾ ਕੋਈ ਹਾਦਸਾ
ਥਲਾਂ 'ਚ ਬਰਸਾਤ ਵਰਗਾ।
ਲਾਲ ਬੁੱਲ੍ਹੀਆਂ 'ਚ ਮਿੰਨਾ ਮਿੰਨਾ ਬੋਲਣਾ,
ਚੁਫ਼ੇਰੇ ਖੰਡ ਘੋਲਣਾ,
ਨੀ ਸਾਥੋਂ ਦਿਲ ਖੋਹ ਕੇ ਲੈ ਗਿਆ.
ਨੀ ਮਿੱਤਰਾਂ ਨੂੰ ........

ਤੇਰੀ ਸਾਦਗੀ ਨੇ ਮੋਹ ਲਿਆ ਮੈਨੂੰ
ਤੂੰ ਜਾਨ ਤੋਂ ਪਿਆਰੀ ਲੱਗਦੀ।
ਗੁੱਝੀ ਰਹੇ ਜਿਵੇਂ ਹੀਰ ਨਾ ਹਜ਼ਾਰ 'ਚੋਂ
ਤੂੰ ਜੱਗ ਤੋਂ ਨਿਆਰੀ ਲੱਗਦੀ।
ਕੱਲ੍ਹ ਲੰਘ ਗਈ ਤੂੰ ਕੋਲੋਂ ਵੱਟ ਚੁਪ ਨੀ,
ਹੋਇਆ ਸੀ ਬੜਾ ਦੁੱਖ ਨੀ,
ਮੈਂ ਵਿਚੋਂ ਵਿਚ ਰੋ ਕੇ ਰਹਿ ਗਿਆ.
ਨੀ ਮਿੱਤਰਾਂ ਨੂੰ ........



ਰਾਤੀਂ ਸੁਪਣੇ 'ਚ ਹੋ ਗੀ ਤੂੰ ਪਰਾਈ
ਮੈਂ ਜਾਗਿਆ ਸਾਂ ਹਉਕਾ ਭਰ ਕੇ।
ਵੇਖੀਂ ਕਿਧਰੇ ਗਵਾਚ ਨਾ ਜਾਈਂ
ਨੀ ਲੱਭਿਆ ਹੈ ਮਰ ਮਰ ਕੇ।
ਚੱਤੋ ਪਹਿਰ ਰਹੇ ਮੈਨੂੰ ਤੇਰਾ ਖ਼ਿਆਲ ਨੀ!
ਤੁਰੇਂ ਤੂੰ ਨਾਲ ਨਾਲ ਨੀ!
'ਧਰਮ' ਤੇਰਾ ਹੋ ਕੇ ਰਹਿ ਗਿਆ।
ਨੀ ਮਿੱਤਰਾਂ ਨੂੰ ........

# ਉਡੀਕਾਂ ਸਾਉਣ ਦੀਆਂ

ਤਪਦਾ ਏ ਅੰਗ ਅੰਗ ਅੱਗ ਵਾਂਗੂੰ,
ਕਰਾਂ ਮੈਂ ਉਡੀਕਾਂ ਸਾਉਣ ਦੀਆਂ।
ਕਰਨ ਉਡੀਕਾਂ ਬਲਦੇ ਬਿਰਖ ਜਿਉਂ,
ਮੀਂਹ ਵਿਚ ਭਿੱਜੀ ਪੌਣ ਦੀਆਂ।

ਲੰਘੀ ਮੈਂ ਬਗ਼ੀਚੇ ਕੋਲੋਂ ਧੜਕ ਰਿਹਾ ਦਿਲ ਮੇਰਾ।
ਫੁੱਲਾਂ ਨੂੰ ਛੱਡ ਭੌਰੇ ਮੈਨੂੰ ਪਾ ਕੇ ਬਹਿਗੇ ਘੇਰਾ।
ਟੁੱਟ ਪੈਣੇ ਕਹਿੰਦੇ ਸੁਣ ਨੀ ਅੜੀਏ!
ਉਮਰਾਂ ਨਹੀਂ ਸ਼ਰਮਾਉਣ ਦੀਆਂ।
ਤਪਦਾ ਏ.........

ਅੰਗਾਂ ਵਾਲੀ ਧੁੱਪ ਨੀ ਮੈਨੂੰ ਬੜਾ ਸਤਾਈ ਜਾਂਦੀ।
ਪਿਪਲੀ ਦੀ ਛਾਵੇਂ ਮਰਜਾਣੀ ਨਹੀਂ ਵਰਚਾਈ ਜਾਂਦੀ।
ਹੁਣ ਤਾਂ ਦਿਲਾਂ 'ਚੋਂ ਉੱਠਦੀਆਂ ਲਹਿਰਾਂ,
ਕੋਇਲ ਵਾਂਗੂੰ ਗਾਉਣ ਦੀਆਂ।
ਤਪਦਾ ਏ.........

ਕਦੇ ਕਦੇ ਸੁਪਣੇ ਵਿਚ ਹੱਥੀਂ ਮਹਿੰਦੀ ਲੱਗ ਜੇ ਮੇਰੇ।
ਧਰਮੀ ਬਾਬਲ ਕਾਜ ਰਚਾਇਆ ਪੰਡਿਤ ਪੜ੍ਹਦਾ ਫੇਰੇ।
ਕਰਦਾ ਨੀ ਕੋਈ ਕੋਲੇ ਬਹਿ ਕੇ
ਗੱਲਾਂ ਘੁੰਢ ਚੁਕਾਉਣ ਦੀਆਂ।
ਤਪਦਾ ਏ.........



# ਜਾਂਦੀ ਹੋਈ ਦਿਲ ਲੈ ਗਈ

ਇਕ ਕੁੜੀ ਆਈ ਸ਼ਹਿਰ 'ਚ ਪ੍ਰਾਹੁਣੀ।
ਮਹੀਂਵਾਲ ਦੀ ਸੋਹਣੀ ਦੇ ਨਾਲੋਂ ਸੋਹਣੀ।
ਜਦੋਂ ਜਾਣ ਲੱਗੀ ਜਾਂਦੀ ਹੋਈ ਦਿਲ ਲੈ ਗਈ ...........

ਕੋਲੋਂ ਲੰਘਦੀ ਸੀ ਪਾਸਾ ਜਿਹਾ ਮਰੋੜ ਕੇ
ਤੇ ਟੇਢਾ ਟੇਢਾ ਜਿਹਾ ਝਾਕਦੀ
ਉਹਦੀ ਖ਼ਚਰੀ ਜਹੀ ਚੁਪ ਮੈਨੂੰ ਜਾਪਦੀ
ਹਜ਼ਾਰ ਜਾਣੀਂ ਬਾਤਾਂ ਆਖਦੀ।
ਉਹਦੇ ਨੈਣ ਲੱਖਾਂ ਪਾਉਂਦੇ ਸੀ ਕਹਾਣੀਆਂ,
ਕਹਿੰਦੇ ਗੁੱਝੀਆਂ ਨਾ ਰਹਿੰਦੀਆਂ ਜਵਾਨੀਆਂ,
ਉਹ ਤੁਰ ਗਈ ਤੇ ਕੋਲ ਉਹਦੀ ਯਾਦ ਰਹਿ ਗਈ।
ਦਿਲ, ਦਿਲ ਮੇਰਾ ਦਿਲ ਲੈ ਗਈ ......

ਯਾਨੀ ਜਾਗਦਿਆਂ ਵੇਖਿਆ ਕੋਈ ਸੁਪਣਾ
ਹਏ! ਚੇਤਾ ਉਸਦੇ ਮਿਲਾਪ ਦਾ।
ਇਹਨਾਂ ਥਲਾਂ ਵਿਚੋਂ ਲੱਭਣਾ ਨਹੀਂ ਹੱਲ ਕੋਈ
ਮੈਨੂੰ ਸੱਸੀ ਦੀ ਪਿਆਸ ਦਾ।
ਕਹਿੰਦੀ ਸੁਪਣਾ ਸਮਝ ਭੁੱਲ ਜਾਈਂ,
ਐਵੇਂ ਰੋਗ ਨਾ ਹੱਡਾਂ ਨੂੰ ਕੋਈ ਲਾਈਂ,
ਯਾਰੋ ਜਾਂਦੀ ਜਾਂਦੀ ਮਰਜਾਣੀ ਮੈਨੂੰ ਕਹਿ ਗਈ ।
ਦਿਲ, ਦਿਲ ਮੇਰਾ ਦਿਲ ਲੈ ਗਈ ......

ਜਾਨ ਕੱਢ ਕੇ ਫ਼ੱਕਰ ਦੀ ਲੈ ਗਈ
ਉਹ ਜਾਣ ਵਾਲੀ ਗੱਲ ਕਰਕੇ।
ਉਹਦੇ ਰਾਹਾਂ ਵਿਚ 'ਕੰਮੇਆਣਾ' ਬਹਿ ਗਿਆ
ਮੱਥੇ ਦੇ ਉਤੇ ਹੱਥ ਧਰ ਕੇ।
ਮੰਨ ਜਾਂਦੀਏ ਹਵਾਏ ਮੇਰਾ ਕਹਿਣਾ,
ਜਾ ਕੇ ਉਸ ਬੇ-ਦਰਦ ਨੂੰ ਕਹਿਣਾ,
ਮੇਰੇ ਦਿਲ ਉਤੇ ਗ਼ਮ ਦੀ ਲਕੀਰ ਵਹਿ ਗਈ।
ਦਿਲ, ਦਿਲ ਮੇਰਾ ਦਿਲ ਲੈ ਗਈ .......



## ਨਿੱਕੀ ਜਿੰਦ ਨੂੰ ਮਾਮਲੇ ਭਾਰੇ

ਤਾਰੇ!
ਹੋ ਤਾਰੇ!!
ਨਿੱਕੀ ਜਿੰਦ ਨੂੰ ਮਾਮਲੇ ਭਾਰੇ।
ਵੇ ਅੱਖੀਆਂ ਦੇ ਵਣਜ ਬੁਰੇ,
ਹੰਝੂ ਮਿਲਦੇ ਮੁਨਾਫ਼ੇ ਵਿਚ ਖਾਰੇ।

ਪਾਣੀ!
ਹੋ ਪਾਣੀ!!
ਕਿੱਥੇ ਗਈ ਸੱਜਣਾ ਦੀ ਢਾਣੀ।
ਵੇ ਪੱਥਰਾਂ 'ਚੋਂ ਸਿੰਮੇ ਅੱਥਰੂ,
ਜਦੋਂ ਵਿੱਛੜੇ ਹਾਣ ਤੋਂ ਹਾਣੀ।

ਖਾਈ!
ਹੋ ਖਾਈ!!
ਘਟਾ ਗ਼ਮ ਦੀ ਦਿਲੇ 'ਤੇ ਛਾਈ।
ਵੇ ਚਿੱਠੀਆਂ ਦਾ ਰੁੱਗ ਆ ਗਿਆ,
ਤੇਰੇ ਆਉਣ ਦੀ ਚਿੱਠੀ ਨਾ ਆਈ।

ਫੀਤਾ!
ਹੋ ਫੀਤਾ!!
ਘੁੱਟ ਜਾਏ ਨਾ ਸਬਰ ਦਾ ਪੀਤਾ।
ਵੇ ਤੂੰ ਕਾਹਦਾ ਗਿਆ ਵੈਰੀਆ,
ਸਾਨੂੰ ਮਰਿਆਂ ਬਰੋਬਰ ਕੀਤਾ।

ਆਰੀ।!
ਹੋ ਆਰੀ!!
ਕਿਹੜੇ ਸਾਗਰੀਂ ਲਾ ਗਿਓਂ ਤਾਰੀ।
ਵੇ ਟੁੱਟ ਗਈ ਤੜੱਕ ਕਰਕੇ,
ਤੇਰੀ ਅੱਲੜ੍ਹ ਮਾਸ਼ੂਕਾ ਯਾਰੀ।

ਲੋਈ!
ਹੋ ਲੋਈ!!
ਤੇਰੇ ਬਾਝ ਨਾ 'ਧਰਮ' ਸਾਡਾ ਕੋਈ।
ਵੇ ਕੰਧਾਂ ਵਿਚ ਮਾਰ ਮੁੱਕੀਆਂ,
ਰਾਤੀਂ ਲੱਗ ਕੇ ਥੰਮਾਂ ਦੇ ਗਲ ਰੋਈ।

ਕਾਨੀ!
ਹੋ ਕਾਨੀ!!
ਸਾਡੀ ਕੱਖਾਂ ਵਾਂਗੂੰ ਰੋਲਤੀ ਜਵਾਨੀ।
ਵੇ ਅੱਥਰੂ ਪੂੰਝਣ ਨੂੰ,
ਦੇ ਕੇ ਤੁਰ ਗਿਓਂ ਰੁਮਾਲ ਨਿਸ਼ਾਨੀ।



# ਮੁੰਦਰੀ

ਚੁੰਮ ਚੁੰਮ ਲਾਵਾਂ ਨੀ ਮੈਂ ਹਿੱਕ ਨਾਲ ਮੁੰਦਰੀ।
ਉਹਨੇ ਅੱਜ ਭੇਜੀ ਨੀ ਰੁਮਾਲ ਨਾਲ ਮੁੰਦਰੀ।

ਵੰਡੋ ਨੀ, ਵੰਡੋ ਨੀ, ਸਾਰੇ ਪਿੰਡ ਤਾਈਂ ਵੰਡੋ,
ਵੰਡੋ ਭਰ ਭਰ ਥਾਲ ਪਤਾਸੇ ਨੀ!
ਡੋਲ੍ਹੋ ਨੀ, ਡੋਲੋ ਨੀ, ਇਕ ਦੂਜੀ ਦੇ ਪਿੰਡੇ 'ਤੇ ਡੋਲ੍ਹੋ
ਇਤਰਾਂ 'ਚ ਭਿੱਜੇ ਹੋਏ ਹਾਸੇ ਨੀ!
ਇਹੋ ਜਹੀ ਮੁੰਦਰੀ ਕੋਈ ਪਾਵੇ ਨੀ ਨਸੀਬਾਂ ਵਾਲਾ,
ਮਿਲਦੀ ਏ ਉਮਰਾਂ ਦੀ ਭਾਲ ਨਾਲ ਮੁੰਦਰੀ।
ਚੁੰਮ ਚੁੰਮ ਲਾਵਾਂ ਨੀ...........

ਵੇਖਾਂ ਜਦ ਮੁੰਦਰੀ ਤਾਂ ਸੰਗ-ਸੰਗ ਜਾਵਾਂ,
ਟੁੱਟ ਪੈਣਾ ਵਿੱਚੋਂ ਇਸ ਦਿਓਂ ਝਾਕੇ ਨੀ!
ਅੱਜ ਮੈਨੂੰ ਚੜ੍ਹਿਆ ਅਜ਼ੀਬ ਹੀ ਸਰੂਰ ਜਿਹਾ,
ਖਿੰਡੀ ਯਾਨੀ ਮਹਿਕ ਚਾਰੇ ਪਾਸੇ ਨੀ!
ਪੂਰੀ ਮੇਚ ਆਈ ਜਿਵੇਂ ਮੇਚ ਦੀ ਬਣਾਈ ਹੋਵੇ ,
ਉਂਗਲੀ 'ਚ ਪਾ ਲੀ ਨੀ ਖ਼ਿਆਲ ਨਾਲ ਮੁੰਦਰੀ।
ਚੁੰਮ ਚੁੰਮ ਲਾਵਾਂ ਨੀ ..........

ਪਹਿਲੀ ਵਾਰੀਂ ਤੱਕਿਆ ਤਾਂ ਤੱਕਦੀ ਹੀ ਰਹਿ ਗਈ ਸਾਂ,
ਖੋਹ ਕੇ ਯਾਨੀ ਲੈ ਗਿਆ ਸੀ ਦਿਲ ਨੀ!
ਨੱਚਾਂ, ਹੱਸਾਂ, ਦਿਲ ਦੀਆਂ ਗੱਲਾਂ ਕਿਉਂ ਨਾ ਦੱਸਾਂ,
ਮੈਨੂੰ ਸੁਪਣੇ ਦਾ ਮਾਹੀ ਗਿਆ ਮਿਲ ਨੀ!
ਕੰਮੇਆਣਾ ਸੁਣੀਂਦਾ ਫ਼ਰੀਦਕੋਟ ਕੋਲ ਸਹੀਓ!
ਉਸ ਪਿੰਡੋਂ ਆਈ ਨੀ ਸੰਭਾਲ ਨਾਲ ਮੁੰਦਰੀ।
ਚੁੰਮ ਚੁੰਮ ਲਾਵਾਂ ਨੀ ...........

## ਮੁੰਡਿਆਂ 'ਚੋਂ ਤੂੰ ਸੋਹਣਾ

ਕਾਲਜ 'ਚ ਹੋਣ ਗੱਲਾਂ ਤੇਰੀਆਂ ਤੇ ਮੇਰੀਆਂ,
ਰੂਪ ਦੀਆਂ ਰਹਿਮਤਾਂ ਲਿਆਈ ਬੈਠੇ 'ਨ੍ਹੇਰੀਆਂ,
ਸੱਚੀ ਗੱਲ ਕੀ ਲਕੋਣੀ ਮੈਂ।
ਵੇ! ਮੁੰਡਿਆਂ 'ਚੋਂ ਤੂੰ ਸੋਹਣਾ,
ਕੁੜੀਆਂ 'ਚ ਸੋਹਣੀ ਮੈਂ।

ਤੈਨੂੰ ਕਹਿੰਦੇ ਰਾਂਝਾ ਸਾਰੇ ਮੈਨੂੰ ਹੀਰ ਆਖਦੇ।
ਗਲੀਆਂ ਦੇ ਕੱਖ ਵੀ ਨੇ ਹੋਰੂੰ ਹੋਰੂੰ ਝਾਕਦੇ।
ਆਈ ਜੱਗ ਤੇ ਪਰਾਹੁਣੀ ਮੈਂ।
ਵੇ! ਮੁੰਡਿਆਂ 'ਚੋਂ ਤੂੰ ਸੋਹਣਾ ..............

ਸ਼ੂਕਦੇ ਭੁਚਾਲਾਂ ਜਹੇ ਜ਼ੋਰ ਨੇ ਜਵਾਨੀ ਦੇ।
ਨਾਗ ਕੀਲ ਦੇਵਾਂ ਨਾਲ ਅੱਖ ਮਸਤਾਨੀ ਦੇ।
ਮੱਲੋ ਮੱਲੀ ਮਨ ਮੋਹਨੀ ਮੈਂ।
ਵੇ! ਮੁੰਡਿਆਂ 'ਚੋਂ ਤੂੰ ਸੋਹਣਾ ...........

ਤੇਰੇ ਮੇਰੇ ਪਿਆਰ ਦੀਆਂ ਪੈਂਦੀਆਂ ਕਹਾਣੀਆਂ।
ਛੇੜਣ ਸਹੇਲੀਆਂ ਵੇ! ਮੈਨੂੰ ਮਰਜਾਣੀਆਂ।
ਗੱਲਾਂ ਸੁਣ ਸ਼ਰਮਾਉਣੀ ਮੈਂ।
ਵੇ! ਮੁੰਡਿਆਂ 'ਚੋਂ ਤੂੰ ਸੋਹਣਾ ..........

'ਕੰਮੇਆਣਾ' ਦਿਲ ਦੀਆਂ ਰੀਝਾਂ ਹੋਈਆਂ ਪੂਰੀਆਂ।
ਸਾਹਾਂ ਵਿਚ ਸਾਡੇ ਘੁਲ ਗਈਆਂ ਕਸਤੂਰੀਆਂ।
ਤੇਰੀ ਜ਼ਿੰਦਗੀ ਸਜਾਉਣੀ ਮੈਂ।
ਵੇ! ਮੁੰਡਿਆਂ 'ਚੋਂ ਤੂੰ ਸੋਹਣਾ ...........



## ਕਾਲਜ ਵਿਚ ਕੀਤੇ ਵਾਅਦੇ

ਕਾਲਜ ਵਿਚ ਕੀਤੇ ਵਾਅਦੇ ਨੀ!
ਅਧ-ਵਾਟੇ ਟੁੱਟ ਗਏ ਸਾਡੇ ਨੀ!
ਤੂੰ ਹੋਰ ਕਿਸੇ ਦੀ ਹੋ ਗਈ ਤੇ
ਮੈਂ ਹੋਰ ਕਿਸੇ ਦਾ ਹੋਇਆ ਨੀ!
ਪਰ ਭੁੱਲ ਸਕੀ ਨਾ ਯਾਦ ਤੇਰੀ,
ਕਈ ਵਾਰ ਵਿੱਚੋ ਵਿਚ ਰੋਇਆ ਨੀ!

ਗੱਲ ਪਹਿਲੀ ਪਹਿਲੀ ਵਾਰ ਵਾਲੀ।
ਗਲ ਵਿਚ ਬਾਹਾਂ ਦੇ ਹਾਰ ਵਾਲੀ।
ਉਹ ਤਕਣੀ ਭੋਲੇ ਨੈਣਾਂ ਦੀ,
ਸੁਰਮੇ ਦੀ ਧਾਰ ਕਟਾਰ ਵਾਲੀ।
ਅੱਧ-ਮੀਚੇ ਬੁੱਲ੍ਹਾਂ ਦੀ ਹਾਸੀ ਨੇ,
ਸੀ ਦਿਲ ਫ਼ੱਕਰ ਦਾ ਖੋਹਿਆ ਨੀ!
ਪਰ ਭੁੱਲ ਸਕੀ ਨਾ ............

ਇਹ ਕੇਹੀਆਂ ਨੇ ਮਜ਼ਬੂਰੀਆਂ ਨੀ!
ਸਮਿਆਂ ਨੇ ਵੱਟੀਆਂ ਘੂਰੀਆਂ ਨੀ!
ਕਦੇ ਸਾਂਝੇ ਦਿਲ ਦੀ ਧੜਕਣ ਸਾਂ,
ਅੱਜ ਸੌ ਕੋਹਾਂ ਦੀਆਂ ਦੂਰੀਆਂ ਨੀ!
ਮੈਂ ਸਦਾ ਸੋਚਦਾ ਰਹਿੰਦਾ ਹਾਂ,
ਇੰਜ ਹੋਇਆ ਤਾਂ ਕਿਉਂ ਹੋਇਆ ਨੀ?
ਪਰ ਭੁੱਲ ਸਕੀ ਨਾ ...........

ਜਦ ਵਹਿਣ ਪੁਰਾਣੇ ਵਹਿੰਦਾ ਹਾਂ।
ਤੇਰੇ ਖ਼ਤ ਕੱਢ ਕੇ ਪੜ੍ਹ ਲੈਂਦਾ ਹਾਂ।
ਕਦੇ ਚੋਰੀ ਚੋਰੀ ਪਤਨੀ ਤੋਂ,

ਤੇਰੀ ਫੋਟੋ ਤੱਕਦਾ ਰਹਿੰਦਾ ਹਾਂ।
ਉਦੋਂ ਲੱਗਦਾ ਬੀਤਿਆ ਫਿਰ ਮੁੜ ਕੇ,
ਦਿਲ ਵਿਹੜੇ ਆਣ ਖਲੋਇਆ ਨੀ!
ਪਰ ਭੁੱਲ ਸਕੀ ਨਾ ...........

ਕਦੇ ਤੂੰ ਵੀ ਯਾਦ ਮੈਨੂੰ ਕੀਤਾ ਏ?
ਕਿਵੇਂ ਘੁੱਟ ਸਬਰਾਂ ਦਾ ਪੀਤਾ ਏ?
ਦੱਸੀਂ ਟੋਟੇ ਟੋਟੇ ਦਿਲ ਹੋਇਆ,
ਕਿਸ ਧਾਗੇ ਦੇ ਸੰਗ ਸੀਤਾ ਏ?
'ਕੰਮੇਆਣੇ' ਨੂੰ ਵੀ ਦੱਸ ਜਾਈਂ
ਕਿਵੇਂ ਦਾਗ਼ ਹਿਜ਼ਰ ਦਾ ਧੋਇਆ ਨੀ!
ਪਰ ਭੁੱਲ ਸਕੀ ਨਾ ...........



# ਪਹਿਲਾ ਪਹਿਲਾ ਪਿਆਰ

ਜਦੋਂ ਸੰਗਦੇ ਸੰਗਾਉਂਦੇ ਆਪਾਂ ਦੋਨੋਂ
ਮਿਲੇ ਸਾਂ ਪਹਿਲੀ ਵਾਰ ਸੋਹਣੀਏਂ!
ਕਹਿਣਾ ਸੌਖਾ ਤੇ ਭੁਲਾਉਣਾ ਬੜਾ ਔਖਾ
ਨੀ ਪਹਿਲਾ ਪਹਿਲਾ ਪਿਆਰ ਸੋਹਣੀਏਂ!

ਉਦੋਂ ਨਵੇਂ ਨਵੇਂ ਆਪਾਂ ਕਾਲਜ 'ਚ ਆਏ ਸੀ।
ਦੋਹਾਂ ਨੂੰ ਜਵਾਨੀਆਂ ਨੇ ਖੰਭ ਜਹੇ ਲਾਏ ਸੀ।
ਫੈਲੀ ਪੌਣਾ 'ਚ ਸੁਗੰਧ ਸੀ ਚੁਫੇਰੇ
ਨੀ ਰੁੱਤ ਸੀ ਬਹਾਰ ਸੋਹਣੀਏਂ!

ਤੂੰ ਮੈਨੂੰ ਤੱਕਿਆ ਮੈਂ ਤੈਨੂੰ ਜਾਵਾਂ ਤੱਕੀ ਨੀ!
ਬੁੱਲ੍ਹੀਆਂ ਦੇ ਵਿਚ ਸੀ ਤੂੰ ਮਿੰਨਾ-ਮਿੰਨਾ ਹੱਸੀ ਨੀ!
ਹਾਸੇ ਹਾਸੇ ਵਿਚ ਪਿਆਰ ਵਾਲਾ ਤੀਰ ਹੋਇਆ
ਸੀਨੀਆਂ 'ਚੋਂ ਪਾਰ ਸੋਹਣੀਏਂ!

ਕੁੜੀਆਂ ਦੀ ਢਾਣੀ ਨਾਲ ਲੰਘਦੀ ਸੀ ਕੋਲ ਦੀ।
ਛੇੜਦੀਆਂ ਕੁੜੀਆਂ ਤੂੰ ਕੁੱਝ ਵੀ ਨਾ ਬੋਲਦੀ।
ਅਜੇ ਤਕ ਵੀ ਨਾ ਭੁੱਲੇ ਪਾਉਂਦੀ ਹੁੰਦੀ ਸੀ
ਬਾਹਾਂ ਦੇ ਗਲ ਹਾਰ ਸੋਹਣੀਏਂ!

ਤੇਰੀ ਵਾਂਗੂੰ ਯਾਦ ਤੇਰੀ ਛੱਡ ਕੇ ਨਾ ਗਈ ਨੀ!
ਅਜੇ ਤੱਕ ਇਸ਼ਕੇ ਦੀ ਧੂਣੀ ਧੁਖ ਰਹੀ ਨੀ!
ਆਰ ਰੁਲਿਆ 'ਧਰਮ ਕੰਮੇਆਣਾ'
ਨੀ ਤੂੰ ਤਾਂ ਹੋ ਗੀ ਪਾਰ ਸੋਹਣੀਏਂ!

# ਅਸੀਂ ਪਾਣੀਆਂ 'ਚ ਡੁੱਬ ਕੇ ਵੀ

ਲੱਖਾਂ ਆਫ਼ਤਾਂ ਸਿਰਾਂ ਤੋਂ ਸਾਡੇ ਆ ਕੇ ਲੰਘ ਗਈਆਂ,
ਇਹਨਾਂ ਆਫ਼ਤਾਂ ਤਾਈਂ ਵੀ ਕਰ ਸਰ ਜਾਵਾਂਗੇ।
ਸਾਡੇ ਦਿਲਾਂ ਵਿਚ ਮਘਦੀ ਏ ਜ਼ਿੰਦਗੀ ਦੀ ਰੀਝ,
ਅਸੀਂ ਪਾਣੀਆਂ 'ਚ ਡੁੱਬ ਕੇ ਵੀ ਤਰ ਜਾਵਾਂਗੇ।

ਇਹਨਾਂ ਪਾਣੀਆਂ ਦੀ ਸਾਡੇ ਨਾਲ ਸਾਂਝ ਏ ਪੁਰਾਣੀ।
ਇਸ ਪਾਣੀ ਦੀ ਕਹਾਣੀ ਸਾਡੀ ਆਪਣੀ ਕਹਾਣੀ।
ਇਹਨਾਂ ਉੱਚਿਆਂ ਪਹਾੜਾਂ ਤੋਂ ਸਿਦਕ ਸਾਡਾ ਪੱਕਾ।
ਅਸੀਂ ਕੱਚੇ ਨਹੀਂ ਜੋ ਪਾਣੀਆਂ 'ਚ ਖਰ ਜਾਵਾਂਗੇ।

ਡੁੱਬੇ ਉਮਰ ਬਲੂਰ ਵਿਚ ਨਰਮੇ ਕਪਾਹਾਂ।
ਡੁੱਬੇ ਝੋਨੇ ਪਾਏ ਬਿਨ ਮੁੰਜਰਾਂ ਦੇ ਗਲ ਬਾਹਾਂ।
ਡੁੱਬ ਗਏ ਨੇ ਘਰ-ਬਾਰ ਪਰ ਸਾਡਾ ਵਿਸ਼ਵਾਸ,
ਇਕ ਦਿਨ ਮੁੜ ਆਪਣੇ ਹੀ ਘਰ ਜਾਵਾਂਗੇ।

ਮੋਏ ਮਿੱਤਰਾਂ ਦਾ ਗ਼ਮ ਦੁਖੀ ਕਰੂ ਤਾਂ ਜ਼ਰੂਰ।
ਹੌਲੀ ਹੌਲੀ ਆਪੇ ਜ਼ਖ਼ਮਾਂ 'ਤੇ ਆਜੂਗਾ ਅੰਗੂਰ।
ਸੇਕ ਹਉਕਿਆਂ ਦੀ ਅੱਗ, ਪੀ ਕੇ ਸਬਰਾਂ ਦੇ ਘੁੱਟ,
'ਕੰਮੇਆਣਾ' ਅਨਹੋਣੀਆਂ ਨੂੰ ਜਰ ਜਾਵਾਂਗੇ।



# ਸਾਨੂੰ ਸਾਡੇ ਖ਼ਤ ਮੋੜ ਦੇ

ਨੀ ਤੂੰ ਕੱਚੀਏ ਕਮਾ ਗੀ ਕੱਚ ਨੀ!
ਮੁੱਖ ਮੋੜ ਗੀ ਮਿਲਾ ਕੇ ਅੱਖ ਨੀ!
ਏਸੇ ਤਰ੍ਹਾਂ ਹੀ ਜੇ ਸਾਨੂੰ ਤੜਪਾਉਣਾ,
ਤੇ ਲਾਰਾ ਲੱਪਾ ਲਾਉਣਾ,
ਅਸੀਂ ਨੀ ਐਸਾ ਪਿਆਰ ਲੋੜਦੇ।
ਆਹ ਲੈ ਛੱਲਾ ਤੇ ਰੁਮਾਲ ਫੜ ਆਪਣੇ
ਨੀ ਸਾਨੂੰ ਸਾਡੇ ਖ਼ਤ ਮੋੜ ਦੇ।

ਸਾਈਆਂ ਕਿਧਰੇ, ਵਧਾਈਆਂ ਕਿਧਰੇ।
ਲਾਈਆਂ ਕਿਧਰੇ, ਨਿਭਾਈਆਂ ਕਿਧਰੇ।
ਜਿਵੇਂ ਤੋੜ ਤੂੰ ਖਿਲੌਣੇ ਵਾਂਗੂੰ ਸਿੱਟ ਗੀ
ਨੀ ਇੰਜ ਨਹੀਓਂ ਦਿਲ ਤੋੜਦੇ।

ਸੀ ਤੂੰ ਬੰਨ੍ਹਦੀ ਪਹਾੜਾਂ ਜਿੱਡੇ ਦਾਈਏ ਨੀ!
ਤੈਨੂੰ ਯਾਦ ਹੈ ਕਿ ਯਾਦ ਕਰਾਈਏ ਨੀ!
ਅੱਜ ਕਰਨ ਘਟਾਓ ਲੱਗੀ ਕੱਢਦੀ
ਕੱਲ੍ਹ ਸੀ ਸਵਾਲ ਜੋੜ ਦੇ।

ਦਿੱਤੀ ਸਜ਼ਾ ਸਾਨੂੰ ਅੱਖੀਆਂ ਮਿਲਾਉਣ ਦੀ।
ਸਾਨੂੰ ਭੁੱਲ ਗੀ ਹੈ ਜਾਚ ਮੁਸਕਾਉਣ ਦੀ।
ਜਿਹੜੇ ਕਰਦੇ ਪਿਆਰ ਉਹ ਤਾਂ ਹਰ ਵੇਲੇ
ਸੱਜਣਾ ਦੀ ਸੁੱਖ ਲੋੜਦੇ।

'ਕੰਮੇਆਣੇ' ਦੀ ਗਈ ਫੁੱਟ ਤਕਦੀਰ ਨੀ!
ਭੋਲੇਪਣ ਵਿਚ ਕਹਿ 'ਤਾ ਤੈਨੂੰ ਹੀਰ ਨੀ!
ਉਸ ਕਿਸ਼ਤੀ ਕਿਨਾਰੇ 'ਤੇ ਕੀ ਲੱਗਣਾ
ਨੀ ਹੱਥੀਂ ਜੇ ਮਲਾਹ ਰੋੜ੍ਹ ਦੇ।

# ਭੁੱਲੀ ਨਾ ਤੇਰੀ ਯਾਦ

ਧੋਖੇਬਾਜ਼ ਨੀ ਮਾਸ਼ੂਕੇ, ਸੀਨੇ ਆਸ਼ਿਕਾਂ ਦੇ ਫੂਕੇ,
ਘੁੱਗ ਵਸਦੇ ਸਾਂ ਕੀਤਾ ਬਰਬਾਦ ਵੈਰਨੇ!
ਅਸੀਂ ਦਿਲ 'ਚੋਂ ਭੁਲਾਉਦੀ ਬੜੀ ਚਾਹੀ
ਭੁੱਲੀ ਨਾ ਤੇਰੀ ਯਾਦ ਵੈਰਨੇ!

ਲਾਰੇ ਲਾ ਕੇ ਬੜਾ ਅਸੀਂ ਦਿਲ ਨੂੰ ਵਰਾਇਆ ਨੀ!
ਹੋ ਗਿਆ ਉਦਾਸ ਜਦੋਂ ਚੇਤਾ ਤੇਰਾ ਆਇਆ ਨੀ!
ਵਿਚ ਬੈਠ ਕੇ ਉਜਾੜਾਂ, ਚਿਤ ਕਰੇ ਧਾਰਾਂ ਮਾਰਾਂ,
ਰੁੱਖ ਰੋਹੀ ਦੇ ਸੁਣਨ ਮੇਰੀ 'ਵਾਜ਼ ਵੈਰਨੇ!

ਕਿਵੇਂ ਭੁੱਲ ਜਾਵਾਂ ਭੋਲੀ ਤੱਕਣੀ ਪਿਆਰ ਦੀ।
ਮੁੜਦੀ ਨਾ ਗੱਲ ਮੁੜ ਪਹਿਲੀ-ਪਹਿਲੀ ਵਾਰ ਦੀ।
ਚੋਰੀ-ਚੋਰੀ ਮੁਲਾਕਾਤਾਂ, ਬਾਤਾਂ ਪਾਉਂਦੀਆਂ ਸੀ ਰਾਤਾਂ,
ਗੂੰਜ ਪੈਂਦੇ ਸੀ ਹਵਾਵਾਂ ਵਿਚ ਨਾਦ ਵੈਰਨੇ!

ਖ਼ਤਾਂ ਵਿਚ ਰੱਖੇ ਸੀ ਤੂੰ ਫੁੱਲ ਜੋ ਗੁਲਾਬ ਦੇ।
ਮੈਨੂੰ ਉਹ ਕਰਾਉਂਦੇ ਰਹਿੰਦੇ ਚੇਤੇ ਨੇ ਜਨਾਬ ਦੇ।
ਜਿਵੇਂ ਫੁੱਲ ਗਏ ਨੇ ਸੁੱਕ, ਤੇਰਾ ਮੋਹ ਵੀ ਗਿਆ ਮੁੱਕ,
ਸਾਡੇ ਹੱਡਾਂ ਵਿਚ ਰਚ ਗੀ ਸ਼ਰਾਬ ਵੈਰਨੇ

ਭਾਵੇਂ ਸਾਡੇ ਸਾਹੀਂ ਹਉਕੇ ਉਮਰਾਂ ਦੇ ਭਰੇ ਨੀ!
ਸਦਾ ਸੁਖੀ ਵਸੇਂ,ਹੈ ਦੁਆ, ਰੱਬ ਕਰੇ ਨੀ!
ਹੋਇਆ ਖ਼ੁਦ ਲਈ ਬਿਗ਼ਾਨਾ, ਨੀ 'ਧਰਮ ਕੰਮੇਆਣਾ'।
ਕਰਾਂ ਤੇਰੀ ਮਜ਼ਬੂਰੀ ਦਾ ਹਿਸਾਬ ਵੈਰਨੇ!



# ਬੱਸ ਵਿਚ ਬੈਠੀ ਮੁਟਿਆਰ

ਬੱਸ ਵਿਚ ਬੈਠੀ ਇਕ ਮਿਲੀ ਮੁਟਿਆਰ,
ਪਤਾ ਵੀ ਨਾ ਲੱਗਾ ਕਦੋਂ ਹੋਈਆਂ ਅੱਖਾਂ ਚਾਰ;
ਸੁਤੇ ਸਿੱਧ ਉਹਤੋਂ ਪੁੱਛ ਬੈਠਾ ਨਾਂ।
ਹਏ! ਸੋਚਾਂ ਵਿਚ ਪੈ ਗੀ ਜਿੰਦੜੀ
ਇਸ ਰਿਸ਼ਤੇ ਦਾ ਨਾਂ ਕੀ ਧਰਾਂ?

ਦੋਧਾ ਛੱਲੀ ਵਰਗਾ ਕਵਾਰਾ ਉਹਦਾ ਰੂਪ
ਤੇ ਮੈਂ ਪਹਿਲਾਂ ਹੀ ਹੋਇਆਂ ਹਾਂ ਕਿਸੇ ਹੋਰ ਦਾ।
ਇੰਜ ਲੱਗਦਾ ਹੈ ਕੋਈ ਖੰਭ ਖੰਭ ਨੋਚ ਦੇਵੇ
ਜਿਵੇਂ ਪੈਲਾਂ ਪਾਉਂਦੇ ਹੋਏ ਮੋਰ ਦਾ।
ਭੋਲੀ ਜਹੀ ਮੁਹੱਬਤ ਨੂੰ ਹੰਝੂਆਂ 'ਚ ਡੋਬਣੇ ਦਾ
ਦੋਸ਼ੀ ਬਣ ਜਾਣ ਤੋਂ ਡਰਾਂ।
ਹਏ! ਸੋਚਾਂ ਵਿਚ ..........

ਚੇਤਿਆਂ ਦੇ ਵਿਚ ਤਸਵੀਰ ਉਹਦੀ ਘੁੰਮਦੀ ਏ
'ਨ੍ਹੇਰੇ 'ਚ ਮਤਾਬੀ ਜਿਉਂ ਜਗਾਈ ਦੀ।
ਮਿੱਠਾ -ਮਿੱਠਾ ਚੜ੍ਹਦਾ ਸਰੂਰ ਜਦੋਂ ਯਾਦ ਆਉਂਦੀ
ਹੌਲੀ ਦੇਣੇ ਵੰਗ ਛਣਕਾਈ ਦੀ।
ਅੱਲ੍ਹੜ, ਮਾਸੂਮ, ਉਹ ਲਗਰ ਭੋਲੀ-ਭਾਲੀ
ਹੁੰਦੀ ਚੇਤਿਆਂ 'ਚੋਂ ਮੂਲ ਨਾ ਪਰ੍ਹਾਂ।
ਹਏ! ਸੋਚਾਂ ਵਿਚ ..........

ਲੱਗਦਾ ਹੈ ਦਿਲ ਹੱਥੋਂ ਹੋ ਕੇ ਮਜ਼ਬੂਰ
ਸਾਰੇ ਜੱਗ ਵਿਚ ਹੋਵਾਂਗਾ ਖਵਾਰ ਮੈਂ।
ਉਮਰੇ ਦੇ ਹੰਝੂ ਹਉਕੇ ਝੋਲੀ ਵਿਚ ਪੈਣੇ

ਹਾਸੇ ਹਾਸੇ ਵਿਚ ਕਰ ਬੈਠਾ ਪਿਆਰ ਮੈਂ।
ਜਾਗਦੇ ਹੋਏ ਸੁਪਨੇ 'ਚ ਇਸ਼ਕੇ ਦੀ ਬਾਤ ਸੁਣ
ਭਰਾਂ ਕੇ ਹੁੰਗਾਰਾ ਨਾ ਭਰਾਂ?
ਹਏ! ਸੋਚਾਂ ਵਿਚ ...........

ਉੱਡਦੇ ਪਰਿੰਦਿਆਂ ਨੂੰ ਦਿਲ ਦੇਣ ਪਿੱਛੋਂ
ਝੁੱਲ ਪੈਂਦੀਆਂ ਨੇ ਕਾਲੀਆਂ ਹਨੇਰੀਆਂ।
ਇਸ਼ਕੇ ਨੇ ਲੱਖਾਂ ਘਰ ਕਰ 'ਤੇ ਤਬਾਹ
ਇਹ ਕਹਾਣੀਆਂ ਨੇ ਤੇਰੀਆਂ ਤੇ ਮੇਰੀਆਂ।
'ਕੰਮੇਆਣਾ' ਦਿਨ ਤੇਰੀ ਮੌਤ ਦਾ ਵੀ ਬੱਝ ਗਿਆ
ਬਚ ਜਾਹ ਜੇ ਚਾਹੁੰਦੈਂ ਨਾ ਮਰਾਂ।
ਹਏ! ਸੋਚਾਂ ਵਿਚ ...........



## ਮਿਲਣਾ ਆਖਰੀ ਵਾਰ ਦਾ

ਤੂੰ ਹਉਕੇ ਭਰਦੀ ਭਰਦੀ ਨੀ!
ਹੁਬਕੀਂ ਰੋ ਪਈ ਸੈਂ ਖੜ੍ਹੀ ਖੜ੍ਹੀ।
ਸਾਵਨ ਦੇ ਬੱਦਲਾਂ ਦੇ ਵਾਂਗੂੰ
ਤੇਰੇ ਨੈਣਾਂ ਦਿੱਤੀ ਲਾ ਝੜੀ।
ਤੇਰੇ ਨਾਲ ਉਦਾਸ ਹੋ ਗਿਆ
ਮੌਸਮ ਸੀ ਬਹਾਰ ਦਾ ਨੀ!
ਮੈਂ ਚੇਤੇ ਦੇ ਵਿਚ ਸਾਂਭ ਲਿਆ
ਤੇਰਾ ਮਿਲਣਾ ਆਖਰੀ ਵਾਰ ਦਾ ਨੀ!

ਅਸੀਂ ਰਲ ਕੇ ਰਹਿਣਾ ਚਾਹੁੰਦੇ ਸੀ
ਪਰ ਰਾਹਾਂ ਵਿਚ ਮਜ਼ਬੂਰੀਆਂ ਸੀ
ਸਾਡੇ ਸੋਹਲ ਸੁਨੱਖੇ ਚਾਵਾਂ ਨੂੰ, ਤੱਕ
ਸਮਿਆਂ ਵੱਟੀਆਂ ਘੂਰੀਆਂ ਸੀ।
ਜੱਗ ਵਾਲਿਆਂ ਤੋਂ ਨਾ ਗਿਆ ਜਰਿਆ
ਫੁੱਲ ਮਹਿਕਦਾ ਸਾਡੇ ਪਿਆਰ ਦਾ ਨੀ!
ਮੈਂ ਚੇਤੇ ਦੇ ਵਿਚ ............

ਨਾ ਤੂੰ ਹੀ ਵਿਛੋੜਾ ਜਰ ਸਕਦੀ
ਨਾ ਮੈਂ ਹੀ ਵਿਛੋੜਾ ਜਰ ਸਕਦਾ।
ਤੇਰੇ ਬਿਨ ਜਿਉਣਾ ਦੂਰ ਦੀ ਗੱਲ
ਤੈਨੂੰ ਤੱਕਿਆਂ ਬਿਨ ਨਹੀਂ ਮਰ ਸਕਦਾ।
ਪਰ ਪੱਥਰ ਦਿਲਾਂ 'ਤੇ ਨਾ ਅਸਰ ਕੋਈ
ਸਾਡੇ ਦਿਲ ਦੀ ਹਾ ਹਾ ਕਾਰ ਦਾ ਨੀ!
ਮੈਂ ਚੇਤੇ ਦੇ ਵਿਚ ............

ਮੈਂ ਲੱਖ ਭੁਲਾਵਾਂ ਚੇਤਿਆਂ 'ਚੋਂ
ਤੇਰੀ ਭੋਲੀ ਸੂਰਤ ਭੁੱਲਣੀ ਨਈਂ।
ਕਈ ਰੁੱਤਾਂ ਆ ਆ ਜਾਣਗੀਆਂ
ਮੁੜ ਰੁੱਤ ਪਿਆਰ ਦੀ ਝੁੱਲਣੀ ਨਈਂ।
ਇਕ ਵਿੱਛੜੀ ਕੂੰਜ ਸਿਰਨਾਵਾਂ ਹਏ!
ਫਿਰੇ ਲੱਭਦੀ ਵਿੱਛੜੀ ਡਾਰ ਦਾ ਨੀ!
ਮੈਂ ਚੇਤੇ ਦੇ ਵਿਚ ............

ਜਿਸ ਅੱਥਰੇ ਪਿਆਰ ਨੇ ਸੋਹਣੀਏਂ ਨੀ!
ਕਦੇ ਸਾਨੂੰ ਸੀ ਖੰਭ ਲਾ ਦਿੱਤੇ।
ਅੱਜ ਤੇਰੇ 'ਕੰਮੇਆਣੇ' ਨੇ
ਉਸ ਪਿਆਰ ਦੇ ਗੀਤ ਬਣਾ ਦਿੱਤੇ।
ਕੱਲ੍ਹ ਤੱਕ ਜੋ ਅਸੀਂ ਹੀ ਜਾਣਦੇ ਸੀ
ਅੱਜ ਚਰਚਾ ਹੈ ਅਖ਼ਬਾਰ ਦਾ ਨੀ!
ਮੈਂ ਚੇਤੇ ਦੇ ਵਿਚ ............



# ਖ਼ਤ ਤੇਰੇ ਪਾੜ ਦਿੱਤੇ

ਚੰਨਾ ਬੋਲ ਨਾ ਤੂੰ ਬੋਲ ਤੇ ਕਬੋਲ ਵੇ!
ਮੇਰੇ ਪੈਂਦੇ ਨੇ ਕਲੇਜੇ ਵਿਚ ਹੌਲ ਵੇ!
ਮੇਰੇ ਮਾਂਪਿਆਂ ਨੇ ਚਾਅ ਮੇਰੇ ਰਸਮਾਂ ਦੀ ਸੂਲੀ ਉੱਤੇ ਚਾੜ੍ਹ ਦਿੱਤੇ।
ਮੇਰੀ ਭਾਬੀ ਨੇ ਸਰ੍ਹਾਣੇ ਹੇਠੋਂ ਕੱਢ ਕੇ ਵੇ ਖ਼ਤ ਤੇਰੇ ਪਾੜ ਦਿੱਤੇ।

ਛੱਲੇ-ਮੁੰਦੀਆਂ ਨਹੀਂ ਹੁੰਦਾ ਹਏ ! ਪਿਆਰ ਵੇ!
ਇਹ ਤਾਂ ਰਿਸ਼ਤਾ ਦੋ ਦਿਲਾਂ ਵਿਚਕਾਰ ਵੇ!
ਕੀ ਕਰੀਏ ਜਦੋਂ ਵੇ ਖ਼ੁਦ ਰਾਖਿਆਂ ਨੇ ਬਾਗ਼ ਉਜਾੜ ਦਿੱਤੇ।
ਮੇਰੀ ਭਾਬੀ ਨੇ ............

ਮਿਹਣੇ ਮਾਰ ਕੇ ਨਾ ਕਰ ਮੰਦਾ ਹਾਲ ਵੇ!
ਤੂੰ ਕੀ ਜਾਣੇ ਬੀਤਦੀ ਕੀ ਮੇਰੇ ਨਾਲ ਵੇ!
ਲੋਕਾਂ ਸਾਉਣ ਦੀ ਰੁੱਤਾ ਸਾਥੋਂ ਖੋਹ ਲੀਆਂ ਤੇ ਮੱਚਦੇ ਹੋਏ ਹਾੜ ਦਿੱਤੇ।
ਮੇਰੀ ਭਾਬੀ ਨੇ ............

ਤੈਨੂੰ ਭੁੱਲ ਕੇ ਭੁਲਾਉਣਾ ਬੜਾ ਔਖਾ ਵੇ!
ਹੱਥੀਂ ਯਾਦਾਂ ਨੂੰ ਜਲਾਉਦਾ ਬਡਾ ਔਖਾ ਵੇ!
ਰਾਖ ਅਜੇ ਤਕ ਸੀਨੇ ਵਿਚ ਧੁਖਦੀ ਵੇ! ਖ਼ਤ ਪਾੜ ਸਾੜ ਦਿੱਤੇ।
ਮੇਰੀ ਭਾਬੀ ਨੇ ............

ਕੁੜੀ ਅਬਲਾ ਦਾ ਕਿਸੇ ਅੱਗੇ ਜ਼ੋਰ ਕੀ।
ਤੁਰ ਜਾਂਦੀ ਜਿੱਥੇ ਮਾਪਿਆਂ ਨੇ ਤੋਰ 'ਤੀ।
'ਕੰਮੇਆਣਾ' ਸੋਹਣੇ ਪੰਛੀ ਸ਼ਿਕਾਰੀਆਂ ਨੇ ਪਿੰਜਰੇ 'ਚ ਤਾੜ ਦਿੱਤੇ।
ਮੇਰੀ ਭਾਬੀ ਨੇ ............

# ਨੌਂ ਦੋ ਗਿਆਰਾਂ

ਹੋ ਗਿਆ ਮੁੰਡਾ ਨੌਂ ਦੋ ਗਿਆਰਾਂ,
ਹੋ ਗਿਆ ਮੁੰਡਾ ਨੌਂ ਦੋ ਗਿਆਰਾਂ,
ਮੁੰਡਾ ਹਾਣ ਦੀ ਕੁੜੀ ਦੇ ਨਾਲ ਨੌਂ ਦੋ ਗਿਆਰਾਂ ਹੋ ਗਿਆ।
ਸਾਰੇ ਸ਼ਹਿਰ ਵਿਚ ਆ ਗਿਆ ਭੁਚਾਲ, ਨੌਂ ਦੋ ਗਿਆਰਾਂ ਹੋ ਗਿਆ।

ਉਡਦੀ ਕਬੂਤਰੀ ਨਾ ਹੱਥ ਕਿਸੇ ਆਉਂਦੀ ਸੀ।
ਬੁਝੇ ਹੋਏ ਦਿਲਾਂ 'ਚ ਵੀ ਸੁਪਨੇ ਜਗਾਉਂਦੀ ਸੀ।
ਫੜ੍ਹ ਲੈ ਗਿਆ ਸ਼ਿਕਾਰੀ ਸਿੱਟ ਜਾਲ।

ਥਾਨੇ ਵਿਚ ਰਪਟ ਲਿਖਾਈ ਜਾ ਕੇ ਮਾਪਿਆਂ।
ਰਾਮ ਕਥਾ ਸਾਰੀ ਸਮਝਾਈ ਜਾ ਕੇ ਮਾਪਿਆਂ।
ਫਿਰੇ ਕਰਦੀ ਪੁਲਿਸ ਹੁਣ ਭਾਲ।

ਦਿਲਾਂ ਦੀਆਂ ਖੇਡਾਂ ਪੇਸ਼ ਮਾਪਿਆਂ ਦੇ ਪੈ ਗੀਆਂ।
ਥਾਨਿਆਂ, ਕਚਹਿਰੀਆਂ 'ਚ ਪੱਗਾਂ ਜਾ ਕੇ ਲਹਿ ਗੀਆਂ।
ਏਨਾ ਰੱਖਦੀ ਜਵਾਨੀ ਕਦੋਂ ਖ਼ਿਆਲ।

ਮੰਗਣੀਆਂ, ਫੇਰਿਆਂ ਦੇ ਵੇਲੇ ਚੱਲੇ ਬੀਤ ਏ।
ਲਵ-ਮੈਰਿਜ਼ਾਂ ਦੀ ਹੁਣ ਚੱਲ ਪਈ ਰੀਤ ਏ।
ਨਵੇਂ ਦੌਰ ਦੀ ਨਵੀਂ ਹੀ ਚਾਲ।

ਸਮੇਂ ਨਾਲ ਕਦਮ ਮਿਲਾਉਣਾ ਵੀ ਜ਼ਰੂਰੀ ਹੈ।
ਰਸਮਾਂ ਰਿਵਾਜ਼ਾਂ ਨੂੰ ਨਿਭਾਉਣਾ ਵੀ ਜ਼ਰੂਰੀ ਹੈ।
'ਕੰਮੇਆਣਾ' ਆਸ਼ਿਕਾਂ ਦੇ ਮੰਦੇ ਹਾਲ।



# ਹੱਸ ਨਾ ਹੱਸ ਨਾ ਕੁੜੀਏ

ਹੱਸ ਨਾ ਹੱਸ ਨਾ ਕੁੜੀਏ ਨੀ ਕਈ ਕਤਲ ਹੋਣਗੇ।
ਤੇਰੇ ਨੈਣਾਂ ਡੰਗ 'ਤੇ ਜਿਹੜੇ ਨੀ ਰਾਤੀਂ ਕਿਵੇਂ ਸੌਣਗੇ।

ਬੇਲੇ ਵਿਚ ਯਾਨੀ ਹੀਰ ਕੋਈ ਫਿਰਦੀ
ਇੰਜ ਕਾਲਜ ਵਿਚ ਲੱਗਦੀ।
ਪੀਲਾ ਸੂਟ, ਗੁਲਾਬੀ ਚੁੰਨੀ
ਗੋਰੇ ਮੁੱਖ 'ਤੇ ਫੱਬਦੀ।
ਤੈਥੋਂ ਮਹਿਕ ਉਧਾਰੀ ਮੰਗਦੇ
ਨੀ ਬੁੱਲੇ ਪੁਰੇ ਦੀ ਪੌਣ ਦੇ।
ਹੱਸ ਨਾ ਹੱਸ ਨਾ ਕੁੜੀਏ ...........

ਬਿੱਲੀਆਂ ਅੱਖਾਂ ਵਿਚ ਸੁਰਮਾ ਸੋਹਵੇ
ਨਖਰੇ ਜਾਣ ਨਾ ਝੱਲੇ।
ਰਾਹ ਜਾਂਦਿਆਂ ਦੇ ਦਿਲ ਲੁੱਟ ਲੈਂਦੀ
ਸੋਹਣੀਏ ਗੱਲੇ ਗੱਲੇ।
ਰਪਟ ਦਿਲਾਂ ਦੀ ਚੋਰੀ ਦੀ ਨੀ
ਕਿੱਥੇ ਲਿਖਵਾਉਣਗੇ?
ਹੱਸ ਨਾ ਹੱਸ ਨਾ ਕੁੜੀਏ ...........

ਜਿੱਧਰ ਦੀ ਵੀ ਲੰਘਦੀ ਤੱਕ ਕੇ
ਹਉਕੇ ਭਰਦੇ ਹਾਣੀ।
ਬਿਸ਼ੀਅਰ ਵਰਗੇ ਵਾਲਾਂ ਦੇ
ਡੰਗੇ ਨਾ ਮੰਗਦੇ ਪਾਣੀ।
ਤੇਰੇ ਹਾਸੇ ਦੇ ਮਾਰੇ

ਨੀ ਸਾਰੀ ਉਮਰ ਰੋਣਗੇ।
ਹੱਸ ਨਾ ਹੱਸ ਨਾ ਕੁੜੀਏ ............

ਤੈਨੂੰ ਤੱਕ ਕੇ ਹੋਸ਼ ਭੁਲਾ ਬੈਠਾ
ਨੀ 'ਕੰਮਆਣਾ'।
ਤੇਰੇ ਨਾਂ ਦੀ ਦਿਲ 'ਤੇ ਗੰਢ
ਬੰਨ੍ਹ ਬੈਠਾ 'ਧਰਮ ਰੋਮਾਣਾ'।
ਵੱਡੇ ਵੱਡੇ ਗਾਇਕ
ਨੀ ਤੇਰੇ ਗੀਤ ਗਾਉਣਗੇ।
ਹੱਸ ਨਾ ਹੱਸ ਨਾ ਕੁੜੀਏ ............



## ਮੁਲਾਕਾਤਾਂ

ਹਾਣੀਆਂ ਵੇ ਮਾਪਿਆਂ ਨੇ ਜ਼ੁਲਮ ਕਮਾਇਆ।
ਮੌਲੀ ਵਿਚ ਬੰਨ੍ਹ ਕੇ ਸ਼ਗਨ ਝੋਲੀ ਪਾਇਆ।
ਘੱਲੀ ਰਿਸ਼ਤੇਦਾਰਾਂ ਨੂੰ ਸਾਰੇ ਗੰਢ ਸੋਹਣਿਆਂ ਵੇ!
ਕਹਿੰਦੇ ਸਾਹੇ ਨਾਲ ਬੱਝ ਗੀ ਏਂ,
ਹੋਈਆਂ ਤੇਰੇ ਨਾਲ ਮੁਲਾਕਾਤਾਂ ਬੰਦ ਸੋਹਣਿਆਂ ਵੇ!
ਕਹਿੰਦੇ ਸਾਹੇ ਨਾਲ ............

ਅੱਖਾਂ ਵਿੱਚੋਂ ਬੁੱਕ-ਬੁੱਕ ਅੱਥਰੂ ਛਲਕਦੇ
ਮੈਂ ਹਾਲ ਕਿਵੇਂ ਦਿਲ ਦਾ ਸੁਣਾਵਾਂ ਵੇ!
ਜੀਅ ਕਰਦਾ ਏ ਮੋਹਰਾ ਚੱਟ ਕੇ ਮੈਂ ਮਾਪਿਆਂ ਦੇ
ਸਿਰ ਚੜ੍ਹ ਚੰਨਾ ਮਰ ਜਾਵਾਂ ਵੇ!
'ਕੱਲੀ ਮੈਂ ਚਕੋਰ ਵਾਂਗ ਮਾਰਦੀ ਹਾਂ ਕੂਕਾਂ
ਮੇਰਾ ਬੱਦਲਾਂ ਦੇ ਓਹਲੇ ਹੋਇਆ ਚੰਦ ਸੋਹਣਿਆਂ ਵੇ!
ਕਹਿੰਦੇ ਸਾਹੇ ਨਾਲ ............

ਤੇਰੇ ਨਾਲ ਉਮਰਾਂ ਦੇ ਸਾਥ ਵਾਲੇ ਵਾਅਦੇ
ਮੈਨੂੰ ਭੁੱਲ ਕੇ ਭੁਲਾਉਣੇ ਬੜੇ ਔਖੇ ਵੇ!
ਲਹੂ ਨਾਲ ਸਿੰਜ ਪਾ ਲੇ ਪਿਆਰ ਵਾਲੇ ਬੂਟੇ
ਜੜ੍ਹਾਂ ਪੁੱਟ ਕੇ ਸਕਾਉਣੇ ਬੜੇ ਔਖੇ ਵੇ!
ਹਉਕਿਆਂ ਦੇ ਵੱਸ ਤੇਰੀ ਪੈ ਗਈ ਪ੍ਰੀਤ
ਜਿਵੇਂ ਤੱਕਲੇ ਤੋਂ ਟੁੱਟੀ ਕੋਈ ਤੰਦ ਸੋਹਦਿਆਂ ਵੇ!
ਕਹਿੰਦੇ ਸਾਹੇ ਨਾਲ ............

ਕਿੰਨਾ ਕੁੱਝ ਯਾਨੀ ਮੇਰੇ ਮਨ ਵਿਚ ਛੱਡ ਜਾਂਦੀ
ਉੱਡਦੇ ਪਰਿੰਦਿਆਂ ਦੀ ਡਾਰ ਵੇ!

ਸ਼ਗਨਾਂ ਦੇ ਗੀਤ ਮੈਨੂੰ ਵੈਣਾਂ ਵਾਂਗੂੰ ਜਾਪਦੇ ਨੇ
ਲੱਗੀ ਹੋਣ ਅਰਥੀ ਤਿਆਰ ਵੇ!
ਉਹਨੂੰ ਕੀ ਪਤਾ ਏ ਮੇਰੇ ਦਿਲ 'ਤੇ ਕੀ ਬੀਤਦੀ ਏ
ਕੱਢਦੀ ਫਿਰੇ ਭਾਬੀ ਦੰਦ ਸੋਹਣਿਆਂ ਵੇ!
ਕਹਿੰਦੇ ਸਾਹੇ ਨਾਲ ............

ਵੱਸ ਵਿੱਚੋਂ ਗੱਲ ਮੇਰ ਬੇਵੱਸ ਹੋ ਚੱਲੀ
ਮਾਫ਼ ਕਰੀਂ ਰਾਂਝਣਾ ਵੇ ਹੀਰ ਨੂੰ।
'ਕੰਮੇਆਣੇ' ਵਾਂਗ ਭਾਣਾ ਮੰਨ ਕੇ ਸਬਰ ਕਰੀਂ
ਕੌਣ ਮੇਟ ਸਕੇ ਤਕਦੀਰ ਨੂੰ।
ਆਸ਼ਿਕਾਂ ਦੇ ਰਾਹਾਂ 'ਚ ਝਨਾਂ ਕਦੇ ਥਲ ਹੁੰਦਾ
ਕਦੇ ਹੁੰਦਾ ਬਾਰ ਵਾਲਾ ਜੰਡ ਸੋਹਣਿਆਂ ਵੇ!
ਕਹਿੰਦੇ ਸਾਹੇ ਨਾਲ ............



# ਜਾਹ ਮੈਂ ਜਿਉਂਲਾਂਗਾ

ਜਾਹ ਮੈਂ ਜਿਉਂਲਾਂਗਾ ਤੇਰੇ ਬਿਨਾ।
ਕਿਤੇ ਤੂੰ ਵੀ ਤਾਂ ਜਿਉਂਵੇਂਗੀ ਮੇਰੇ ਬਿਨਾ।

ਤੈਨੂੰ ਭੁੱਲ ਸਕਦਾ ਜੇ ਪਹਿਲਾ ਪਹਿਲਾ ਪਿਆਰ ਨੀ।
ਮੈਂ ਵੀ ਸਿੱਖ ਲਿਆ ਬੈਠ ਜਾਣਾ ਮਨ ਮਾਰ ਨੀ।
ਤੈਨੂੰ ਸਾਡੀਆਂ ਨਹੀਂ ਲੋੜਾਂ, ਸਾਡੇ ਕੋਲ ਵੀ ਨਹੀਂ ਥੋੜਾਂ,
ਚਿਹਰੇ ਹੋਰ ਵੀ ਬਥੇਰੇ ਤੇਰੇ ਚਿਹਰੇ ਬਿਨਾ।
ਕਿਤੇ ਤੂੰ ਵੀ ਤਾਂ .........

ਮੰਨਿਆਂ ਬਗ਼ੈਰ ਤੇਰੇ ਹਾਲ ਬੁਰੇ ਹੋਣੇ ਨੀ!
ਝੋਲੀ ਵਿਚ ਪੈ ਜਾਣੇ ਉਮਰਾਂ ਦੇ ਰੋਣੇ ਨੀ।
ਜੇ ਨਹੀਂ ਤੈਨੂੰ ਪ੍ਰਵਾਹ, ਕਾਹਤੋਂ ਰੋਕਾਂ ਤੇਰਾ ਰਾਹ,
ਅਲਵਿਦਾ ਆਖੂੰ ਅੱਥਰੂ ਮੈਂ ਕੇਰੇ ਬਿਨਾ।
ਕਿਤੇ ਤੂੰ ਵੀ ਤਾਂ ..........

ਰੂਪ ਤੇ ਨਾ ਮਾਣ ਕਰ ਰੂਪਦੀਏ ਰਾਣੀਏਂ!
ਸਦਾ ਨਹੀਂ ਇਹ ਸੰਦਲੀ ਬਹਾਰਾਂ ਮਰਜਾਣੀਏਂ!
ਜੱਗ ਜੋਗੀਆਂ ਦਾ ਫੇਰਾ, ਇੱਥੇ ਸਦਾ ਨਹੀਓਂ ਡੇਰਾ,
ਇਕ ਦਿਨ ਕੂਚ ਵਾਜੇ ਅਤੇ ਸਿਹਰੇ ਬਿਨਾ।
ਕਿਤੇ ਤੂੰ ਵੀ ਤਾਂ ..........

ਅਧਵਾਟੇ ਛੱਡ ਤਾ 'ਧਰਮ ਕੰਮੇਆਣੇ' ਨੂੰ।
ਯਾਦ ਕਰੇਂਗੀ ਤੂੰ ਕਦੇ ਰੋ ਕੇ 'ਰੋਮਾਣੇ' ਨੂੰ।
ਜਦੋਂ ਹੋ ਗੇ ਕੁਵੇਲੇ, ਹੱਥ ਆਉਣੇ ਨਹੀਓਂ ਵੇਲੇ,
ਗਾਨੀ ਪਿਆਰ ਵਾਲੀ ਗੁੰਮ ਗੀ ਹਨੇਰੇ ਬਿਨਾ।
ਕਿਤੇ ਤੂੰ ਵੀ ਤਾਂ ..........

# ਪਿਆਰ

ਨਾ ਤੇਰੇ ਕੋਲ ਕੋਠੀ ਤੇ ਨਾ ਕਾਰ ਸੋਹਣਿਆਂ ਉਏ!
ਤੂੰ ਕਿਹੜੇ ਦਮ 'ਤੇ ਲੱਭਦਾ ਫਿਰਦੈਂ ਪਿਆਰ ਸੋਹਣਿਆਂ ਉਏ!

ਮੂੰਹ ਤੇ ਪਿੱਛੋਂ ਜਾਂਦੀ ਪਹਿਲਾਂ ਨਿਗ੍ਹਾ ਜ਼ੇਬ੍ਹ 'ਤੇ ਪੈਂਦੀ।
ਤੇਰੇ ਨਾਂ ਦੇ ਅੱਖਰ ਲਿਖ ਕਿਸ ਲਾਉਣੀ ਤਲੀਏਂ ਮਹਿੰਦੀ।
ਹੰਸਾਂ ਤੇ ਹਾਵੀ ਗਿਰਝਾਂ ਦੀ ਡਾਰ ਸੋਹਣਿਆਂ ਉਏ!
ਤੂੰ ਕਿਹੜੇ ਦਮ 'ਤੇ .............

ਬਾਹਰੀ ਚਮਕਾਂ-ਦਮਕਾਂ ਨੇ ਹਰ ਅੱਖ ਇੱਥੇ ਚੁੰਧਿਆਉਣੀ।
ਤੇਰੇ ਦਿਲ ਦੀ ਸੁੰਦਰਤਾ 'ਤੇ ਨਿਗ੍ਹਾ ਕਿਸੇ ਨਹੀਂ ਪਾਉਣੀ ।
ਕੌਣ ਗ਼ਰੀਬਾਂ ਦੀ ਪੁੱਛਦਾ ਹੈ ਸਾਰ ਸੋਹਣਿਆਂ ਉਏ !
ਤੂੰ ਕਿਹੜੇ ਦਮ 'ਤੇ .............

ਪੈਸੇ ਦੀ ਇਸ ਮੰਡੀ ਅੰਦਰ, ਸਿੱਕਿਆਂ ਦੀ ਸਰਦਾਰੀ।
ਤੇਰੇ ਲਈ ਕਿਸ ਲੈ ਕੇ ਬਹਿਣਾ ਸ਼ਗਨਾਂ ਦੀ ਫੁਲਕਾਰੀ।
ਏਥੇ ਹਰ ਰਿਸ਼ਤਾ ਟਕਿਆ ਦਾ ਯਾਰ ਸੋਹਣਿਆਂ ਉਏ!
ਤੂੰ ਕਿਹੜੇ ਦਮ 'ਤੇ .............

ਬੜਾ ਸੀ ਮਾਣ ਮੁਹੱਬਤ ਉਤੇ ਕਰਦਾ 'ਕੰਮੇਆਣਾ'।
ਪੈਸੇ ਵਾਲਿਆਂ ਕੱਖਾਂ ਵਾਂਗੂੰ ਦਿੱਤਾ ਰੋਲ ਨਿਮਾਣਾ।
ਬੀਤੇ ਸਮੇਂ ਨੂੰ ਰੋਂਦਾ ਧਾਹਾਂ ਮਾਰ ਸੋਹਣਿਆਂ ਉਏ !
ਤੂੰ ਕਿਹੜੇ ਦਮ 'ਤੇ .............



# ਜੇ ਮੈਨੂੰ ਇੰਜ ਛੇੜੋਂਗੇ

ਫੁੱਲਾਂ ਵਿਚ ਹੱਸਦੀ ਹੱਸਦੀ ਦਾ ਤੇਰਾ ਖ਼ੁਦ ਹੀ ਫੁੱਲ ਹੋ ਜਾਣਾ ਨੀ!
ਮੇਰਾ ਗਲਵਕੜੀ ਵਿਚ ਲੈ ਲੈਣਾ ਤੇਰਾ ਸੰਗ ਕੇ ਨੀਵੀਆਂ ਪਾਣਾ ਨੀ!
ਲਾਜਵੰਤੀ ਵਾਂਗ ਸ਼ਰਮਾਉਂਦੀ ਦਾ ਤੇਰਾ ਬੋਲ ਉਹ ਦਿਲ 'ਚੋਂ ਮਰਨਾ ਨਈਂ।
"ਜੇ ਮੈਨੂੰ ਇੰਜ ਛੇੜੋਂਗੇ ਮੈਂ ਕਦੇ ਵੀ ਮਿਲਿਆ ਕਰਨਾ ਨਈਂ।"

ਮੈਂ ਲੱਖ ਭੁਲਾਵਾਂ ਚੇਤਿਆਂ 'ਚੋਂ ਤਸਵੀਰ ਨਾ ਹੁੰਦੀ ਓਹਲੇ ਨੀ!
ਮੇਰੇ ਛੇੜਣ 'ਤੇ ਮੇਰੀ ਗੱਲ੍ਹ ਉੱਤੇ ਹੱਥ ਮਾਰਨੇ ਪੋਲੇ ਪੋਲੇ ਨੀ!
ਉਹ ਮਿਲ ਵਿਛੜਣ ਦੀਆਂ ਘੜੀਆਂ ਤੇ ਸਾਡਾ ਰਲ ਕੇ ਹਉਕਾ ਭਰਨਾ ਨੀ!
ਜੇ ਮੈਨੂੰ ਇੰਜ ਛੇੜੋਂਗੇ .........

ਜੀਅ ਕਰਦਾ ਚੁੰਮਲਾਂ ਸੜਕਾਂ ਨੂੰ ਜਿਨ੍ਹਾਂ 'ਤੇ ਰਲ ਕੇ ਘੁੰਮਦੇ ਰਹੇ।
ਲਟਬੌਲੇ ਬੁੱਲੇ ਪੌਣਾ ਦੇ ਨੀ ਸਾਡੇ ਬੋਲ ਮੁਹੱਬਤੀ ਚੁੰਮਦੇ ਰਹੇ।
ਉਹ ਮਿਲਣਾ ਸਾਡਾ ਲੁਕ ਲੁਕ ਕੇ ਤੇ ਜੱਗ ਦੀ ਨਜ਼ਰ ਤੋਂ ਡਰਨਾ ਨੀ!
ਜੇ ਮੈਨੂੰ ਇੰਜ ਛੇੜੋਂਗੇ .........

ਆਪਾਂ 'ਕੱਠੇ ਮਰਨ ਜਿਉਂਣ ਦੀਆਂ ਕਰਦੇ ਹੁੰਦੇ ਸਾਂ ਗੱਲ੍ਹਾਂ ਨੀ!
ਤੇ ਡਰਦੇ ਸਾਂ ਸਾਡੇ ਹਾਸੇ ਰੋੜ ਨਾ ਦੇਣ ਸਮੇਂ ਦੀਆਂ ਛੱਲਾਂ ਨੀ!
'ਕੰਮੇਆਣੇ' ਨੂੰ ਅੱਜ ਪੈ ਗਿਆ ਏ ਤੇਰੀ ਯਾਦ ਨਦੀ ਵਿਚ ਤਰਨਾ ਨੀ!
ਜੇ ਮੈਨੂੰ ਇੰਜ ਛੇੜੋਂਗੇ .........

# ਜਿਧਰੋਂ ਦੀ ਤੂੰ ਲੰਘ ਜੇਂ

ਇਕ ਨਹੀਂ, ਦੋ ਨਹੀਂ, ਤਿੰਨ ਨਹੀਂ, ਚਾਰ ਨਹੀਂ,
ਕਹਿੰਦੇ ਗੱਭਰੂ ਸਾਰੇ।
ਨੀ ਜਿਧਰੋਂ ਤੂੰ ਲੰਘ ਜੇਂ
ਬਿਨਾ ਪੀਤੀਓ ਵੱਜਣ ਲਲਕਾਰੇ।

ਮੁੱਖੜੇ 'ਤੇ ਟਹਿਕਦੇ ਗੁਲਾਬ ਨੀ ਸੋਹਣੀਏਂ!
ਅੱਖਾਂ ਵਿਚੋਂ ਡੁੱਲਦੀ ਸ਼ਰਾਬ ਨੀ ਸੋਹਣੀਏਂ!
ਕੂੰਜ ਪਤਲੀਏ ਨਾਰੇ।
ਨੀ ਜਿਧਰੋਂ ਦੀ ਤੂੰ ਲੰਘ ਜੇਂ ..........

ਪਿਆਰ ਤੋਂ ਵੀ ਲੱਗਦੀ ਪਿਆਰੀ ਨੀ ਸੋਹਣੀਏਂ!
ਜਿੰਦ ਜਾਨ ਤੈਥੋਂ ਬਲਿਹਾਰੀ ਨੀ ਸੋਹਣੀਏਂ!
ਜਾਈਏ ਵਾਰੇ ਵਾਰੇ।
ਨੀ ਜਿਧਰੋਂ ਦੀ ਤੂੰ ਲੰਘ ਜੇਂ ..........

ਸਾਨੂੰ ਤੇਰੇ ਨੈਣਾਂ ਨੀ ਕਵਾਰਿਆਂ ਨੇ ਮਾਰਿਆ।
ਝੂਟੇ ਖਾਂਦੇ ਲੱਕ ਦੇ ਹੁਲਾਰਿਆਂ ਨੇ ਮਾਰਿਆ।
ਪੈ ਗੇ ਮਾਮਲੇ ਭਾਰੇ।
ਨੀ ਜਿਧਰੋਂ ਦੀ ਤੂੰ ਲੰਘ ਜੇਂ ..........

ਮਾਣਮੱਤੀਏ ਨੀ ਮੋਹ ਕੇ ਲੈ ਗੀ ਮਰਜਾਣੇ ਨੂੰ।
ਹਰ ਵੇਲੇ ਤੇਰੀਆਂ ਹੀ ਸੋਚਾਂ 'ਕੰਮੇਆਣੇ' ਨੂੰ।
ਮਹਿਕਣ ਪਾਸੇ ਚਾਰੇ।
ਨੀ ਜਿਧਰੋਂ ਦੀ ਤੂੰ ਲੰਘ ਜੇਂ ..........



# ਹੱਸ ਕੇ ਨਾ ਲੰਘ ਵੈਰਨੇ

ਚੜ੍ਹੀ ਘੁੰਮ ਕੇ ਜਵਾਨੀ,
ਹੋ ਗਈ ਅੱਖ ਮਸਤਾਨੀ,
ਇਹੇ ਹੜ੍ਹ ਖੌਰੇ ਕਿਹੜੇ ਪਾਸੇ ਵਹਿਣਗੇ।
ਹੱਸ ਕੇ ਨਾ ਲੰਘ ਵੈਰਨੇ!
ਡੁੱਬ ਜਾਣੀਏਂ! ਪਵਾੜੇ ਨਵੇਂ ਪੈਣਗੇ।

ਲੱਗਦੀ ਏਂ ਮੈਨੂੰ ਲੱਖਾਂ ਸੋਹਣੀਆਂ ਤੋਂ ਸੋਹਣੀ ਨੀ!
ਸੂਰਤ ਹੈ ਤੇਰੀ ਮੱਲੋ ਮੱਲੀ ਮਨਮੋਹਨੀ ਨੀ!
ਤੁਰੇਂ ਮੜਕਾਂ ਦੇ ਨਾਲ,
ਅੰਗ-ਅੰਗ 'ਚ ਭੁਚਾਲ,
ਤੇਰਾ ਨਖਰਾ ਕਿਵੇਂ ਨੀ ਦਿਲ ਸਹਿਣਗੇ।

ਬਿਨਾ ਬੋਲੇ ਅੱਖਾਂ ਵਿਚੋਂ ਪਾਉਂਦੀ ਏਂ ਬੁਝਾਰਤਾਂ।
ਸੱਜਰੀ ਜਵਾਨੀ ਫਿਰੇ ਕਰਦੀ ਸ਼ਰਾਰਤਾਂ।
ਨੀ ਤੂੰ ਮੰਨ ਮੇਰੀ ਗੱਲ,
ਥੋੜ੍ਹਾ ਬਚ ਬਚ ਚੱਲ,
ਇਹੇ ਲੋਕੀ ਭੈੜੇ ਬੜਾ ਕੁੱਝ ਕਹਿਣਗੇ।
ਹੱਸ ਕੇ ਨਾ ਲੰਘ ਵੈਰਨ ...........

ਜੁਲਫ਼ਾਂ 'ਚ ਸੁਤੀਆਂ ਘਟਾਵਾਂ ਡੁੱਬ ਜਾਣੀਏਂ!
ਕੀਹਦੇ ਕੋਲੋਂ ਸਿੱਖੀਆਂ ਅਦਾਵਾਂ ਡੁੱਬ ਜਾਣੀਏਂ!
ਨੀ ਇਹ ਉੱਡਦੇ ਪਰਿੰਦੇ,
ਨਾ ਫੜਾਈ ਸਾਨੂੰ ਦਿੰਦੇ,
ਖੌਰੇ ਕਿਹੜਿਆਂ ਬਨੇਰਿਆਂ 'ਤੇ ਬਹਿਣਗੇ।
ਹੱਸ ਕੇ ਨਾ ਲੰਘ ਵੈਰਨ ...........

ਗੀਤ ਤੇਤੇ ਲਿਖਦਾ 'ਧਰਮ ਕੰਮੇਆਣਾ' ਨੀ!
ਦਿਲ ਤੇਰੇ ਨਾਂ ਕਰੀ ਬੈਠਾ ਮਰਜਾਣਾ ਨੀ!
ਸੁਣ ਸੋਹਣੀਏਂ ਰਕਾਨੇ,
ਨੀ ਉਹ ਮਹਿਕ ਬਣ ਜਾਣੇ,
ਬੁੱਲੇ ਤੇਰੇ ਨਾਲ ਹਵਾ ਦੇ ਜੋ ਖਹਿਣਗੇ।
ਹੱਸ ਕੇ ਨਾ ਲੰਘ ਵੈਰਨੇ!
ਡੁੱਬ ਜਾਣੀਏਂ!
ਪਵਾੜੇ ਨਵੇਂ ਪੈਣਗੇ।



## ਕਰਮਾਂ ਮਾਰੀ ਸਾਹਿਬਾਂ

ਮੇਰਾ ਪਿਆਰ ਮਾਰਤਾ ਵੀਰਾਂ ਨੇ,
ਕੀਤੀ ਵਫ਼ਾ ਨਾ ਤੀਰਾਂ ਨੇ,
ਪਹਿਲਾਂ ਹੀ ਦੁਖਿਆਰੀ ਉਤੇ ਹੋਰ ਨਾ ਕਹਿਰ ਗੁਜ਼ਾਰੋ ਵੇ!
ਤੁਸੀਂ ਕਰਮਾਂ ਮਾਰੀ ਸਾਹਿਬਾਂ ਨੂੰ ਬੇਵਫ਼ਾ ਆਖ ਨਾ ਮਾਰੋ ਵੇ!

ਮਿਰਜ਼ਾ ਮੇਰੇ ਦਿਲ ਦਾ ਜਾਨੀ, ਸਾਹ ਮੇਰੇ ਦਾ ਹਾਣੀ ਵੇ!
ਇਕ ਦੂਜੇ ਨੂੰ ਆਪਣਾ ਕਹਿਗੀ ਸਾਡੀ ਉਮਰ ਨਿਆਣੀ ਵੇ!
ਅਸੀਂ ਵਿਚ ਮਸੀਤ ਦੇ ਪੜ੍ਹਦੇ ਸਾਂ,
ਰੁੱਸਦੇ, ਮੰਨਦੇ ਤੇ ਲੜਦੇ ਸਾਂ,
ਸਾਡੇ ਨਿੱਕੇ ਨਿੱਕੇ ਪਿਆਰਾਂ ਨੂੰ ਨਾ ਨਫ਼ਰਤ ਸੂਲੀ ਚਾੜ੍ਹੋ ਵੇ!
ਤੁਸੀਂ ਕਰਮਾਂ ਮਾਰੀ ਸਾਹਿਬਾਂ ਨੂੰ ............

ਮੈਂ ਜਾਣਾ ਜਾਂ ਜਾਣੇ ਮਿਰਜ਼ਾ ਜਾਂ ਜਾਣਦਾ ਅੱਲਾ ਵੇ!
ਉਹਨੇ ਸੀ ਚੁੰਮ ਮੁੰਦਰੀ ਦਿੱਤੀ, ਮੈਂ ਦਿੱਤਾ ਸੀ ਛੱਲਾ ਵੇ!
ਅਸੀਂ ਖਾਧੀ ਕਸਮ ਕੁਰਾਨ ਵਾਲੀ,
ਇਕ ਦੂਜੇ ਲਈ ਮਰਜਾਣ ਵਾਲੀ,
ਸਾਡੇ ਇਸ਼ਕੇ ਦੇ ਦਰਿਆ ਅੰਦਰ ਨਾ ਕੂੜ ਦੀ ਕਿਸ਼ਤੀ ਤਾਰੋ ਵੇ!
ਤੁਸੀਂ ਕਰਮਾਂ ਮਾਰੀ ਸਾਹਿਬਾਂ ਨੂੰ ............

ਸਾਡੀ ਇਸ਼ਕ ਕਹਾਣੀ ਸੁਣ ਕਿੱਸਾਕਾਰਾਂ ਕਿੱਸੇ ਜੋੜ ਦਿੱਤੇ।
ਕੁੱਝ ਗੱਲਾਂ ਹੋਈਆਂ ਵਾਪਰੀਆਂ, ਕੁੱਝ ਸ਼ੋਸੇ ਕੋਲੋਂ ਜੋੜ ਦਿੱਤੇ।
'ਕੰਮੇਆਣਾ' ਕਲਮ ਹੈ ਕੋਲ ਤੇਰੇ,
ਕੁੱਝ ਕਰ ਨਿਆਂ ਤੂੰ ਨਾਲ ਮੇਰੇ,
ਲਿਖ ਗੀਤ ਤੇ ਸਮਝਾਅ ਲੋਕਾਂ ਨੂੰ ਮੇਰੀ ਕਥਾ ਨੂੰ ਫੇਰ ਵਿਚਾਰੋ ਵੇ!
ਤੁਸੀਂ ਕਰਮਾਂ ਮਾਰੀ ਸਾਹਿਬਾਂ ਨੂੰ ............

# ਜੋ ਸਭ ਤੋਂ ਵੱਧ

ਤੇਰੇ ਲਾਵਾਂ ਫੇਰੇ ਕਰਨ ਵੇਲੇ,
ਤੇਰੇ ਵਿਆਹ ਦੀ ਸਿੱਖਿਆ ਪੜ੍ਹਨ ਵੇਲੇ,
ਸਭ ਰਿਸ਼ਤੇਦਾਰਾਂ ਦੇ ਵਿਲਕਣ ਦਾ ਰੋਇਆ ਹੋਵੇਗਾ ਰੋਣਾ ਨੀ!
ਜੋ ਸਭ ਤੋਂ ਵੱਧ ਉਸ ਦਿਨ ਰੋਇਆ, ਕਿਸੇ ਜ਼ਿਕਰ ਵੀ ਕੀਤਾ ਹੋਣਾ ਨੀ!

ਸੀਨੇ ਸੰਗ ਲੱਗ ਕੇ ਕਹਿੰਦੀ ਸੈਂ, ਕਦੇ ਸਾਰੀ ਉਮਰ ਲਈ ਤੇਰੀ ਨੀ!
ਗ਼ੈਰਾਂ ਦੀ ਮਹਿੰਦੀ ਲਾਉਣ ਲੱਗੀ ਨੇ ਪਲ ਨਾ ਲਾਈ ਦੇਰੀ ਨੀ!
ਆਸ਼ਿਕ ਦੇ ਪੱਲੇ ਪਾ ਚੱਲੀ ਤੂੰ ਸਾਰੀ ਉਮਰ ਦਾ ਰੋਣਾ ਨੀ!
ਜੋ ਸਭ ਤੋਂ ਵੱਧ .........

ਤੇਰੇ ਵਿਆਹ ਦੇ ਗੀਤਾਂ ਦੇ ਅੰਦਰ ਸਾਡੇ ਹਉਕੇ ਰੁਲਗੇ ਹੋਣੇ ਨੀ!
ਲਾਹ ਕੇ ਸਿੱਟੇ ਹੋਏ ਸੂਟ ਵਾਂਗ ਸਭ ਵਾਅਦੇ ਭੁਲਗੇ ਹੋਣੇ ਨੀ!
ਦਿਲ ਲੈਕੇ ਦਿਲ ਦੇ ਜਾਨੀ ’ਤੇ ਇੰਜ ਨਹੀਂ ਸੀ ਜ਼ੁਲਮ ਕਮਾਉਣਾ ਨੀ!
ਜੋ ਸਭ ਤੋਂ ਵੱਧ .........

ਤੈਨੂੰ ਭੋਰਾ ਹੀ ਸੰਗ ਲੱਗੀ ਨਾ ਗ਼ੈਰਾਂ ਨੂੰ ਆਪਣਾ ਕਹਿਣ ਲੱਗੇ!
ਸਾਡੀ ਯਾਦ ਦੇ ਸੁੱਚੇ ਰੁੱਖ ਉੱਤੇ ਗਿਰਝਾਂ ਦੀ ਡਾਰ ਬਣ ਬਹਿਣ ਗੱਲੇ।
ਸਾਡਾ ਬਾਗ਼ ਉਜਾੜ ਕੇ ਹੋਰਾਂ ਦਾ ਤੂੰ ਗੁਲਸ਼ਨ ਹੈ ਮਹਿਕਾਉਣਾ ਨੀ!
ਜੋ ਸਭ ਤੋਂ ਵੱਧ .........

ਤੇਰੇ ਵਿਆਹ ਵਾਲੇ ਦਿਨ ਕੰਮੇਆਣਾ ’ਕੱਲਾ ਬਹਿ ਕੇ ਦਾਰੂ ਪੀਂਦਾ ਰਿਹਾ।
ਉਂਜ ਮਰਿਆਂ ਵਰਗਾ ਬੀਤੇ ਨੂੰ ਚੇਤੇ ਕਰ ਕਰਕੇ ਜੀਂਦਾ ਰਿਹਾ।
ਤੇਰੇ ਬੇਵਫ਼ਾਈ ਦੇ ਗੀਤਾਂ ਨੂੰ ਗਾਇਕਾਂ ਨੇ ਰੋ ਰੋ ਗਾਉਣਾ ਨੀ!
ਜੋ ਸਭ ਤੋਂ ਵੱਧ .........



# ਕੱਲ੍ਹ ਤੋਂ ਕਾਲਜ ਨਹੀਂ ਆਉਣਾ

ਮਾਪਿਆਂ ਨੂੰ ਖ਼ਬਰਾਂ ਹੋਈਆਂ ਵੇ! ਤੇਰੇ ਮੇਰੇ ਪਿਆਰ ਦੀਆਂ,
ਤੇਰੇ ਅੱਗੇ ਵੇ ਮੈਂ ਚੰਨਾ! ਅਰਜ਼ਾਂ ਗੁਜ਼ਾਰ ਦੀਆਂ,
ਕਹਿੰਦੇ ਹੋ ਗਈਆਂ ਬਹੁਤ ਪੜ੍ਹਾਈਆਂ
ਅਸੀਂ ਨਹੀਂ ਤੈਨੂੰ ਹੋਰ ਪੜ੍ਹਾਉਣਾ!
ਮੈਨੂੰ ਮਾਫ਼ ਕਰੀਂ ਚੰਨ ਵੇ!
ਮੈਂ ਕੱਲ੍ਹ ਤੋਂ ਕਾਲਜ ਨਹੀਂ ਆਉਣਾ!

ਕੀਤਾ ਇਕ ਇਕ ਯਾਦ ਹੈ ਵਾਅਦਾ, ਇਹ ਨਾ ਸਮਝੀ ਭੁੱਲ ਗਈ ਮੈਂ।
ਤੇਰੇ ਬਾਝੋਂ ਹਾਣੀਆ ਵੇ! ਕੱਖਾਂ ਦੇ ਵਾਂਗ ਹਾਂ ਰੁਲ ਗੀ ਮੈਂ।
ਜਿੰਦ ਹਉਕਿਆਂ ਦੇ ਵੱਸ ਪੈ ਗਈ ਤੇ ਭੁੱਲ ਗਿਆ ਮੁਸਕਾਉਣਾ।
ਮੈਨੂੰ ਮਾਫ਼ ਕਰੀਂ ਚੰਨ ਵੇ ...............

ਤੇਰੇ ਬਾਝੋਂ ਹੋਰ ਕਿਤੇ ਮੈਨੂੰ ਦਰਦੀ ਦਿਸੇ ਨਾ ਕੋਈ ਵੇ।
ਕੱਲ੍ਹ ਤੋਂ ਸਮਝੀ ਲੀਂ ਮੈਂ ਘਰ ਅੰਦਰ ਨਜ਼ਰਬੰਦ ਹਾਂ ਹੋਈ ਵੇ।
ਤੇਰੀ ਯਾਦ ਸਹਾਰੇ ਚੰਨਾ ਵੇ! ਮੈਨੂੰ ਪਊ ਜੀਉਣਾ।
ਮੈਨੂੰ ਮਾਫ਼ ਕਰੀਂ ਚੰਨ ਵੇ ...............

ਕੋਰੇ ਸਫ਼ਿਆਂ ’ਤੇ ਲਿਖ ਤੂੰ ਸੀ, ਰੰਗ ਮੁਹੱਬਤੀ ਚਾੜ੍ਹ ਦਿੱਤੇ।
ਘਰ ਦਿਆਂ ਨੇ ਉਹ ਲੈਟਰ ਚੁੱਕ ਕੇ ਚੁੱਲ੍ਹੇ ਦੇ ਵਿਚ ਸਾੜ ਦਿੱਤੇ।
ਕਹਿੰਦੇ ਤੈਨੂੰ ਕਾਲਜ ਘੱਲ ਕੇ ਚੰਦ ਨਹੀਂ ਨਵਾਂ ਚੜ੍ਹਾਉਣਾ।
ਮੈਨੂੰ ਮਾਫ਼ ਕਰੀਂ ਚੰਨ ਵੇ ...............

ਅਬਲਾ ਦਾ ਕੋਈ ਜ਼ੋਰ ਨਹੀਂ ਚਲਦਾ ਡਾਢਿਆਂ ਹੱਥੀਂ ਡੋਰੀਆਂ ਵੇ!
ਉਸੇ ਨਾਲ ਤੁਰ ਜਾਣ ਨਿਕਰਮੀਆਂ ਜਿਸ ਸੰਗ ਮਾਪਿਆਂ ਤੋਰੀਆਂ ਵੇ!
‘ਕੰਮੇਆਣੇ’ ਵਾਂਗੂੰ ਸਾਨੂੰ ਵੀ ਪਊ ਦਰਦ ਹੰਢਾਉਣਾ।
ਮੈਨੂੰ ਮਾਫ਼ ਕਰੀਂ ਚੰਨ ਵੇ ...............

## ਤੇਰੇ ਵਿਆਹ ਦੀ ਐਲਬਮ

ਤਲੀਆਂ ਵਿਚ ਬੜਾ ਦਿਲ ਨੂੰ ਘੁੱਟਿਆ,
ਬੜਾ ਰੋਕਿਆ ਮਨ ਨਾ ਰੁਕਿਆ;
ਜਿਵੇਂ ਸਾਉਣ ਦਾ ਬੱਦਲ ਕਾਲਾ ਪਲ ਵਿਚ ਹੀ ਵਰ੍ਹ ਆਇਆ।
ਨੀ ਤੇਰੇ ਵਿਆਹ ਦੀ ਐਲਬਮ ਵੇਖ ਕੇ, ਮੈਂ ਕੂੰਜ ਵਾਂਗ ਕੁਰਲਾਇਆ।

’ਕੱਠੇ ਖੇਡੇ ਗਲੀਆਂ ਦੇ ਵਿਚ, ’ਕੱਠੇ ਚੜ੍ਹੇ ਜਵਾਨੀ।
ਮੇਰੀ ਅੱਖ ਵਿਚ ਡੋਰੇ ਉੱਤਰੇ, ਤੇਰੀ ਅੱਖ ਮਸਤਾਨੀ।
ਦਿਲ ਵਿਚ ਸੁੱਤੇ ਸੁਪਣੇ ਨੂੰ ਸੀ ਜੋਬਨ ਆਣ ਜਗਾਇਆ।

ਲੱਖਾਂ ਸੁਪਣੇ ਕੱਤੇ ਆਪਾਂ ਲੱਖਾਂ ਰੀਝਾਂ ਬੁਣੀਆਂ।
ਇਹ ਗੱਲਾਂ ਰੱਬ ਜਾਣੇ ਤੇ ਜਾਂ ਖੇਤੀਂ ਫ਼ਸਲਾਂ ਸੁਣੀਆਂ।
ਪੀਲਾ ਫੁੱਲ ਸਰ੍ਹੋਂ ਦਾ ਤੇਰੇ ਵਾਲਾਂ ਵਿਚ ਮੁਸਕਾਇਆ।

ਜਿਹੜੇ ਪਿੰਡ ਤੂੰ ਜੰਮ ਜਾਈ ਉਹੀਓ ਪਿੰਡ ਹੈ ਮੇਰਾ।
ਤੇ ਏਸੇ ਹੀ ਗੱਲ ਨੇ ਅੜੀਏ! ਕਰਤਾ ਖੜ੍ਹਾ ਬਖੇੜਾ।
ਪਿੰਡ ਦੇ ਮੁੰਡੇ ਨਾ ਪਿੰਡ ਦੀ ਕੁੜੀ ਨੂੰ ਕਦੋਂ ਕਿਸੇ ਨੇ ਵਿਆਹਿਆ।

ਫਿਰ ਸੁਣਿਆਂ ਤੇਰੀ ਹੋ ਗਈ ਮੰਗਣੀ ਸਾਹੇ ਬੰਨ੍ਹ’ਤਾ ਤੈਨੂੰ।
ਕੈਦਣ ਰੋਈ ਰਹੀ ਤੜਪਦੀ ਮਿਲਣ ਵਾਸਤੇ ਮੈਨੂੰ।
ਤੇਰੇ ਵਿਆਹ ਦੇ ਗੀਤਾਂ ਮੇਰੇ ਦਿਲ ਵਿਚ ਸਿਵਾ ਮਚਾਇਆ

ਐਲਬਮ ਦੀਆਂ ਤਸਵੀਰਾਂ ਵਿਚ ਰੂਹ ਮੇਰੀ ਗੁੰਮ ਹੋਈ।
ਤੇਰੇ ਨਾਲ ਜਿੱਥੇ ਮੈਂ ਵੀ ਖੜ੍ਹਨਾ ਖੜ੍ਹਾ ਜਾਂ ਤੱਕਿਆ ਕੋਈ।
‘ਕੰਮੇਆਣਾ’ ਇਕ ਹਉਕੇ ਵਰਗੀ ਜਿੰਦ ਨਾਲ ਪਰਨਾਇਆ।



## ਜਾ ਕੇ ਕੈਨੇਡਾ ਵਿਚ ਬਹਿ ਗੀ

ਨੀ ਤੂੰ ਕਾਲਜ ’ਚ ਆਕੇ, ਪਿਆਰ ਮੇਰੇ ਨਾ ਵਧਾ ਕੇ,
ਗਲ ਵਿਚ ਬਾਹਾਂ ਪਾ ਕੇ, ਮੈਨੂੰ ਹਸਣਾ ਸਿਖਾ ਕੇ,
ਪਿੱਛੋਂ ਦਿਲ ’ਚ ਕਟਾਰ ਬਣ ਲਹਿ ਗੀ।
ਨੀ ਸਾਡੇ ਪੱਲੇ ਰੋਣੇ ਪੈ ਗਏ,
ਆਪ ਜਾ ਕੇ ਤੂੰ ਕੈਨੇਡਾ ਵਿਚ ਬਹਿ ਗੀ।

ਹਾਸਿਆਂ ਦੇ ਲਾਰੇ ਲਾ ਕੇ ਗ਼ਮ ਝੋਲੀ ਪਾਏ ਨੀ।
ਚਾਅ ਸਾਡੇ ਪਲਾਂ ਵਿਚ ਮਿੱਟੀ ’ਚ ਮਿਲਾਏ ਨੀ।
ਸਾਡੇ ਹੱਥ ਤੋਂ ਲਕੀਰ ਤੇਰੀ ਢਹਿ ਗੀ।
ਨੀ ਸਾਡੇ ਪੱਲੇ ਰੋਣੇ ਪੈ ਗਏ...............

ਚੀਚੀ ਚੀਰ ਲਹੂ ਨਾਲ ਲਿਖੇ ਕਦੇ ਖ਼ਤ ਨੀ।
ਮੁੰਦੀ ਲਾਹ ਕੇ ਲੈ ਗੀ ਮੇਰੀ ਪੋਲਾ ਜਿਹਾ ਹੱਸ ਨੀ।
ਮੈਂ ਨਹੀਂ ਮੋੜਣੀ ਮੇਚ ਮੇਰੇ ਕਹਿਗੀ।
ਨੀ ਸਾਡੇ ਪੱਲੇ ਰੋਣੇ ਪੈ ਗਏ...............

ਮੋਰਾਂ ਦੇ ਤੂੰ ਖੰਭ ਜਿਹੜੇ ਰੱਖੇ ਸੀ ਕਿਤਾਬ ’ਚ।
ਅਜੇ ਤੱਕ ਪੈਲਾਂ ਪਾਉਂਦੇ ਰਹਿੰਦੇ ਮੇਰੀ ਯਾਦ ’ਚ।
ਸਾਡੇ ਪੱਲੇ ਲਾਰਿਆਂ ਦੀ ਪੰਡ ਰਹਿ ਗੀ।
ਨੀ ਸਾਡੇ ਪੱਲੇ ਰੋਣੇ ਪੈ ਗਏ...............

ਤੈਨੂੰ ਨੀ ਬਦੇਸ਼ ਦੀਆਂ ਰੌਣਕਾਂ ਨੇ ਮੋਹ ਲਿਆ।
ਡਾਲਰਾਂ ਦੀ ਚਮਕ ਪਿਆਰ ਮੇਰਾ ਖੋਹ ਲਿਆ।
‘ਕੰਮਆਣੇ’ ਨਾ ਮੌਤ ਅੱਜ ਖਹਿ ਗੀ।
ਨੀ ਸਾਡੇ ਪੱਲੇ ਰੋਣੇ ਪੈ ਗਏ...............

# ਤਰਸਦੀ ਮਰੇਂ ਪਿਆਰ ਨੂੰ

ਸਾਡੇ ਇਸ਼ਕੇ ਦੀ ਕੁੱਲੀ ਲਾ ਕੇ ਅੱਗ ਨੀ!
ਕੀਤਾ ਕੀਚਰਾਂ ਤੂੰ ਦਿਲ ਸਾਡਾ ਅੱਜ ਨੀ!
ਮੈਨੂੰ ਛੱਡ ਗੀ ਬੇਗਾਨਾ ਜਾਣ ਕੇ,
ਪਹਿਲਾਂ ਹੱਸ ਹੱਸ ਪਿਆਰ ਹਾਏ! ਵਧਾਅ!
ਨੀ ਤੂੰ ਤਰਸਦੀ ਮਰੇਂ ਪਿਆਰ ਨੂੰ,
ਤੈਨੂੰ ਰੱਬ ਕੋਲੋਂ ਮਿਲੇ ਇਹ ਸਜ਼ਾ।

ਤੇਰੇ ਸੀਨੇ ਸੂਲ ਕੋਈ ਬਿਰਹੋਂ ਦੀ ਖੁੱਭ ਜੇ।
ਦਿਨਾਂ ਵਾਲਾ ਚੈਨ, ਨੀਂਦ ਰਾਤਾਂ ਵਾਲੀ ਉੱਡਜੇ।
ਪਤਾ ਲੱਗੇ ਤੈਨੂੰ ਕੀ ਜੁਦਾਈ ਹੁੰਦੀ ਹੈ,
ਕਿਸੇ ਨਾਲ ਕਿੰਜ ਬੇਵਫ਼ਾਈ ਹੁੰਦੀ ਹੈ,
ਰੋਵੇਂ ਭੁੱਬਾਂ ਮਾਰ ਮਾਰ ਵੈਰਨੇ!
ਨੀ ਤੂੰ ਅੱਖਾਂ ਵਿਚੋਂ ਅੱਥਰੂ ਵਹਾਅ।
ਨੀ ਤੂੰ ਤਰਸਦੀ ਮਰੇਂ ਪਿਆਰ ਨੂੰ ...........

ਤੇਰੇ ਭਾਣੇ ਹਾਸਾ ਰੋਗ ਉਮਰਾਂ ਦੇ ਲਾ ਗਈ।
ਨੰਗੇ ਪਿੰਡੇ ਕੀੜਿਆਂ ਦੇ ਭੌਣ 'ਤੇ ਬਿਠਾ ਗਈ।
ਤੈਨੂੰ ਕਿਹੜਾ ਭੁੱਲ ਦਿਨ ਬੀਤਦੇ ਕਿਵੇਂ,
ਹੜ੍ਹ ਵਿਚ ਘਿਰ ਜਾਵੇ ਬਾਲ ਕੋਈ ਜਿਵੇਂ,
ਮੈਨੂੰ ਕਿਸ਼ਤੀ ਚੜ੍ਹਾ ਕੇ ਪਿਆਰ ਦੀ
ਹੱਥੀਂ ਡੋਬ ਗੇ ਨੀ ਚੰਦਰੇ ਮਲਾਹ।
ਨੀ ਤੂੰ ਤਰਸਦੀ ਮਰੇਂ ਪਿਆਰ ਨੂੰ ...........



ਬੈਠੀ ਨੇ ਕਲਾਸ ਵਿਚ ਮੇਰੇ ਵੱਲੀਂ ਸਿੱਟੀ ਨੀ।
ਪਿਆਰ ਭਰੇ ਸ਼ਿਅਰਾਂ ਨਾਲ ਲਿਖੀ ਹੋਈ ਚਿੱਠੀ ਨੀ।
ਲਿਖਿਆ ਸੀ ਲੁਕ ਕੀ ਹੈ ਤੇਰੇ ਵੇ ਅੱਗੇ,
ਮੇਰਾ ਤੇਰੇ ਬਿਨਾਂ ਕਾਲਜ 'ਚ ਜੀਅ ਨਾ ਲੱਗੇ,
ਕਦੇ ਫ਼ੌਜੀਆਂ ਦੇ ਵਾਂਗ ਹਾਣਨੇ
'ਕੱਠੇ ਤੁਰਦੇ ਸੀ ਕਦਮ ਮਿਲਾਅ।
ਨੀ ਤੂੰ ਤਰਸਦੀ ਮਰੇਂ ਪਿਆਰ ਨੂੰ ...........

ਕਿਹੜੇ ਮੂੰਹ ਦੇ ਨਾਲ ਹੁਣ ਮੁੜੇ 'ਕੰਮੇਆਣੇ' ਨੂੰ।
ਰਾਂਝੇ ਵਾਂਗੂੰ ਰੋਲ ਦਿੱਤਾ 'ਧਰਮ ਰੋਮਾਣੇ' ਨੂੰ।
ਬੱਚੇ ਜਿਵੇਂ ਖੇਡ ਕੇ ਖਿਡੌਣਿਆਂ ਦੇ ਨਾਲ,
ਘੜੀ ਪਲ ਪਿੱਛੋਂ ਭੁੱਲ ਜਾਂਦੇ ਨੇ ਖ਼ਿਆਲ,
ਉਵੇਂ ਸਾਡੇ ਨਾਲ ਕਰ ਗਈ
ਨੀ ਤੂੰ ਗ਼ੈਰਾਂ ਦੇ ਗਲੇ 'ਚ ਬਾਹਾਂ ਪਾਅ।
ਨੀ ਤੂੰ ਤਰਸਦੀ ਮਰੇਂ ਪਿਆਰ ਨੂੰ ...........

# ਜਾਂਦੀ ਡੋਲੀ ਰੋਕ ਲਊਂ

ਆਸ਼ਿਕ ਮੂਲ ਨਾ ਸਹਿੰਦੇ ਦਾਬਾ,
ਭਾਵੇਂ ਹੋ ਜੇ ਖ਼ੂਨ ਖਰਾਬਾ,
ਚੁਪ ਕਰਕੇ ਨਹੀਂ ਬਹਿਣਾ।
ਮੈਂ ਤੇਰੀ ਜਾਂਦੀ ਡੋਲੀ ਰੋਕ ਲਊਂ
ਕਿਸੇ ਹੋਰ ਦੀ ਹੋਣ ਨਾ ਦੇਣਾ।

ਤੂੰ ਮੇਰੀ ਤੇ ਮੈਂ ਹਾਂ ਤੇਰਾ,
ਵਿਚ ਵਿਚਾਲੇ ਆ ਜੂ ਕਿਹੜਾ,
ਮੇਰੇ ਜਿਉਂਦਿਆਂ ਹੋਰ ਕੋਈ ਲੈ ਜੇ
ਸਾਰੀ ਉਮਰ ਦਾ ਮਿਹਣਾ।
ਮੈਂ ਤੇਰੀ ਜਾਂਦੀ ਡੋਲੀ .............

ਲਵ-ਲੈਟਰ ਵਿਚ ਲਿਖੀਆਂ ਗੱਲਾਂ,
ਪਿਆਰ ਹੈ ਦਿਲ ਦਰਿਆ ਦੀਆਂ ਛੱਲਾਂ,
ਤੂੰ ਵਾਅਦੇ ਤੋਂ ਡੋਲ ਨਾ ਜਾਈਂ
ਬੁਰਾ ਵਿਛੋੜਾ ਸਹਿਣਾ।
ਮੈਂ ਤੇਰੀ ਜਾਂਦੀ ਡੋਲੀ .............

ਯਾਦ ਤੇਰੀ ਵਿਚ ਰੋਣ ਦੇ ਨਾਲੋਂ ,
ਕੂੰਜ ਵਾਂਗ ਕੁਰਲਾਉਣ ਦੇ ਨਾਲੋਂ,
ਮਰਦਾਂ ਵਾਂਗ ਹਿੱਕ ਡਾਹ ਕੇ ਮਰਜੂੰ
ਨਾਲ ਪਹਾੜਾ ਖਹਿਣਾ।
ਮੈਂ ਤੇਰੀ ਜਾਂਦੀ ਡੋਲੀ .............

ਮਨ ਵਿਚ ਗੱਲ ਵਿਚਾਰ ਲਈ ਏ,
ਮੈਂ ਤਾਂ ਪੱਕੀ ਧਾਰ ਲਈ ਏ,
ਡਾਂਗ ਨਾਲ ਹੱਕ ਖੋਹਲੂੰ ਆਪਣਾ
'ਕੰਮੇਆਣੇ' ਦਾ ਕਹਿਣਾ।
ਮੈਂ ਤੇਰੀ ਜਾਂਦੀ ਡੋਲੀ .............



# ਪੀਂਘਾਂ ਪਿਆਰ ਦੀਆਂ

ਪੀਂਘਾਂ ਪਿਆਰ ਦੀਆਂ, ਝੂਟ ਲਈਏ ਮੁਟਿਆਰੇ।
ਭੁੱਲ ਕੇ ਝਮੇਲੇ ਸਾਰੇ
ਨੀ ਪੀਂਘਾ ਪਿਆਰ ਦੀਆਂ ............

ਹੁਸਨ, ਜਵਾਨੀ, ਰੰਗ ਫੁੱਲਾਂ ਦੇ ਹਾਣਦੀਏ!
ਸਦਾ ਕੋਲ ਨਹੀਂ ਰਹਿੰਦੇ ਦਿਲ ਦੀਆਂ ਜਾਣਦੀਏ!
ਨਿੱਤ ਨਾ ਮਿਲਣ ਨਜ਼ਾਰੇ!
ਨੀ ਪੀਂਘਾ ਪਿਆਰ ਦੀਆਂ ............

ਤੇਰੇ ਗੋਰੇ ਮੁੱਖ ਤੇ ਕਾਲਾ ਤਿਲ ਬੱਲੀਏ!
ਤੇਰੇ ਤਿਲ ਨੇ ਲੁੱਟਿਆ ਸਾਡਾ ਦਿਲ ਬੱਲੀਏ!
ਜਾਵਾਂ ਮੈਂ ਬਲਿਹਾਰੇ।
ਨੀ ਪੀਂਘਾ ਪਿਆਰ ਦੀਆਂ ............

ਡਰ ਦੁਨੀਆਂ ਦਾ ਕੱਢ ਕੇ ਕਿਧਰੇ ਰੱਖ ਆਈਏ।
ਆ ਜਾ ਰਲ ਕੇ ਰੂਹ ਦੇ  ਨਗਮੇ ਅੱਜ ਗਾਈਏ।
ਨਿੱਤ ਲਾਉਂਦੀ ਏਂ ਲਾਰੇ।
ਨੀ ਪੀਂਘਾ ਪਿਆਰ ਦੀਆਂ ............

ਮਾਣ ਤੋੜ ਨਾ ਦੇਵੀਂ ਨੀ 'ਕੰਮੇਆਣੇ' ਦਾ।
ਤੇਰੇ ਤੇ ਦਿਲ ਆਇਆ ਹੈ ਮਰਜਾਣੇ ਦਾ।
ਜ਼ਾਮਨ ਨੇ ਚੰਨ-ਤਾਰੇ।
ਨੀ ਪੀਂਘਾ ਪਿਆਰ ਦੀਆਂ ............

## ਮਾਡਰਨ ਕਲੀ

ਚੜ੍ਹੀ ਜਵਾਨੀ, ਅੱਖ ਮਸਤਾਨੀ ਹੋ ਗੀ ਹਾਣਦੀਏ,
ਯੈਂਕੀ ਬਣ-ਬਣ ਤੁਰਦੀ ਜੀਨਾਂ ਭੀੜੀਆਂ ਪਾ ਕੇ।
ਤੇਰਾ ਹਾਸਾ, ਨੀ ਖੰਡ ਪਤਾਸਾ ਘੁਲਜੇ ਸਾਹਾਂ 'ਚ,
ਪਲ ਵਿਚ ਰੱਖ ਦਿੰਨੀ ਏਂ ਦਿਲ ਦੇ ਡਾਹਣ ਹਿਲਾ ਕੇ।

ਤੇਰਾ ਨਖਰਾ ਨੀ ਜੱਗੋਂ ਵੱਖਰਾ ਮਨ ਨੂੰ ਮੋਹ ਲੈਂਦਾ,
ਸੱਚੀ ਗੱਲ ਆਖਾਂ ਨਾ ਰੱਖਾਂ ਕੁੱਝ ਲੁਕਾ ਕੇ।
ਪਹਿਲੇ ਤੋੜ ਦੀ ਵਰਗਾ ਨਸ਼ਾ ਚੜ੍ਹਾ ਦੇਂ ਮਿੱਤਰਾਂ ਨੂੰ,
ਜਦ ਤੂੰ ਲੰਘਦੀ ਏ ਨੀ ਕੋਲੋਂ ਨੀਵੀਆਂ ਪਾ ਕੇ।

ਕਰਤਾ ਝੱਲੇ ਤੂੰ ਝੱਲ ਵਲੱਲੇ ਨੀ ਸਾਨੂੰ ਹਾਣਦੀਏ,
ਚੁੰਨੀ ਪੱਗ ਸਾਡੀ ਦੇ ਵਰਗੀ ਨੀ ਰੰਗਵਾ ਕੇ।
ਅਸੀਂ ਤਾਂ ਸਿਰ ਤੋਂ ਲੈ ਕੇ ਪੈਰਾਂ ਤੀਕਰ ਹਿੱਲ ਜਾਈਏ,
ਜਦ ਤੰ ਤੁਰ ਜਾਵੇਂ ਹੌਲੀ ਜਿਹੀ ਹੱਥ ਹਿਲਾ ਕੇ।

ਹਾਸੇ ਡੁੱਲਦੇ, ਹੰਝੂ ਡੁੱਲ੍ਹਦੇ ਆਪ ਮੁਹਾਰੇ ਨੀ,
ਚੁਪ-ਚੁਪੀਤੇ ਕੋਲੋਂ ਲੰਘੇਂ ਜਦ ਮੁਸਕਾ ਕੇ।
ਤੇਰੇ ਦਿਲ ਦੀ ਤੂੰ ਹੀ ਜਾਣੇ ਨੀ ਮਰਜਾਣੀਏਂ,
ਮੈਂ ਤਾਂ ਤੇਰੇ ਪਿੱਛੇ ਬਹਿ ਗਿਆ ਜੱਗ ਭੁਲਾ ਕੇ।

ਮੰਗਾਂ ਕੀ ਰੱਬ ਤੋਂ, ਤੂੰ ਉੱਤੇ ਸਭ ਤੋਂ, ਜੇ ਮੈਨੂੰ ਮਿਲ ਜਾਵੇਂ,
ਅਸੀਂ ਤਾਂ ਬੈਠਜੀਏ ਸੁਰਗਾਂ ਨੂੰ ਪੌੜੀ ਲਾ ਕੇ।
ਤੇਰੀਆਂ ਥੋੜਾਂ, ਮੈਂ ਤੈਨੂੰ ਲੋੜਾਂ ਦਿਲ ਦੀਆਂ ਜਾਣਦੀਏ,
ਤੈਨੂੰ ਲੈ ਜਾਣਾ ਮੈਂ 'ਕੰਮਆਣੇ' ਵਿਆਹ ਕੇ।



## ਯਾਦ ਵਤਨ ਦੀ

ਜਦ ਪ੍ਰਦੇਸਾਂ ਵਿਚ ਯਾਦ ਵਤਨ ਦੀ ਆਉਂਦੀ ਏ।
ਡਾਰੋਂ ਵਿੱਛੜੀ ਕੂੰਜ ਦੇ ਵਾਂਗੂੰ ਰੂਹ ਕੁਰਲਾਉਂਦੀ ਏ।

ਜਦ ਚੇਤਾ ਆਉਂਦਾ ਮਾਂ-ਪਿਉ, ਭੈਣ-ਭਰਾਵਾਂ ਦਾ।
ਪਿਪਲੀ ਵਾਲੇ ਖੂਹ ਦੀਆਂ ਠੰਡੀਆਂ ਛਾਵਾਂ ਦਾ।
ਉਦੋਂ ਸੋਚਾਂ ਵਿਚ ਮੁਟਿਆਰ ਕੋਈ ਪੀਂਘ ਝੁਟਾਉਂਦੀ ਏ।
ਜਦ ਪ੍ਰਦੇਸਾਂ ਵਿਚ ..........

ਜਦ ਵੀਕ ਐਂਡ ਤੇ ਜਾ ਬਹਿੰਦੇ ਵਿਚ ਬਾਰਾਂ ਦੇ।
ਚੇਤੇ ਆਉਂਦੇ ਬੱਕਰੇ ਬੁਲਾਉਣੇ ਨਾਲ ਰਲ ਯਾਰਾਂ ਦੇ।
ਉਹ ਆਪਣੇ ਦੇਸ਼ ਜਿਹੀ ਮੌਜ ਕਿਤੋਂ ਨਾ ਥਿਆਉਂਦੀ ਏ।

ਜਦ ਵਤਨ ਤੋਂ ਲਿਖਿਆ ਖ਼ਤ ਕੋਈ ਆ ਕੇ ਮਿਲਦਾ ਏ।
ਕੀਹਨੂੰ ਦੱਸੀਏ ਹਾਲ ਕੀ ਹੁੰਦਾ ਸਾਡੇ ਦਿਲ ਦਾ ਏ।
ਉਹਦੀ ਕੋਈ ਲਾਈਨ ਹਸਾਉਂਦੀ, ਕੋਈ ਰਵਾਉਂਦੀ ਏ।
ਜਦ ਪ੍ਰਦੇਸਾਂ ਵਿਚ ..........

ਵਤਨਾ ਵਾਲੇ ਸਮਝਣ ਸੁਰਗਾਂ ਵਿਚ ਅਸੀਂ ਰਹਿੰਦੇ ਹਾਂ।
ਉਹ ਕੀ ਜਾਣਨ ਅਸੀਂ ਕਿੱਦਾਂ ਵਿਛੋੜੇ ਸਹਿੰਦੇ ਹਾਂ।
'ਕੰਮੇਆਣਾ' ਜ਼ਿੰਦਗੀ ਕੀ ਕੀ ਨਾਚ ਨਚਾਉਂਦੀ ਏ।
ਜਦ ਪ੍ਰਦੇਸਾਂ ਵਿਚ ..........

# ਗਿੱਧੇ ਵਿਚ ਨੱਚੀ ਪਤਲੋ

ਅੱਡੀ ਵੱਜਦੀ ਏ ਥੱਲੇ, ਹਿੱਕ ਧਰਤੀ ਦੀ ਹੱਲੇ।
ਬੰਨ੍ਹੇ ਗੁੱਟਾਂ 'ਤੇ ਰੁਮਾਲ, ਉਂਗਲਾਂ 'ਚ ਛਾਪਾਂ-ਛੱਲੇ।
ਸਾਰੇ ਕਹਿਣ ਬੱਲੇ ਬੱਲੇ, ਸਾਰੇ ਕਹਿਣ ਬੱਲੇ ਬੱਲੇ।
ਵਿਹੜਾ ਭਰਿਆ ਸੁਗੰਧ ਨਾਲ ਸਾਰਾ।
ਗਿੱਧੇ ਵਿਚ ਨੱਚੀ ਪਤਲੋ,
ਹੋਇਆ ਵੇਖ ਕੇ ਸ਼ਰਾਬੀ ਪਿੰਡ ਸਾਰਾ।

ਬੋਲੀ ਪਾਉਂਦੀ ਭਾਬੀ ਨਾਲ ਇੱਕ-ਮਿੱਕ ਕੇ।
ਗਿੱਧੇ 'ਚ ਲਿਆਵੇ ਉਹਨੂੰ ਖਿੱਚ ਖਿੱਚ ਕੇ।
ਕਹਿੰਦੀ ਭਾਗਾਂ ਨਾਲ ਆਉਂਦਾ ਇਹ ਦਿਹਾੜਾ।
ਗਿੱਧੇ ਵਿਚ ਨੱਚੀ ਪਤਲੋ ...........

ਸੋਹਣੀਆਂ ਦੇ ਰੂਪ ਕਈ ਭੁਲੇਖੇ ਪਾ ਗਏ।
ਜਾਪੇ ਯਾਨੀ ਪਰੀਆਂ ਦੇ ਦੇਸ਼ ਆ ਗਏ।
ਗਿੱਧਾ ਜਾਪਦਾ ਇੰਦਰ ਦਾ 'ਖਾੜਾ।
ਗਿੱਧੇ ਵਿਚ ਨੱਚੀ ਪਤਲੋ ...........

ਜੱਟੀ ਦੀ ਜਵਾਨੀ ਲੋਹੜੇ ਹੀ ਲਿਆ ਦਿੱਤੇ।
ਨੱਚਦੀ ਨੇ ਧਰਤੀ 'ਤੇ ਚਿੱਬ ਪਾ ਦਿੱਤੇ।
'ਕੰਮੇਆਣੇ' ਅੱਖੀ ਵੇਖਿਆ ਨਜ਼ਾਰਾ।
ਗਿੱਧੇ ਵਿਚ ਨੱਚੀ ਪਤਲੋ ...........



# ਆ ਕੇ ਵਿਚ ਇੰਗਲੈਂਡ

ਪਿੰਡ ਜੀਹਨੂੰ ਟੁੱਟੀ ਭੱਜੀ ਨਹੀਂ ਸੀ ਬੁਲਾਉਂਦੀ,
ਹਰ ਰੰਨ ਵੇਖਕੇ ਸੀ ਮੱਥੇ ਵੱਟ ਪਾਉਂਦੀ,
ਏਥੇ ਹਰ ਮੇਮ ਹੈਲੋ ਆਖ ਕੇ ਬਲਾਉਂਦੀ;
ਸਾਡੀ ਗਈ ਹੈ ਕਾਇਆ ਪਲਟ ਕੁੜੇ!
ਨੀ ਆ ਕੇ ਵਿਚ ਇੰਗਲੈਂਡ ਦੇ,
ਖੁਸ਼ ਹੋ ਗਿਆ ਛੜੇ ਦਾ ਹਰਟ ਕੁੜੇ!
ਨੀ ਆ ਕੇ ...............

ਪਿੰਡ ਜੀਹਨੂੰ ਸਾਰੇ ਆਖਦੇ ਹੁੰਦੇ ਸੀ ਸੇਮਾਂ,
ਮਿਸਟਰ ਸੈਮੂਅਲ ਆਖਦੀਆਂ ਮੇਮਾਂ,
ਮੇਮਾਂ ਨਾਲ ਖੇਡਦਾ ਕਲੱਬ ਵਿਚ ਗੇਮਾਂ,
ਹੋ ਗਿਆ ਏ ਛੜਾ ਅਕਸਪਰਟ ਕੁੜੇ।

ਪਿੰਡ ਰੂੜੀ ਮਾਰਕਾ ਵੀ ਮਿਲੇ ਘੱਟ ਵੱਧ,
ਏਥੇ ਛੜਾ ਰੋਜ਼ ਗੇੜਾ ਮਾਰਦਾ ਦੇ ਪੱਬ,
ਵਿਸਕੀ ਵਲੈਤ ਦੀ ਨੂੰ ਪੀਂਦਾ ਰੱਜ ਰੱਜ;
ਪੀ ਕੇ ਬੇਸ਼ੱਕ ਰਹੇ ਨਾ ਅਲਰਟ ਕੁੜੇ।

ਨਾ ਧੀ ਤੋਰਨੀ ਨਾ ਪੁੱਤਰ ਵਿਆਣਾ,
ਪੈਸਾ ਜੋੜ ਛੜੇ ਨੇ ਹੈ ਕਿੱਥੇ ਲੈ ਕੇ ਜਾਣਾ,
ਹੱਸਣਾ ਹਸਾਉਣਾ, ਬੱਸ ਕੰਮ ਪੀਣਾ ਖਾਣਾ,
ਪੈਸਾ ਜੋੜਣਾ ਪੈਸੇ ਦੀ ਇਨਸਲਟ ਕੁੜੇ!

ਨਾ ਪੜ੍ਹੀ ਪੈਂਤੀ ਕਿਤੋਂ ਨਾ ਪੜ੍ਹੇ ਲੰਡੇ,
ਐਤਵਾਰ ਤਾਈ ਪਰ ਆਖੇ ਛੜਾ ਸੰਡੇ,
ਬੋਲੇ ਅੰਗਰੇਜ਼ੀ ਜਿਵੇਂ ਪੜ੍ਹੇ ਲਿਖੇ ਬੰਦੇ;
ਕੌਣ ਆਖੂ ਇਸ ਛੜੇ ਨੂੰ ਅਡਲਟ ਕੁੜੇ!

# ਆਸ਼ਿਕ ਦੀ ਬਰਬਾਦੀ

ਸੁੰਨੇ ਲੱਗਦੇ ਪਾਸੇ ਚਾਰੇ ਨੀ!
ਸਾਡੇ ਲੁੱਟ ਗੇ ਤਖ਼ਤ ਹਜ਼ਾਰੇ ਨੀ!
ਉਹ ਕਿਹੜਾ ਹੈ ਕਹਿਰ ਜੋ ਸਾਡੇ ਨਾਲ ਨਾ ਹੋਇਆ ਹੋਣਾ ਨੀ!
ਇਕ ਆਸ਼ਿਕ ਦੀ ਬਰਬਾਦੀ ਉਤੇ ਰੱਬ ਵੀ ਰੋਇਆ ਹੋਣਾ ਨੀ!

ਕਦੇ ਲਾ ਕੇ ਬਹਾਨੇ ਮਿਲਦੀ ਸੈਂ ਘਰਦਿਆਂ ਤੋਂ ਚੋਰੀ ਚੋਰੀ ਨੀ!
ਤੇ ਪੁੱਛਦੀ ਸੈਂ ਦੱਸ ਰੀਤ ਪਿਆਰ ਦੀ ਕਿਸ ਨੇ ਜੱਗ 'ਤੇ ਤੋਰੀ ਨੀ!
ਕੀ ਪਤਾ ਸੀ ਸੱਜਣਾ ਬੁੱਕਲ ਵਿਚ ਖੰਜਰ ਵੀ ਲੁਕੋਇਆ ਹੋਣਾ ਨੀ!
ਇਕ ਆਸ਼ਿਕ ਦੀ ਬਰਬਾਦੀ ਉਤੇ ..................

ਤੂੰ ਪਿਆਰ ਮੇਰੇ ਨੂੰ ਸਮਝਿਆ ਬੱਸ ਜਿਉਂ ਹੁੰਦਾ ਖੇਲ ਤਮਾਸ਼ਾ ਨੀ!
ਤੇਰੀ ਚਾਹਤ ਮਿਲਾਪ ਸੀ ਜਿਸਮਾਂ ਦਾ ਤੇ ਜੂਠਾ ਕਰਨਾ ਹਾਸਾ ਨੀ!
ਤੂੰ ਕਪੜੇ ਵਾਂਗੂੰ ਯਾਦ ਮੇਰੀ ਨੂੰ ਦਿਲ ਤੋਂ ਧੋਇਆ ਹੋਣਾ ਨੀ!
ਇਕ ਆਸ਼ਿਕ ਦੀ ਬਰਬਾਦੀ ਉਤੇ ..................

ਕਦੇ ਮਿਲੀ ਤਾਂ ਪੁੱਛਾਂਗਾ ਤੈਨੂੰ ਤੇਰੀ ਨਜ਼ਰ ਤਾਂ ਸੰਗੀ ਹੋਵੇਗੀ।
ਗ਼ੈਰਾਂ ਨੂੰ ਅਪਣਾ ਕਹਿਣ ਲੱਗੀ ਤੇਰੀ ਜੀਭ ਤਾਂ ਕੰਬੀ ਹੋਵੇਗੀ।
ਮੇਰੇ ਨਾਲ ਬੀਤਿਆ ਸਮਾਂ ਤੇਰੇ ਸਾਹਵੇਂ ਤਾਂ ਖਲੋਇਆ ਹੋਣਾ ਨੀ!
ਇਕ ਆਸ਼ਿਕ ਦੀ ਬਰਬਾਦੀ ਉਤੇ ..................

ਦੇਹੀ ਨੂੰ ਲੱਗਿਆ ਘੁਨ ਯਾਨੀ ਸਾਡਾ ਡੂੰਘੇ ਦੱਬਿਆ ਤਾਰਾ ਨੀ!
'ਕੰਮੇਆਣਾ' ਬਣ ਕੇ ਰਹਿ ਗਿਆ ਹੈ ਹੁਣ ਪੀੜਾਂ ਦਾ ਵਣਜਾਰਾ ਨੀ!
ਤੇਰੇ ਸਿਰ ਤੋਂ ਪਾਣੀ ਵਾਰ ਕਿਸੇ ਨੇ ਤੇਲ ਵੀ ਚੋਇਆ ਹੋਣਾ ਨੀ।
ਇਕ ਆਸ਼ਿਕ ਦੀ ਬਰਬਾਦੀ ਉਤੇ ..................



# ਤੇਰਾ ਇਸ਼ਕ

ਤੇਰਾ ਇਸ਼ਕ ਪੂਜਿਆ ਰੱਬ ਵਾਂਗੂੰ
ਮਰਕੇ ਵੀ ਨਹੀਂ ਭੁਲਾਣ ਲੱਗੇ।
ਤੇਰੀ ਯਾਦ ਅਸਾਡੇ ਨਾਲ ਜਾਊ
ਜਦ ਗੰਗਾ ਨੂੰ ਫੁੱਲ ਜਾਣ ਲੱਗੇ।

ਅਸੀਂ ਹਰਫ਼ ਵਫ਼ਾ ਦਾ ਪਾਲ਼ਿਆ ਸੀ ਪਾ ਤੇਰੇ ਨਾਲ ਪ੍ਰੀਤੀ ਨੀ!
ਸੁਪਣੇ 'ਚ ਵੀ ਹੋਰ ਨੂੰ ਤੱਕਣ ਦੀ ਅਸੀਂ ਭੁੱਲ ਕਦੇ ਨਾ ਕੀਤੀ ਨੀ!
ਸਾਡਾ ਦਿਲ ਹੈ ਕੋਈ ਸਰਾਂ ਤਾਂ ਨਹੀਂ
ਜਿੱਥੇ ਹਰ ਕੋਈ ਫੇਰਾ ਪਾਣ ਲੱਗੇ।
ਤੇਰੀ ਯਾਦ ............

ਸਾਡੇ ਇਸ਼ਕ ਦੇ ਸਾਵੇ ਰੁੱਖ ਉਤੇ ਜਦ ਆਣ ਹਨੇਰੀਆਂ ਝੁੱਲੀਆਂ ਨੀ!
ਸਾਨੂੰ ਇਕ ਇਕ ਗੱਲ ਦਾ ਚੇਤਾ ਏ, ਤੈਨੂੰ ਸੱਭੇ ਗੱਲਾਂ ਭੁੱਲੀਆਂ ਨੀ!
ਤੂੰ ਭੋਰਾ ਭਰ ਵੀ ਸੋਚਿਆਂ ਨਾ
ਸਾਡੇ ਚਾਵਾਂ ਨੂੰ ਅੱਗ ਲਾਣ ਲੱਗੇ।
ਤੇਰੀ ਯਾਦ ............

ਤੂੰ ਮੰਦਾ ਕੀਤਾ ਮਾਰ ਦਿੱਤਾ ਸਾਨੂੰ ਮਨ ਦੀ ਬਣ ਕੇ ਮੀਤ ਚੰਨੋ!
'ਕੰਮਆਣੇ' ਦੇ ਪੱਲੇ ਰਹਿ ਗੇ ਅੱਜ ਹੰਝੂਆਂ ਭਿੱਜੇ ਗੀਤ ਚੰਨੋ!
ਸਾਨੂੰ ਹਿਜ਼ਰ ਤੇਰੇ ਦੇ ਸ਼ਿਕਰੇ ਨੀ
ਕਰ ਭੋਰਾ ਭੋਰਾ ਖਾਣ ਲੱਗੇ।
ਤੇਰੀ ਯਾਦ ............

# ਬੇਵਫ਼ਾਈ ਦਾ ਮੈਡਲ

ਕੱਠੇ ਹੋਣੇ ਆਸ਼ਿਕ ਸਾਰੇ ਨੀ!
ਜਿਨ੍ਹਾਂ ਨੂੰ ਮਾਰ ਗਏ ਲਾਰੇ ਨੀ!
ਏਸ ਸਮਾਗਮ ਦੇ ਅੰਦਰ ਤੂੰ ਭੁੱਲ ਨਾ ਜਾਵੀਂ ਆਣਾ ਨੀ!
ਤੈਨੂੰ ਬੇ-ਵਫ਼ਾਈ ਦਾ ਅੱਜ ਮੈਡਲ ਦਿੱਤਾ ਜਾਣਾ ਨੀਂ!

ਬੇ-ਵਫ਼ਾ ਤਾਂ ਤੈਥੋਂ ਪਹਿਲਾਂ ਵੀ ਕਈ ਹੋਈਆਂ ਨੇ ਮੁਟਿਆਰਾਂ ਨੀ!
ਤੀਰਾਂ ਦੇ ਹੁੰਦਿਆਂ ਮਿਰਜ਼ਿਆਂ ਦੇ ਮੱਥੇ ਵਿਚ ਲਿਖੀਆਂ ਹਾਰਾਂ ਨੀ!
ਪਰ ਤੂੰ ਸਭਨਾਂ ਤੋਂ ਉਤੋਂ ਦੀ ਤੋੜ ਦਿੱਤਾ ਰਿਕਾਰਡ ਪੁਰਾਣਾ ਨੀ!
ਤੈਨੂੰ ਬੇ-ਵਫ਼ਾਈ ਦਾ.......

ਤੂੰ ਚੇਤੇ ਕਰ ਕਦੇ ਸਾਡੇ ਤੂੰ ਸਾਹਾਂ ਵਿਚ ਸਾਹ ਸੀ ਭਰਦੀ ਨੀ!
ਸਿਵਿਆਂ ਤੱਕ 'ਕੱਠੇ ਜਾਣਦੀਆਂ ਗੱਲਾਂ ਹੁੰਦੀ ਸੀ ਕਰਦੀ ਨੀ!
ਤੂੰ ਪਲ ਵਿਚ ਅੱਖੀਆਂ ਫੇਰ ਗਈ ਖੌਰੇ ਵਰਤ ਗਿਆ ਕੀ ਭਾਣਾ ਨੀ!
ਤੈਨੂੰ ਬੇ-ਵਫ਼ਾਈ ਦਾ.......

ਤੂੰ ਬਣ ਕੇ ਅਮੀਰਾਂ ਦੀ ਬਹਿ ਗੀ, ਭੁੱਲ ਗਈ ਨੀ ਪਿਆਰ ਗ਼ਰੀਬਾਂ ਦਾ।
ਫਿਰ ਆਪਣੀ ਕੋਝੀ ਹਰਕਤ ਨੂੰ ਤੂੰ ਦੇ 'ਤਾ ਨਾਮ ਨਸੀਬਾਂ ਦਾ।
ਰਾਂਝੇ ਤੋਂ ਚੰਗਾ ਲੱਗਦਾ ਹੈ ਹੁਣ ਤੈਨੂੰ ਸੈਦਾ ਕਾਣਾ ਨੀ!
ਤੈਨੂੰ ਬੇ-ਵਫ਼ਾਈ ਦਾ.......

ਕਦੇ ਜਾਣਨ ਦੀ ਕੋਸ਼ਿਸ਼ ਕਰਨੀ, ਕੀ ਬੀਤੀ ਮੇਰੇ ਦਿਲ ਉੱਤੇ।
ਮੈਂ ਭੋਲੇਪਣ ਵਿਚ ਹਰਫ਼ ਇਸ਼ਕ ਦਾ ਲਿਖਤਾ ਪੱਥਰ ਸਿਲ ਉੱਤੇ।
ਤੇਰੇ ਗ਼ਮ ਦੇ ਗੀਤਾਂ ਵਿਚ ਡੱਬਿਆ ਅੱਜ ਕੱਲ੍ਹ 'ਧਰਮ ਕੰਮੇਆਣਾ' ਨੀ!
ਤੈਨੂੰ ਬੇ-ਵਫ਼ਾਈ ਦਾ.......



# ਮਿਰਜ਼ਾ

ਮਿਰਜ਼ਾ ਘਰ ਵਿੰਝਲ ਦੇ ਜੰਮਿਆ,
ਮੱਝਾਂ ਚੁੰਘ ਕੇ ਹੋਇਆ ਜਵਾਨ।
ਧੀ ਖੀਵੇ ਖ਼ਾਨ ਦੀ ਲਾਡਲੀ,
ਲੋਕੋ ! ਸਾਹਿਬਾਂ ਕੁੜੀ ਰਕਾਨ।
ਅੱਖਾਂ ਮਿਲੀਆਂ ਵਿਚ ਮਸੀਤ ਦੇ,
ਯਾਰੋ! ਜਾਣੇ ਕੁੱਲ ਜਹਾਨ।
ਨਿੱਕੇ ਹੁੰਦਿਆਂ ਲੱਗਣ ਜੋ ਯਾਰੀਆਂ,
ਕਹਿੰਦੇ ਸਿਰਾਂ ਨਾਲ ਨਿਭ ਜਾਣ।
ਮਿਰਜ਼ਾ ਤੁਰ ਗਿਆ ਦਾਨਾਬਾਦ ਨੂੰ,
ਸਹੁੰ ਫੇਰ ਮਿਲਣ ਦੀ ਖਾਹ।
ਓਧਰ ਲਾਗੀ ਝੰਗ ਸਿਆਲ ਦੇ,
ਬੈਠੇ ਚੰਧੜਾਂ ਦੇ ਘਰ ਜਾਹ।
ਸਾਹਿਬਾਂ ਮੰਗ 'ਤੀ ਤਾਹਿਰ ਖ਼ਾਨ ਨੂੰ,
ਉਹਦਾ ਨੇੜੇ ਰੱਖ'ਤਾ ਵਿਆਹ।
ਸਾਹਿਬਾ ਕਰਮੂੰ ਬਾਹਮਣ ਸੱਦ ਲਿਆ,
ਤੇ ਉਹਨੂੰ ਕਹਿੰਦੀ ਵਾਸਤੇ ਪਾਅ।
ਆਹ ਗਲ ਦੀ ਗਾਨੀ ਲੈ ਜਾ,
ਪੈ ਜਾਹ ਦਾਨਾਬਾਦ ਦੇ ਰਾਹ।
ਜਾਹ ਆਖੀ ਮਿਰਜ਼ੇ ਢੋਲ ਨੂੰ,
ਵੇ ਤੇਰੀ ਸਾਹਿਬਾਂ ਰਹੀ ਕੁਰਲਾਅ।
"ਕੋਠੇ 'ਤੇ ਕਿੱਲ ਮਾਹੀਆ!
ਵਾਅਦੇ ਕਰ ਭੁੱਲ ਵੇ ਗਿਆ
ਤੇਰਾ ਪੱਥਰ ਦਾ ਦਿਲ ਮਾਹੀਆ!!
ਮੇਰੇ ਦਿਲ ਦੀਆਂ ਜਾਣਦਿਆ!
ਚੰਧੜਾਂ ਦੇ ਵਿਆਹੁਣ ਤੋਂ ਪਹਿਲਾਂ
ਲੈ ਜਾਹ ਕੱਢ ਕੇ ਵੇ ਹਾਣਦਿਆ!!"

## ਗੁੱਤ ਨਾਗਣੀ

ਗੱਭਰੂ – ਗੁੱਤ ਨਾਗਣੀ ਪਟਾਰੀ ਪਾ ਕੇ ਰੱਖ ਬਿੱਲੋ–
ਮਿੱਤਰਾਂ ਦੇ ਡੰਗ ਮਾਰਦੀ।

ਮੁਟਿਆਰ– ਗਲੀ ਗਲੀ ਵਿਚ ਤੁਰੀ ਚੰਨਾ ਚਰਚਾ–
ਵੇ ਅੱਜ ਤੇਰੇ ਮੇਰੇ ਪਿਆਰ ਦੀ ।

ਗੱਭਰੂ – ਤੇਰਾ ਮੁੱਖ ਬਿੱਲੋ ਫੁੱਲ ਹੈ ਗੁਲਾਬ ਦਾ
ਨੀ ਸਾਹਾਂ 'ਚ ਇਤਰ ਮਹਿਕਦਾ।
ਜਦੋਂ ਪੈਲਾਂ ਪਾਉਂਦੀ ਗਲੀਆਂ 'ਚੋਂ ਲੰਘਦੀ
ਤੂੰ ਹਰ ਕੋਈ ਰਹਿ ਜਾਏ ਸਹਿਕਦਾ।
ਡੁੱਬ ਜਾਣੀਏ ਨੀ ਅੱਥਰੀ ਜਵਾਨੀ ਤੇਰੀ
ਦਿਨ ਵੇਲੇ ਚੰਦ ਚਾੜ੍ਹਦੀ।
ਗੁੱਤ ਨਾਗਣੀ......

ਮੁਟਿਆਰ – ਕਿਉਂਕਿ ਹੁਸਨ ਜਵਾਨੀ ਸਦਾ ਮੰਗਦਾ
ਵੇ ਮੈਂ ਸੀ ਤਾਹੀਂ ਤੈਨੂੰ ਮੰਗਿਆ।
ਵੈਰੀ ਪਿਆਰ ਦੇ ਸ਼ਰੀਕੜੇ ਹਏ! ਜੱਗ ਨੇ
ਵੇ ਸੂਲੀ ਉੱਤੇ ਮੈਨੂੰ ਟੰਗਿਆ।
ਕੈਦੋਂ ਲੰਙਾਂ ਅਜੇ ਮੋਇਆ ਨਹੀਓਂ ਹਾਣੀਆਂ
ਵੇ ਉਹਦੀ ਅੱਖ ਸਾਨੂੰ ਤਾੜਦੀ।
ਗਲੀ ਗਲੀ ਵਿਚ....

ਗੱਭਰੂ – ਪਿਆਰ ਕੀਤਾ ਏ ਤਾਂ ਡਰ ਨਾ ਤੂੰ ਬੱਲੀਏ
ਨੀ ਸਿਰਾਂ ਨਾ ਨਿਭਣ ਯਾਰੀਆਂ।
ਸੱਸੀ ਥਲਾਂ ਵਿਚ ਭੁੱਜੀ ਸੋਹਣੀ ਯਾਰ ਲਈ



ਝਨਾਂ ਦੇ ਵਿਚ ਲਾ ਗੀ ਤਾਰੀਆਂ।
ਤਾਹਨੇ ਮਾਰ ਮਾਰ ਥੱਕ ਜਾਂਦਾ ਜੱਗ ਆਪੇ
ਕਦੇ ਨਾ ਪ੍ਰੀਤ ਹਾਰਦੀ।
ਗੁੱਤ ਨਾਗਣੀ......

ਮੁਟਿਆਰ – ਤੇਰਾਂ ਨਾਂ ਜਦੋਂ ਬੁੱਲ੍ਹੀਆਂ 'ਤੇ ਆਵੇ
ਵੇ ਆਪਣਾ ਮੈਂ ਨਾਂ ਭੁੱਲ ਜਾਂ।
ਲੱਗੇ ਧਰਤੀ 'ਤੇ ਪੱਬ ਨਾ ਵੇ ਚਿੱਤ ਕਰੇ
ਬਣ ਕੇ ਹਨੇਰੀ ਝੁੱਲਜਾਂ।
'ਕੰਮੇਆਣੇ ਦਿਆ ਧਰਮ' ਤੇਰੇ ਉਤੋਂ
ਵੇ ਮੈਂ ਸੱਚੀਂ ਮੁੱਚੀਂ ਜਿੰਦ ਵਾਰਦੀ।
ਗਲੀ ਗਲੀ ਵਿਚ....

# ਮਾਸ਼ੂਕ ਧੋਖੇਬਾਜ਼ ਹੋ ਗਈ

ਮੇਰੇ ਚਾਵਾਂ ਨੂੰ ਚੁਰਾ ਕੇ, ਝੋਲੀ ਗ਼ਮ ਹੰਝੂ ਪਾ ਕੇ,
ਪਲਾਂ ਵਿਚ ਉਹ ਕਬੂਤਰੀ ਤੋਂ ਬਾਜ਼ ਹੋ ਗਈ।
ਕੀਹਨੂੰ ਹਾਲ ਸੁਣਾਵਾਂ ਲੋਕੋ ਦਿਲ ਦੇ ਮਾਸ਼ੂਕ ਧੋਖੇਬਾਜ ਹੋ ਗਈ।

ਮੇਰੇ ਬਾਝੋਂ ਜਿਹੜੀ ਇਕ ਪਲ ਵੀ ਨਹੀਂ ਰਹਿੰਦੀ ਸੀ।
ਤੇਰੇ ਬਾਝੋਂ ਮਰ ਜਾਊਂ ਸਦਾ ਮੈਨੂੰ ਕਹਿੰਦੀ ਸੀ।
ਉਹਨੂੰ ਭੁੱਲੇ ਸਾਰੇ ਕੌਲ, ਮੈਨੂੰ ਮਿੱਟੀ ਵਿਚ ਰੋਲ,
ਮੇਰੇ ਵੇਂਹਦੇ ਵੇਂਹਦੇ ਦੂਰ ਦੀ ਆਵਾਜ਼ ਹੋ ਗਈ।

ਜਦੋਂ ਮਿਲੇ ਬਿਨਾ ਪੀਤੀਓਂ ਸ਼ਰਾਬੀ ਹੋਇਆ ਸੀ।
ਉਹਦੇ ਮਿੱਠੇ ਮਿੱਠੇ ਬੋਲਾਂ ਮਨ ਮੇਰਾ ਮੋਹਿਆ ਸੀ।
ਜੀਹਨੇ ਹੱਸਣਾ ਸਿਖਾਇਆ, ਉਹਨੇ ਕਹਿਰ ਕਿਉਂ ਕਮਾਇਆ,
ਪਤਾ ਲੱਗਦਾ ਨਾ ਕਾਹਤੋਂ ਬੇ-ਲਿਹਾਜ਼ ਹੋ ਗਈ।

ਕਹਿੰਦੀ ਸੀ ਨਸੀਬਾਂ ਨਾਲ ਮੇਲ ਹੁੰਦੇ ਯਾਰਾਂ ਦੇ।
ਲੰਬੇ ਲੰਬੇ ਖਤ ਮੈਨੂੰ ਲਿਖਦੀ ਪਿਆਰਾਂ ਦੇ।
ਮੈਂ ਆਖਿਆ ਹਜ਼ੂਰ,ਮੈਨੂੰ ਦੱਸੋ ਕੋਈ ਕਸੂਰ,
ਬੋਲ ਸਕੀ ਨਾ ਉਹ ਅੱਗੋਂ ਲਾਜ਼ਵਾਬ ਹੋ ਗਈ।

ਹਾਣੀਆਂ ਨੂੰ ਹਾਣੀ ਇੰਜ ਜਾਂਦੇ ਨਹੀਓਂ ਛੱਡ ਕੇ।
ਹੱਥੀਂ ਲਾਇਆਂ ਬੂਟਿਆਂ ਨੂੰ ਜਾਂਦੇ ਨਹੀਓਂ ਵੱਢ ਕੇ।
'ਕੰਮੇਆਣਾ' ਤੇਰੀ ਹੂਰ, ਖੌਰੇ ਹੋਊ ਮਜ਼ਬੂਰ,
ਰੋਵੇ ਜੱਸੀ ਜਸਪਾਲ ਉਹ ਆਬਾਦ ਹੋ ਗਈ।



# ਡੋਲੀ ਇੱਕ

ਗੁੱਡੀਆਂ ਪਟੋਲੇ ਸਾਰੇ,
ਛੱਡ ਚੱਲੀ ਤੇਰੇ ਦੁਆਰੇ,
ਮੈਂ ਪਰਦੇਸਣ ਹੋਈ ਬਾਬਲਾ।
ਵੇ ਮੈਨੂੰ ਜਾਂਦੀ ਨੂੰ ਰੋਕਦਾ ਨਾ ਕੋਈ ਬਾਬਲਾ।

ਮਾਂ ਦੀ ਮਮਤਾ ਛਾਂ ਪਿੱਪਲਾਂ ਦੀ ਜਾਂਦੀ ਨਹੀਂ ਭੁਲਾਈ।
ਸਖੀਆਂ ਸੰਗ ਮੈਂ ਹੱਸੀ ਨੱਚੀ ਜ਼ਿਦ ਜ਼ਿਦ ਪੀਂਘ ਝੁਟਾਈ।
ਘੁੰਡ ਓਹਲੇ ਜਾਂਦੀ ਹਾਂ ਮੈਂ ਰੋਈ ਬਾਬਲਾ।
ਵੇ ਮੈਨੂੰ ਜਾਂਦੀ ਨੂੰ ......

ਭਾਬੀਆਂ ਮਿਸ਼ਰੀ ਨਾਲੋਂ ਮਿੱਠੀਆਂ ਵਸਦੀਆਂ ਰਸਦੀਆਂ ਰਹਿਣ ਸੱਭੇ।
ਧੀਆਂ ਧਨ ਬਿਗਾਨਾ ਹੁੰਦੀਆਂ 'ਕੱਠੀਆਂ ਹੋ ਕੇ ਕਹਿਣ ਸੱਭੇ।
ਮੇਰੀ ਕੋਈ ਵੀ ਨਾ ਸੁਣੇ ਅਰਜ਼ੋਈ ਬਾਬਲਾ।
ਵੇ ਮੈਨੂੰ ਜਾਂਦੀ ਨੂੰ ......

ਵੀਰੋ ਵੇ ਅੰਮੜੀ ਦੇ ਜਾਇਓ ਰੋਕ ਲਓ ਵੇ ਰੋਕ ਲਓ।
ਕੁੱਝ ਦਿਨ ਰੱਖ ਲਓ ਹੋਰ ਭੈਣ ਨੂੰ ਇਸ ਤਰ੍ਹਾਂ ਨਾ ਦੂਰ ਬਹੋ।
ਅੱਖਾਂ ਵਿਚੋਂ ਜਾਂਦੇ ਹੰਝੂ ਚੋਈ ਬਾਬਲਾ।
ਵੇ ਮੈਨੂੰ ਜਾਂਦੀ ਨੂੰ ......

'ਕੰਮੇਆਣਾ' ਹੱਥੀਂ ਪਾਲ਼ਿਆ ਤੋਤਾ ਵੀ ਜੇ ਕਿਧਰੇ ਉਡ ਜਾਵੇ।
ਉਹ ਵੀ ਭੁੱਲਣਾ ਮੁਸ਼ਕਲ ਭਾਵੇਂ ਕੋਈ ਲੱਖ ਭੁਲਾਵੇ।
ਤੂੰ ਕਾਹਤੋਂ ਹੋਇਆ ਨਿਰਮੋਹੀ ਬਾਬਲਾ।
ਵੇ ਮੈਨੂੰ ਜਾਂਦੀ ਨੂੰ ......

# ਠੇਕੇ ਉਤੇ

ਮੇਰੀ ਸੁਬਹਾ ਠੇਕੇ ਉਤੇ, ਮੇਰੀ ਸ਼ਾਮ ਠੇਕੇ ਉਤੇ।
ਤੇਰੇ ਨਾਂ ਦੇ ਰੋਜ਼ ਪੀਵਾਂ, ਮੈਂ ਜਾਮ ਠੇਕੇ ਉਤੇ।

ਗੱਲਾਂ ਜੋ ਅਕਸਰ ਲੁਕ ਕੇ ਪਰਦੇ 'ਚ ਕਰਦੇ ਲੋਕੀਂ,
ਹੁੰਦੀਆਂ ਨੇ ਉਹੀ ਗੱਲਾਂ ਸ਼ਰੇਆਮ ਠੇਕੇ ਉਤੇ।
ਮੇਰੀ ਸੁਬਹਾ ਠੇਕੇ ਉਤੇ.....

ਟੁੱਟੇ ਦਿਲਾਂ ਦੇ ਨਗਮੇ ਮਸਤੀ 'ਚ ਆ ਕੇ ਗਾਉਂਦੇ,
ਲੱਗੀ ਹੈ ਆਸ਼ਿਕਾਂ ਦੀ ਅੱਜ ਲਾਮ ਠੇਕੇ ਉਤੇ।
ਮੇਰੀ ਸੁਬਹਾ ਠੇਕੇ ਉਤੇ.....

ਇਸ ਠੇਕੇ ਉਤੇ ਆਉਂਦੇ ਸਭ ਮੇਰੇ ਵਰਗੇ ਫ਼ੱਕਰ,
ਨਾ ਅੱਲਾ ਹੀ ਕੋਈ ਆਉਂਦਾ ਨਾ ਰਾਮ ਠੇਕੇ ਉਤੇ।
ਮੇਰੀ ਸੁਬਹਾ ਠੇਕੇ ਉਤੇ.....

'ਕੰਮੇਆਣਾ' ਕਿੰਨੇ ਲੋਕੀਂ ਸੁੱਖਾਂ 'ਚ ਵਸਦੇ ਵਸਦੇ,
ਹੋ ਜਾਂਦੇ ਨੇ ਅਕਸਰ ਬਦਨਾਮ ਠੇਕੇ ਉਤੇ।
ਮੇਰੀ ਸੁਬਹਾ ਠੇਕੇ ਉਤੇ.....



# ਇਕ ਪ੍ਰਸੰਗ : ਲੋਕ-ਗਾਥਾ ਸੁੱਚਾ ਸੂਰਮਾ ਵਿਚੋਂ

ਜਿਸ ਵੇਲੇ, ਸੁੱਚਾ ਸਿੰਘ ਯਾਰ ਮਾਰ ਕਰਨ ਵਾਲੇ ਘੁੱਕਰ ਨੂੰ ਮਾਰਨ ਪਿੱਛੋਂ, ਆਪਣੀ ਬੰਦੂਕ ਸਾਰੇ ਪੁਆੜੇ ਦੀ ਜੜ੍ਹ ਬਲਬੀਰੋ ਭਾਬੀ ਵੱਲ ਸਿੱਧੀ ਕਰ ਲੈਂਦਾ ਹੈ ਤਾਂ ਉਹ ਸੁੱਚੇ ਦੇ ਇਸ ਤਰ੍ਹਾਂ ਤਰਲੇ ਪਾਉਂਦੀ ਹੈ :-

ਕੀਹਨੇ ਤੈਨੂੰ ਦਿੱਤੀ ਏ ਭੂੰਆਲੀ ਪੁੱਠੀ ਵੇ!
ਫਿਰਦਾਂ ਦਿਉਰਾ ਮੁੱਠੀਆਂ 'ਚ ਥੁੱਕੀ ਵੇ!
ਚੁੱਕਾਂ ਦੇਣ ਵਾਲਿਆਂ ਦਾ ਜਾਣਾ ਕੁੱਝ ਨਹੀਂ ਤੂੰ ਰਤਾ ਹੋਸ਼ ਕਰ ਵੇ!
ਆਪਣੇ ਹੀਂ ਹੱਥੀਂ ਕਿਉਂ ਉਜਾੜਦਾ ਦਿਉਰਾ ਆਪਣਾ ਹੀ ਘਰ ਵੇ!

ਪੀ ਕੇ ਕਿਤੋਂ ਆ ਗਿਆਂ ਦਾਰੂ ਦੀ ਘੁੱਟ ਵੇ!
ਬਣਿਆਂ ਫਿਰੇਂ ਤੂੰ ਨਾਢੂ ਖ਼ਾਂ ਦਾ ਪੁੱਤ ਵੇ!
ਤੀਵੀਂ ਤੇ ਗ਼ਰੀਬ ਉਤੇ ਹੱਥ ਚੁੱਕਣਾ ਨਹੀਂ ਸੂਰਮੇਂ ਦਾ ਕੰਮ ਵੇ!
ਤੀਵੀਆਂ ਨੂੰ ਰੋਅਬ ਦੇਣ ਵਾਲਾ ਕਿਧਰੋਂ ਤੂੰ ਪਿਆ ਵੈਲੀ ਜੰਮ ਵੇ!

ਤੇਰੇ ਸਿਰ ਉਤੇ ਭੂਤ ਹੈ ਸਵਾਰ ਵੇ!
ਕੁੱਝ ਤਾਂ ਤੂੰ ਹੱਥ ਅਕਲਾਂ ਨੂੰ ਮਾਰ ਵੇ!
ਤੀਵੀਂ ਬਾਝੋਂ ਘਰ ਹੁੰਦਾ ਭੂਤ ਬੰਗਲਾ ਚੱਲੇ ਕਬੀਲਦਾਰੀ ਨਾ।
ਵੇਖੀਂ ਵੇ! ਦਿਉਰਾ ਕਿਤੇ ਜੱਗੋਂ ਜਾਣਿਆਂ ਤੂੰ ਤੱਤੜੀ ਨੂੰ ਮਾਰੀਂ ਨਾ।

ਫ਼ੌਜ਼ ਵਿਚੋਂ ਖੱਟ ਕੇ ਲਿਆਇਆ ਖੱਟੀ ਵੇ!
ਫਿਰਦਾ ਏਂ ਟੁੱਟੀ ਜਹੀ ਦੁਨਾਲੀ ਚੱਕੀ ਵੇ!
ਸੌ ਗਊ ਨੂੰ ਮਾਰਨ ਤੋਂ ਵੱਡਾ ਪਾਪ ਹੈ ਵੇ ਅਬਲਾ ਨੂੰ ਮਾਰਨਾ।
ਰਿਸ਼ੀਆਂ ਨੇ ਪੋਥੀਆਂ ਦੇ ਵਿਚ ਲਿਖਿਆ ਵੇ ਤੈਨੂੰ ਰਤਾ ਸਾਰ ਨਾ।

ਲੈ ਮੇਂ ਤੇਰੇ ਪੈਰਾਂ ਉੱਤੇ ਚੁੰਨੀ ਧਰਦੀ।
ਅੱਜ ਤੋਂ ਦਿਉਰਾ ਤੇਰੀ ਹੋਈ ਬਰਦੀ।
ਹੋਇਆ ਜੇ ਗ਼ੁਨਾਹ ਕੋਈ ਮੈਨੂੰ ਮਾਫ਼ ਕਰਦੇ ਮੈਂ ਮੁੜ ਕੇ ਨਹੀਂ ਕਰਦੀ।
ਤੇਰੀ ਹਰ ਗੱਲ 'ਤੇ ਚੜ੍ਹਾਊਂ ਫੁੱਲ ਰਹੂੰ ਤੇਰਾ ਪਾਣੀ ਭਰਦੀ।

ਸੁੱਚਾ ਕਹਿੰਦਾ ਮਿੱਠੀਆਂ ਨਾ ਮਾਰ ਭਾਬੀਏ!
ਧੁਰ ਦੇ ਟਿਕਟ ਹੋ ਗੇ ਤਿਆਰ ਭਾਬੀਏ!
ਪੱਟ ਦਿੱਤੀ ਘਰ ਦੀ ਇੱਜ਼ਤ ਵੈਰਨੇ! ਕੱਖਾਂ ਤੋਂ ਹੌਲਾ ਕਰਤਾ।
ਛਾਤੀ ਉਤੇ ਧਰ ਕੇ ਬੰਦੂਕ ਬੀਰੋ ਦੇ ਸੁੱਚੇ ਨੇ ਘੋੜਾ ਦੱਬਤਾ।



## ਡੋਲੀ - ਦੋ

ਤੈਨੂੰ ਕਿਵੇਂ ਤੋਰੀਏ ਨੀ ਧੀਏ ਪਿਆਰੀਏ!
ਪੈਂਦੇ ਨੇ ਕਲੇਜੇ ਵਿਚ ਹੌਲ ਪਿਆਰੀਏ!

ਹੱਥੀਂ ਤੋਰਦੇ ਨਾ ਕਦੇ ਵੀ ਵਿਛੋੜਦੇ।
ਨੌਂਹਾਂ ਨਾਲੋਂ ਮਾਸ ਕਦੇ ਵੀ ਨਾ ਤੋੜਦੇ।
ਜੱਗ ਵਾਲੀ ਪਰ ਬਣੀ ਰੀਤ ਨਿਆਰੀਏ।
ਪੈਂਦੇ ਨੇ ਕਲੇਜੇ ਵਿਚ ....

ਕੰਡਾ ਭੁੱਲ ਕੇ ਜੇ ਲਈਏ ਕਦੇ ਤੋੜ ਨੀ!
ਰੋਅ ਪੈਂਦੀ ਉਦੋਂ ਕੰਡਿਆਲੀ ਥੋਹ੍ਰ ਨੀ!
ਐਸੀ ਹੁੰਦੀ ਪ੍ਰੀਤ ਜਿੰਦੜੀ ਤੋਂ ਪਿਆਰੀਏ!
ਪੈਂਦੇ ਨੇ ਕਲੇਜੇ ਵਿਚ ....

ਤੈਨੂੰ ਕਹੇ ਨਾ ਕੋਈ ਮੰਦਾ ਬੋਲ ਨੀ!
ਤੇਰੀ ਭਰੀ ਰਹੇ ਖੁਸ਼ੀਆਂ ਨਾ' ਝੋਲ ਨੀ!
ਤੇਰੇ ਉਤੋਂ ਅਸੀਂ ਜਿੰਦ ਜਾਨ ਵਾਰੀਏ।
ਪੈਂਦੇ ਨੇ ਕਲੇਜੇ ਵਿਚ ....

ਤੇਰੇ ਬਾਬਲੇ ਦੀ ਚਿੱਟੀ ਚਿੱਟੀ ਪੱਗ ਨੀ!
ਵੇਖੀਂ ਦਾਗ਼ ਨਾ ਜਾਏ ਕਿਤੇ ਲੱਗ ਨੀ!
ਇਹ ਗੱਲ ਕਦੇ ਮਨੋਂ ਨਾ ਵਿਸਾਰੀਏ!
ਪੈਂਦੇ ਨੇ ਕਲੇਜੇ ਵਿਚ ....

# ਜਵਾਨੀ ਪਹਿਲੇ ਤੋੜ ਦੀ ਦਾਰੂ

ਦਿਲ 'ਚੋਂ ਰੋਜ਼ ਉਬਾਲੇ ਉੱਠਦੇ,
ਜਿਉਂ ਧਰਤੀ 'ਚੋਂ ਲਾਵੇ ਫੁੱਟਦੇ,
ਮੱਲੋ ਮੱਲੀ ਦਿਲ ਨੂੰ ਲੱਗ ਗਿਆ–
ਰੋਗ ਇਸ਼ਕ ਦਾ ਮਾਰੂ।
ਸਾਨੂੰ ਟਿਕਣ ਨਾ ਦਿੰਦੀ ਨੀ–
ਜਵਾਨੀ ਪਹਿਲੇ ਤੋੜ ਦੀ ਦਾਰੂ।

'ਕੱਲਿਆਂ ਰਹਿਣ ਨੂੰ ਜੀਅ ਨਹੀਂ ਕਰਦਾ,
ਰਹਿੰਦਾ ਹੈ ਦਿਲ ਹਉਕੇ ਭਰਦਾ,
ਇਸ਼ਕ ਝਨਾਂ ਵਿਚ ਡੁੱਬ ਜਾਂਦੇ ਨੇ
ਸੌ ਨਦੀਆਂ ਦੇ ਤਾਰੂ।
ਸਾਨੂੰ ਟਿਕਣ ਨਾ ਦਿੰਦੀ ਨੀ............

ਸੀਨੇ ਦੇ ਵਿਚ ਭਾਂਬੜ ਮੱਚਦੇ,
ਪੈਰਾਂ ਹੇਠ ਭੁਚਾਲ ਨੇ ਨੱਚਦੇ,
ਇਸ਼ਕ ਨੇ ਸਾਰੀ ਦੁਨੀਆਂ ਜਿੱਤੀ
ਇਸ਼ਕ ਇਸ਼ਕ ਤੋਂ ਹਾਰੂ;।
ਸਾਨੂੰ ਟਿਕਣ ਨਾ ਦਿੰਦੀ ਨੀ............

ਗੁੰਮ ਗਵਾਚ ਗਈਆਂ ਨੇ ਹੋਸ਼ਾਂ,
ਹਰ ਵੇਲੇ ਦਿਲਬਰ ਦੀਆਂ ਸੋਚਾਂ,
'ਕੰਮੇਆਣੇ' ਦੇ ਦਿਲ ਦੇ ਉਤੇ
ਇਸ਼ਕ ਹੋ ਗਿਆ ਭਾਰੂ।
ਸਾਨੂੰ ਟਿਕਣ ਨਾ ਦਿੰਦੀ ਨੀ............



# ਮੇਰਾ ਨਾਂ ਪੁੱਛਦਾ

ਮੇਰੀ ਹਾਂ ਪੁੱਛਦਾ,
ਨੀ ਮੇਰੀ ਨਾਂਹ ਪੁੱਛਦਾ;
ਕਿਤੇ 'ਕੱਲਿਆਂ ਮਿਲਣ ਦੀ ਥਾਂ ਪੁੱਛਦਾ।
ਨੀ ਇਕ ਗੱਭਰੂ ਹਾਣਦਾ
ਟੁੱਟ ਪੈਣਾ ਮੈਥੋਂ ਮੇਰਾ ਨਾਂ ਪੁੱਛਦਾ।

ਕਹਿੰਦਾ ਹਰ ਵੇਲੇ ਰਹਿਣ ਤੇਰੀਆਂ ਹੀ ਸੋਚਾਂ ਨੀ!
ਰੱਬ ਕੋਲੋਂ ਸਦਾ ਹੀ ਦੀਦਾਰ ਤੇਰਾ ਲੋਚਾਂ ਨੀ!
ਕਿਵੇਂ ਲੱਗਦੀ ਅੱਖਰ ਉਤੇ ਲਾਂ ਪੁੱਛਦਾ।
ਨੀ ਇਕ ਗੱਭਰੂ ਹਾਣਦਾ.....

ਚੰਨੋ ਤੇਰੇ ਨਖ਼ਰੇ ਨੀ ਲੈ ਗੇ ਦਿਲ ਲੁੱਟ ਕੇ।
ਆਪਣਾ ਬਣਾ ਲੈ ਲਾ ਲਾ ਸੀਨੇ ਨਾਲ ਘੁੱਟ ਕੇ।
ਕਹਿੰਦਾ ਲੱਗੇਂ ਤੂੰ ਪਿਆਰੀ ਤੈਥੋਂ ਤਾਂ ਪੁੱਛਦਾ।
ਨੀ ਇਕ ਗੱਭਰੂ ਹਾਣਦਾ.....

ਤੈਨੂੰ ਵੇਖ ਡੋਲ ਗਿਆ ਦਿਲ 'ਕੰਮੇਆਣੇ' ਦਾ ।
ਮਾਣ ਮੱਤੀਏ ਨੀ ਮਾਣ ਰੱਖ ਲੈ ਨਿਮਾਣੇ ਦਾ।
ਕਦੋਂ ਕਰੇਂਗੀ ਮੁਹੱਬਤਾਂ ਦੀ ਛਾਂ ਪੁੱਛਦਾ।
ਨੀ ਇਕ ਗੱਭਰੂ ਹਾਣਦਾ.....

# ਗੱਡੀ ਜਾਵੇ ਧੂੜਾਂ ਪੱਟਦੀ

ਇਕ ਹੋਵੇ ਜੱਟ, ਦੂਜਾ ਥੱਲੇ ਹੋਏ ਟਰੱਕ,
ਤੀਜੀ ਸੜਕ ਮਲਾਈ ਵਰਗੀ।
ਗੱਡੀ ਜਾਵੇ ਧੂੜਾਂ ਪੱਟਦੀ,
ਕਿਸੇ ਸੱਜਰੀ ਵਿਆਹੀ ਵਰਗੀ।

ਜਦੋਂ ਸੀ ਟਰੱਕ ਲੈ ਸਟੇਰਿੰਗ 'ਤੇ ਬੈਠਿਆ।
ਪਹਿਲੇ ਦਿਨ ਮੱਥਾ ਜਾ ਕੇ ਬਾਬਿਆਂ ਦੇ ਟੇਕਿਆ।
ਪਾਉਂਦੀ ਜਾਪੇ ਗੱਡੀ ਸਾਡੇ ਗਲ ਵਿਚ ਬਾਹਵਾਂ
ਕਿਸੇ ਗੋਰੀ ਦੀ ਕਲਾਈ ਵਰਗੀ।
ਗੱਡੀ ਜਾਵੇ......

ਸੜਕਾਂ 'ਤੇ ਜਦ ਹੈ ਮਾਸ਼ੂਕਾ ਯਾਦ ਆਉਂਦੀ।
ਸਾਹਮਣੇ ਸ਼ੀਸ਼ੇ ਦੇ ਵਿੱਚੋਂ ਰੇਖਾ ਮੁਸਕਾਉਂਦੀ।
ਅੱਖਾਂ ਵਿਚੋਂ ਅੱਥਰੂ ਲਿਆ ਦਿੰਦੀ ਕਦੇ ਕਦੇ
ਗੱਲ ਬੇ-ਵਫ਼ਾਈ ਵਰਗੀ।
ਗੱਡੀ ਜਾਵੇ......

ਢਾਬਿਆਂ ਦੇ ਉਤੇ ਜਦੋਂ ਜੁੜ ਬਹਿੰਦੀ ਢਾਣੀ।
ਪਿੰਡ ਦੀਆਂ ਮਹਿਫ਼ਲਾਂ ਦੀ ਤੁਰਦੀ ਕਹਾਣੀ।
ਮੁੱਦਤਾਂ ਤੋਂ ਬਾਅਦ ਸਾਨੂੰ ਹੁੰਦੀ ਏ ਨਸੀਬ
ਰੋਟੀ ਘਰ ਦੀ ਪਕਾਈ ਵਰਗੀ।
ਗੱਡੀ ਜਾਵੇ......

ਬੇਲੋੜੀ ਚੈਕਿੰਗ ਹੈ ਕਰਦੀ ਖਰਾਬ।
ਮੂਡ ਸਾਡਾ ਠੀਕ ਫਿਰ ਕਰਦੀ ਸ਼ਰਾਬ।
'ਕੰਮੇਆਣਾ' ਪੈਸੇ ਦੀ ਨਹੀਂ ਬਹੁਤੀ ਪਰਵਾਹ
ਨੀਤ ਰੱਬ ਦੀ ਰਜਾਈ ਵਰਗੀ
ਗੱਡੀ ਜਾਵੇ......



# ਜੇ ਰਾਂਝੇ ਰੋਂਦੇ ਨੇ - ਦੋ

ਜੇ ਰਾਂਝੇ ਰੋਂਦੇ ਨੇ
ਤਾਂ ਕਿਹੜਾ ਹੱਸਦੀਆਂ ਫਿਰਦੀਆਂ ਹੀਰਾਂ।

ਅੱਜ ਪਿਆਰ 'ਚ ਡੁੱਬੀਂ ਏਂ,
ਤੂੰ ਭੁੱਲ ਨਾ ਜਾਈਂ, ਨੀ ਕੈਦੋਂ ਤਾਈਂ, ਸੰਭਲ ਕੇ ਲਾਈਂ;
ਹੋ ਜੂ ਦਿਲ ਲੀਰਾਂ।
ਜੇ ਰਾਂਝੇ ਰੋਂਦੇ ਨੇ......

ਸੱਸੀ ਚੰਨ ਨੀ ਪੁੰਨਿਆਂ ਦਾ,
ਥਲਾਂ ਵਿਚ ਭੁੱਜਗੀ, ਮੌਤ ਨੂੰ ਪੁੱਜਗੀ, ਨੀ ਭੈੜੀ ਸੁੱਝ ਗੀ,
ਪੁੰਨੂੰ ਦੇ ਵੀਰਾਂ।
ਜੇ ਰਾਂਝੇ ਰੋਂਦੇ ਨੇ......

ਜੇ ਇੰਦਰ ਬਾਣੀਏਂ ਨੇ,
ਲਾਈ ਅੱਗ ਹੱਟੀ, ਰੋੜ੍ਹ 'ਤੀ ਖੱਟੀ, ਸੀ ਬੇਗੋ ਜੱਟੀ;
ਰੁੜ੍ਹੀ ਵਿਚ ਨੀਰਾਂ।
ਜੇ ਰਾਂਝੇ ਰੋਂਦੇ ਨੇ......

ਮਿਰਜ਼ੇ ਤੇ ਸਾਹਿਬਾਂ ਦੇ,
ਹੇਠ ਜੰਡੋਰੇ, ਪਏ ਵਿਛੋੜੇ, ਕੌਣ ਹੁਣ ਜੋੜੇ,
ਨੀ ਟੁੱਟੇ ਤੀਰਾਂ।
ਜੇ ਰਾਂਝੇ ਰੋਂਦੇ ਨੇ....

# ਭਾਬੀ ਆਖ ਬਲਾਉਂਦੇ ਨੇ

**ਮੁਟਿਆਰ :** ਵੇ ਜਦ ਮੈਂ ਕਾਲਿਜ ਨੂੰ ਆਵਾਂ,
ਭੈੜੇ ਮੱਲ ਖਲੋਂਦੇ ਰਾਹਵਾਂ,
ਖੰਭਾਂ ਦੀ ਡਾਰ ਬਣਾਉਂਦੇ ਨੇ।
ਤੇਰੇ ਦੋਸਤ ਮੈਨੂੰ ਭਾਬੀ ਭਾਬੀ ਆਖ ਬਲਾਉਂਦੇ ਨੇ।

**ਗੱਭਰੂ :** ਨੀ ਮੈਂ ਕੀਤੇ ਕੌਲ ਨਿਭਾਊਂ,
ਤੇਰੇ ਨਾਲ ਹੀ ਵਿਆਹ ਕਰਵਾਊਂ,
ਸੁਣ ਲੈ ਗੱਲ ਹਿਸਾਬੀ ਨੀ।
ਹੁਣ ਤਾਂ ਕੱਚੀ, ਜਲਦੀ ਪੱਕੀ ਬਣਾਦੂੰ ਭਾਬੀ ਨੀ।

**ਮੁਟਿਆਰ :** ਤੂੰ ਏਂ ਮੁੰਡਾ ਤੈਨੂੰ ਡਰ ਨੀ ਭੋਰਾ ਦੁਨਿਆਦਾਰੀ ਦਾ।
ਮੇਰੇ ਨਾਲ ਤੁਰੇ ਪ੍ਰਛਾਵਾਂ ਮਾਪਿਆਂ ਦੀ ਸਰਦਾਰੀ ਦਾ।
ਮੈਨੂੰ ਇਹ ਡਰ ਵੱਢ-ਵੱਢ ਖਾਏ,
ਕੀ ਆਖਣਗੇ ਚਾਚੇ-ਤਾਏ,
ਪਿੰਡ ਤੱਕ ਚਰਚੇ ਆਉਂਦੇ ਨੇ।
ਤੇਰੇ ਦੋਸਤ ਮੈਨੂੰ......

**ਗੱਭਰੂ :** ਤੈਨੂੰ ਭਾਬੀ ਆਖ ਬਲਾਉਣ ਦਾ ਬਹੁਤਾ ਚਾਅ ਹੈ ਝੱਲਿਆਂ ਨੂੰ।
ਮੈਂ ਫਿਰ ਵੀ ਕੋਲ ਬਿਠਾ ਕੇ ਸਮਝਾਵਾਂਗਾ 'ਕੱਲਿਆਂ ਨੂੰ।
ਮੇਰੇ ਦੋਸਤ ਬੇਲੀ ਸਾਰੇ,
ਨੀ ਉਹ ਦਿਲ ਦੇ ਮੂਲ ਨਾ ਮਾੜੇ,
ਕਰਦੇ ਨਹੀਂ ਖਰਾਬੀ ਨੀ।
ਹੁਣ ਤਾਂ ਕੱਚੀ.........



**ਮੁਟਿਆਰ :** ਮੈਂ ਪੈਰ ਪੈਰ 'ਤੇ ਡਰਦੀ ਤੇ ਘਬਰਾ ਕੇ ਤੁਰਦੀ ਹਾਂ।
ਗੱਲ ਦਿਲ ਦੀ ਜ਼ਾਹਰ ਨਾ ਹੋ ਜੇ ਵੇ ਸ਼ਰਮਾ ਕੇ ਤੁਰਦੀ ਹਾਂ।
ਚੰਦਰੇ ਕਾਵਾਂ ਰੌਲੀ ਪਾਉਂਦੇ,
ਵੇ ਅਨਸੁਣਦਿਆਂ ਤਾਈਂ ਸੁਣਾਉਂਦੇ,
ਨਵੇਂ ਪਵਾੜੇ ਪਾਉਂਦੇ ਨੇ।
ਤੇਰੇ ਦੋਸਤ ਮੈਨੂੰ.....

**ਗੱਭਰੂ :** ਤੂੰ ਕਾਹਤੋਂ ਏਂ ਘਬਰਾਉਂਦੀ ਰੱਖ ਵਿਸ਼ਵਾਸ ਸੋਹਣੀਏਂ ਨੀ।
'ਕੰਮੇਆਣਾ' ਉਮਰਾਂ ਤੀਕ ਨਿਭੂਗਾ ਸਾਥ ਸੋਹਣੀਏਂ ਨੀ।
ਡੋਲੀ ਦੇ ਵਿੱਚ ਸੱਜ ਵਿਆਹੀ,
ਜਿੱਦੇਂ ਘਰ ਤੂੰ ਮੇਰੇ ਆਈ,
ਬਣਜੂ ਠਾਠ ਨਵਾਬੀ ਨੀ।
ਹੁਣ ਤਾਂ ਕੱਚੀ.....

# ਪਿਆਲੀ

ਪਹਿਲੀ ਘੁੱਟ ਕੌੜੀ ਲੱਗਦੀ ਏ,
ਘੁੱਟ ਪੀ ਕੇ ਥੋੜ੍ਹੀ ਲੱਗਦੀ ਏ,
ਪੈੱਗ ਪੈੱਗ ਕਰਕੇ ਸਾਰੀ ਬੋਤਲ ਖਾਲੀ ਹੋ ਜਾਂਦੀ।
ਯਾਰਾਂ ਨਾਲ ਜਦ ਸਾਂਝੀ ਸ਼ਾਮ ਨੂੰ ਪਿਆਲੀ ਹੋ ਜਾਂਦੀ।

ਕੁੱਝ ਪਲ ਲਈ ਭੁੱਲ ਜਾਈਏ ਨਫ਼ਰਤ ਭਰੇ ਜ਼ਮਾਨੇ ਨੂੰ।
ਜੱਫੀਆਂ ਪਾ ਪਾ ਮਿਲੀਏ ਆਪਣੇ ਅਤੇ ਬਿਗਾਨੇ ਨੂੰ।
ਚਿਹਰੇ ਉੱਤੇ ਸੂਰਜ ਵਰਗੀ ਲਾਲੀ ਹੋ ਜਾਂਦੀ।

ਪਹਿਲਾ ਪਹਿਲਾ ਪਿਆਰ ਤੇ ਪਹਿਲਾ ਪਹਿਰ ਜਵਾਨੀ ਦਾ।
ਆਉਂਦਾ ਚੇਤਾ ਕਿਸੇ ਹੀਰ ਦੀ ਅੱਖ ਮਸਤਾਨੀ ਦਾ।
ਸਾਰੀ ਧਰਤੀ ਫਿਰ ਫੁੱਲਾਂ ਦੀ ਡਾਲੀ ਹੋ ਜਾਂਦੀ।

ਮਨ ਮਰਜਾਣਾ ਮਿਲਣਾ ਲੋਚੇ ਮਨ ਦੇ ਮੀਤਾਂ ਨੂੰ।
ਜੀਅ ਚਾਹੁੰਦਾ ਏ ਨੱਚੀਏ ਟੱਪੀਏ ਗਾਈਏ ਗੀਤਾਂ ਨੂੰ।
ਸੁੰਨ ਉਜਾੜਾਂ ਦੇ ਵਿੱਚ ਵੀ ਹਰਿਆਲੀ ਹੋ ਜਾਂਦੀ।

ਰੰਗਲਾ ਪਾਣੀ ਮੌਸਮ ਨੂੰ ਵੀ ਰੰਗਲਾ ਕਰ ਦਿੰਦਾ।
'ਕੰਮੇਆਣਾ' ਸੋਚਾਂ 'ਤੇ ਲੱਗਾ ਖੁੱਲ੍ਹ ਜਾਂਦਾ ਜਿੰਦਾ।
ਮਸਤੀ ਦੇ ਵਿੱਚ ਆ ਕੇ ਜਿੰਦ ਮਤਵਾਲੀ ਹੋ ਜਾਂਦੀ।



# ਕਸਮ

ਸਾਈਆਂ ਕਿਧਰੇ ਵਧਾਈਆਂ ਕਿਧਰੇ ਵੇ!
ਲਾਈਆਂ ਕਿਧਰੇ ਨਿਭਾਈਆਂ ਕਿਧਰੇ ਵੇ!
ਤੈਨੂੰ ਭੁੱਲ ਕੇ ਨਹੀਂ ਬੁਲਾਉਣਾ,
ਖਾਧੀ ਕਸਮ ਜਵਾਨੀ ਦੀ।
ਹੁਣ ਸਾਡੀ ਨਜ਼ਰ ਵਿੱਚ ਬਣ ਗਿਆ ਏਂ
ਤੂੰ ਚੀਜ਼ ਦੁਆਨੀ ਦੀ।

ਮੋਤੀਓਂ ਮਹਿੰਗਾ ਹਰਫ਼ ਇਸ਼ਕ ਦਾ
ਤੂੰ ਕੀ ਜਾਣੇ ਸਾਰਾਂ ਵੇ!
ਰੂਹਾਂ ਨੂੰ ਜਦ ਹਾਣੀ ਲੱਭਦੇ
ਕੀ ਜਿੱਤਾਂ ਕੀ ਹਾਰਾਂ ਵੇ।
ਤੂੰ ਭੋਰਾ ਕਦਰ ਨਾ ਜਾਣੀਂ
ਸਾਡੀ ਅੱਖ ਮਸਤਾਨੀ ਦੀ।

ਮਿੱਠੀਆਂ ਮਾਰ ਕੇ ਦਾਗ਼ੀ ਕਰਤਾ
ਸਾਡਾ ਰੂਪ ਕਵਾਰਾ ਵੇ!
ਅੰਬਰਾਂ ਵਿੱਚੋਂ ਟੁੱਟ ਗਿਆਂ ਕਿਧਰੇ
ਸਾਡੇ ਨਾਂ ਦਾ ਤਾਰਾ ਵੇ!
ਲੱਗਦਾ ਸੀ ਰਿਸ਼ੀਆਂ ਵਰਗਾ,
ਕਰ ਗਿਆ ਗੱਲ ਸ਼ੈਤਾਨੀ ਦੀ।

ਬੀਤ ਗਏ ਦੀਆਂ ਯਾਦਾਂ ਭਾਵੇਂ
ਮੇਰਾ ਦਿਲ ਤੜਫਾਉਣਾ ਵੇ!
ਪਰ ਕਿਸੇ ਬੇਕਦਰੇ ਖ਼ਾਤਿਰ

ਮੈਂ ਨਾ ਬਹਿ ਕੇ ਰੋਣਾ ਵੇ!
ਤੂੰ ਕੀਮਤ ਪਰਖਣ ਬਹਿ ਗਿਆ
ਮੇਰੀ ਪਿਆਰ ਨਿਸ਼ਾਨੀ ਦੀ।

ਵਿੱਚ ਪਲਾਂ ਦੇ ਭੁੱਲ ਗੇ ਤੈਨੂੰ
ਚੇਤੇ ਕੌਲ ਕਰਾਰਾਂ ਦੇ।
ਤੂੰ ਫੁੱਲਾਂ ਦੀ ਰੁੱਤ ਫਾਹੇ ਲਾ'ਤੀ
ਕੀਤੇ ਕਤਲ ਬਹਾਰਾਂ ਦੇ।
ਬਾਹਲਾਂ ਬਣੇ ਸਿਆਣਾ
ਕਰ ਗਿਆ ਗੱਲ ਨਦਾਨੀ ਦੀ।
ਹੁਣ ਸਾਡੀ ਨਜ਼ਰ ਵਿੱਚ ਬਣ ਗਿਆ ਏਂ
ਤੂੰ ਚੀਜ਼ ਦੁਆਨੀ ਦੀ।



## ਤੈਨੂੰ ਕੀ ਆਖਾਂ

ਜਾਹ ਨੀ ਜਾਹ ਨੀ ਤੈਨੂੰ ਕੀ ਆਖਾਂ
ਤੂੰ ਭੁੱਲ ਗਈ ਕੌਲ 'ਕਰਾਰਾਂ ਨੂੰ।
ਨਿੱਕੀ ਨਿੱਕੀ ਗੱਲ 'ਤੇ ਰੁੱਸਣ ਵਾਲੀਏ
ਨੀ ਤੂੰ ਦੀ ਸਮਝੇਂਗੀ ਪਿਆਰਾਂ ਨੂੰ।

ਹਰਫ਼ ਇਸ਼ਕ ਦਾ ਮੋਤੀਓਂ ਮਹਿੰਗਾ
ਕਹਿੰਦੇ ਲੋਕ ਸਿਆਣੇ ਨੀ!
ਬੱਚਿਆਂ ਦੀ ਕੋਈ ਖੇਡ ਚੰਦਰੀਏ
ਪਰ ਇਹ ਤੇਰੇ ਭਾਣੇ ਨੀ!
ਕਿਸੇ ਜਹਾਨ 'ਤੇ ਸੁੱਖ ਨਹੀਂ ਪਾਉਂਦੇ
ਜੋ ਤੜਪਾਉਂਦੇ ਯਾਰਾਂ ਨੂੰ।

ਖੜ੍ਹ ਖੜ੍ਹ ਕੇ ਤੱਕਦੀ ਏ ਦੁਨੀਆਂ
ਜਿਹੜੇ ਰਾਹ ਤੋਂ ਲੰਘੀ ਦਾ।
ਪਰ ਤੇਰੇ ਬਾਝੋਂ ਹੋਰ ਕਿਸੇ ਦੀ
ਖੰਘ ਕਦੇ ਨਾ ਖੰਘੀ ਦਾ।
ਮੈਂ ਭੋਲੇਪਣ ਵਿੱਚ ਫੁੱਲ ਸਮਝ ਕੇ
ਚੁੰਮ ਬੈਠਾ ਨੀ ਖਾਰਾਂ ਨੂੰ।

ਜਿਵੇਂ ਖਿਡੌਣਾ ਟੁੱਟਣ ਉੱਤੇ
ਵਿਲਕੇ ਕੋਈ ਨਿਆਣਾ ਨੀ!
ਹੰਝੂਆਂ ਦੀ ਜੂਨੀ ਵਿੱਚ ਪੈ ਗਿਆ
'ਕੰਮੇਆਣਾ' ਮਰਜਾਣਾ ਨੀ!
ਤੇਰਾ ਇਹ ਗ਼ਮ ਸਾਨੂੰ ਮਾਰ ਦੇਊ
ਇਕ ਮਿਲਜੂ ਖ਼ਬਰ ਅਖ਼ਬਾਰਾਂ ਨੂੰ।

# ਸੋਚ

(ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ)

ਜਿਹੜੇ ਭਗਤ ਸਿੰਘ ਹੁੰਦੇ
ਉਹ ਕਦੇ ਹਰਿਆ ਨਹੀਂ ਕਰਦੇ।
ਜਿਨ੍ਹਾਂ ਦੀ ਸੋਚ ਜਿਉਂਦੀ ਹੈ
ਕਦੇ ਮਰਿਆ ਨਹੀਂ ਕਰਦੇ।

ਦਾਬੇ ਸਾਮਰਾਜੀਆਂ ਦੇ
ਜੇਲ੍ਹਾਂ ਤੇ ਹੱਥਕੜੀਆਂ।
ਨਾ ਮੰਨਦੇ ਅਣਖ ਵਾਲੇ
ਜ਼ਾਬਰ ਦੀਆਂ ਤੜੀਆਂ।
ਪੱਲੇ ਸੱਚ ਜਿਨ੍ਹਾਂ ਦੇ ਕਦੇ ਡਰਿਆਂ ਨਹੀਂ ਕਰਦੇ।

ਉਹ ਸੁੱਚੀਆਂ ਕਿਰਤਾਂ ਦੇ
ਸਦਾ ਪਹਿਰੇਦਾਰ ਹੁੰਦੇ।
ਉਹ ਰਾਖੇ ਇੱਜ਼ਤਾਂ ਦੇ
ਅਣਖੀ ਸਰਦਾਰ ਹੁੰਦੇ।
ਉਹ ਮਘਦੇ ਸੂਰਜ ਨੇ ਕਦੇ ਠਰਿਆ ਨਹੀਂ ਕਰਦੇ।

ਪੱਗ ਬੰਨ੍ਹ ਬਸੰਤੀ ਹੀ
ਭਗਤ ਸਿੰਘ ਬਣਿਆਂ ਨਹੀਂ ਜਾਂਦਾ।
ਜਿੰਨਾ ਚਿਰ ਜ਼ੁਲਮ ਵਿਰੁੱਧ
ਇਹ ਮੁੱਕਾ ਤਨਿਆਂ ਨਹੀਂ ਜਾਂਦਾ।
'ਕੰਮੇਆਣਾ' ਅਣਖ ਵਾਲੇ ਧੱਕਾ ਜ਼ਰਿਆ ਨਹੀਂ ਕਰਦੇ।
ਜਿਹੜੇ ਭਗਤ ਸਿੰਘ ਹੁੰਦੇ ...........



# ਨਸ਼ਾ ਨਾਸ਼ ਕਰਦਾ ਹੈ

ਨਸ਼ਾ ਨਾਸ਼ ਕਰਦਾ ਹੈ - ਜਵਾਨੋ ਬਚਕੇ, ਜਵਾਨੋ ਬਚਕੇ।
ਬੰਦਾ ਬਿਨ ਆਈ ਮਰਦਾ ਹੈ - ਜਵਾਨੋ ਬਚਕੇ, ਜਵਾਨੋ ਬਚਕੇ।

ਚਿੱਟਾ ਚਿੱਟੇ ਦਿਨ ਘਰਾਂ ਵਿੱਚ ਸੱਥਰ ਵਿਛਾ ਹੈ ਦਿੰਦਾ।
ਸੱਜ ਵਿਆਹੀ ਦੇ ਸਿਰ ਚਿੱਟੀ ਚੁੰਨੀ ਦਿਵਾ ਹੈ ਦਿੰਦਾ।
ਜੀਵਨ ਮੌਤ ਤੋਂ ਹਰਦਾ ਹੈ - ਜਵਾਨੋ ਬਚਕੇ, ਜਵਾਨੋ ਬਚਕੇ।
ਨਸ਼ਾ ਨਾਸ਼ ਕਰਦਾ ਹੈ ..............

ਜਰਦਾ ਲਾਉਣ ਤੋਂ ਸ਼ੁਰੂਆਤ ਗੱਲ ਫ਼ੀਮ ਖਾਣ ਤੱਕ ਜਾਂਦੀ।
ਕਦੇ ਸ਼ਰਾਬ, ਕਦੇ ਕੋਈ ਗੋਲੀ ਖਾਓਂ ਜੋ ਹੱਥ ਆਂਦੀ।
ਨਸ਼ੇ ਬਿਨ ਨਾ ਸਰਦਾ ਹੈ - ਜਵਾਨੋ ਬਚਕੇ, ਜਵਾਨੋ ਬਚਕੇ।
ਨਸ਼ਾ ਨਾਸ਼ ਕਰਦਾ ਹੈ ..............

ਸਾਦਾ ਜੀਵਨ, ਸਾਦਾ ਖਾਣਾ, ਖਾਂਦੇ ਰਹੇ ਵਡੇਰੇ।
ਹੱਡਾਂ ਦੇ ਵਿੱਚ ਜਾਨ ਬੜੀ ਸੀ ਨਸ਼ਾ ਨਾ ਲਾਉਂਦੇ ਨੇੜੇ।
ਸ਼ਾਹਦੀ ਇਤਿਹਾਸ ਭਰਦਾ ਹੈ - ਜਵਾਨੋ ਬਚਕੇ, ਜਵਾਨੋ ਬਚਕੇ।
ਨਸ਼ਾ ਨਾਸ਼ ਕਰਦਾ ਹੈ ..............

# ਮਾਂ

ਸਾਰੇ ਰਿਸ਼ਤੇ ਪਿਆਰੇ ਜੱਗ ’ਤੇ,
ਦਿਲ ਅੰਬਰ ਦੇ ਤਾਰੇ ਜੱਗ ’ਤੇ।
ਹੁੰਦਾ ਨਹੀਂ ਕੋਈ ਮਾਂ ਵਰਗਾ।
ਪਿੱਪਲਾਂ ਦੀ ਠੰਡੀ ਛਾਂ ਵਰਗਾ।

ਇਕ ਰਿਸ਼ਤਾ ਰੱਖੜੀ ਦੀਆਂ ਤੰਦਾਂ।
ਰੱਬ ਤੋਂ ਮੰਗੇ ਇਹੋ ਮੰਗਾ।
ਵਸਦਾ ਰਹੇ ਬਾਬਲ ਦਾ ਖੇੜਾ,
ਗੁੱਡੀਆਂ ਪਟੋਲਿਆਂ ਵਾਲਾ ਵਿਹੜਾ,
ਵੀਰਾ ਪਿੰਡ ਗਰਾਂ ਵਰਗਾ।

ਬਹੁਤੇ ਰਿਸ਼ਤੇ ਮਤਲਬ ਮਾਰੇ।
ਬੱਚੇ ਸਭ ਨੂੰ ਲੱਗਣ ਪਿਆਰੇ।
ਕਾਲਾ ਬੱਦਲ ਛਾ ਜਾਂਦਾ ਕੁੱਝ,
ਰਿਸ਼ਤਿਆਂ ਵਿੱਚ ਜਦ ਆ ਜਾਂਦਾ ਕੁੱਝ,
ਜਾਇਦਾਦ ਦੇ ਨਾਂ ਵਰਗਾ।

ਵੀਰ ਤਾਂ ਸੱਜੀਆਂ ਖੱਬੀਆਂ ਬਾਹਵਾਂ।
ਟੁੱਟ ਜਾਂਦਾ ਪਰ ਮਾਣ ਭਰਾਵਾਂ।
ਕੰਮੇਆਣਾ ਕੋਈ ਦਿਲ ਦਾ ਮਹਿਰਮ,
ਨਾਲ ਨਸੀਬਾਂ ਮਿਲਦਾ ਮਹਿਰਮ,
ਹੁੰਦਾ ਹੈ ਧੁੱਪ ਛਾਂ ਵਰਗਾ।
ਪਿੱਪਲਾ ਦੀ ..............



# ਲੋਕ ਤੱਥ

ਭੈਣ ਮਰੇ ਤਾਂ ਰੱਖੜੀ ਮਰਦੀ
ਤੇ ਵੀਰ ਮਰਨ ਤਾਂ ਬਾਹਵਾਂ।
ਬਾਪ ਮਰੇ ਬੇਫ਼ਿਕਰੀ ਮਰਦੀ ਤੇ ਮਾਂ ਮਰਦੀ ਤਾਂ ਛਾਵਾਂ।

ਯਾਰ ਮਰਨ ਤਾਂ ਮੇਲੇ ਮਰਦੇ
ਬੇਰੌਣਕ ਸਭ ਥਾਵਾਂ।
ਦਾਦੀ ਨਾਲ ਮਰਦੀਆਂ ਬਾਤਾਂ ਕੀ ਬੁੱਝਾਂ ਕੀ ਪਾਵਾਂ।

ਪਤੀ ਮਰੇ ਤਾਂ ਹਾਸੇ ਮਰਦੇ
ਮਰਦੀਆਂ ਮਸਤ ਅਦਾਵਾਂ।
ਪੁੱਤ ਮਰਦਾ ਤਾਂ ਮਾਪੇ ਮਰਦੇ ਜਿਉਂਦੇ ਵਾਂਗ ਸਜ਼ਾਵਾਂ।

ਫ਼ਸਲ ਮਰੇ ਤਾਂ ਜੱਟ ਮਰ ਜਾਂਦਾ
ਖਿੜ ਖਿੜ ਹੱਸਣ ਬਲਾਵਾਂ।
ਸੱਚ ਮਰਦਾ ਤਾਂ ਰੱਬ ਮਰ ਜਾਂਦਾ ਸੱਚੀਆਂ ਅੱਖ ਸੁਣਾਵਾਂ।

ਕੁੱਖਾਂ ਵਿਚ ਅੱਜ ਮਰਦੀਆਂ ਧੀਆਂ
ਕੱਲ੍ਹ ਦੀਆਂ ਮਰਦੀਆਂ ਮਾਵਾਂ।
ਫੱਕਰ ਮਰੇ ਤਾਂ ਮਰੇ ਫ਼ਕੀਰੀ ਮਰਦੀਆਂ ਕੁੱਲ ਦੁਆਵਾਂ।

ਬੇਰੁਜ਼ਗਾਰੀ ਵਿੱਚ ਚਾਅ ਮਰਦੇ
ਮਰਦੀਆਂ ਪ੍ਰੇਮ-ਕਥਾਵਾਂ।
‘ਕੰਮੇਆਣਾ’ ਜੇ ਗ਼ੈਰਤ ਮਰਜੇ ਤਾਂ ਬੰਦਾ ਮਰਦਾ ਸਾਵਾਂ।

# ਅੱਜ ਸਾਨੂੰ ਪਤਾ ਲੱਗਿਆ

ਮਿਲੇ ਪਹਿਲੀ ਪਹਿਲੀ ਵਾਰ, ਕੀਤੇ ਕੌਲ 'ਤੇ ਕਰਾਰ,
ਵਾਅਦੇ ਉਮਰਾਂ ਦੇ ਪਲਾਂ ਵਿੱਚ ਤੋੜ ਗੀ।
ਨੀ ਅੱਜ ਸਾਨੂੰ ਪਤਾ ਲੱਗਿਆ
ਤੂੰ ਤਾਂ ਪਰਸੋਂ ਨੂੰ ਹੋਣਾ ਕਿਸੇ ਹੋਰ ਦੀ।

ਬਣ ਕੇ ਪਟੋਲਾ ਜਦੋਂ ਕਾਲਿਜ 'ਚ ਆਉਂਦੀ ਸੀ।
ਅੱਖ ਮਸਤਾਨੀ ਸੀਨੇ ਛੁਰੀਆਂ ਚਲਾਉਂਦੀ ਸੀ।
ਤੈਨੂੰ ਪਹਿਲੀ ਵਾਰੀਂ ਤੱਕ, ਦਿਲ ਹੋ ਗਿਆ ਬੇਵੱਸ,
ਝੱਲੀ ਗਈ ਨਾ ਮੜਕ ਤੇਰੀ ਤੋਰ ਦੀ।

ਤੇਰੇ ਪਿੱਛੇ ਖੜਕੇ ਗੰਡਾਸੇ ਕਈ ਵਾਰ ਨੀ।
ਬੱਕਰੇ ਬੁਲਾਏ ਲਲਕਾਰੇ ਮਾਰ ਮਾਰ ਨੀ।
ਮੁੱਲ ਲਈਆਂ ਸੀ ਲੜਾਈਆਂ, ਤੇ ਤਾਰੀਕਾਂ ਗਲ ਪਾਈਆਂ।
ਕਿੱਥੇ ਰਪਟ ਲਿਖਾਈਏ ਚਿੱਤ ਚੋਰ ਦੀ।

ਖਾਂਦੀ ਸੀ ਤੂੰ ਕਸਮਾਂ ਮੈਂ ਲੱਗੀਆਂ ਨਿਭਾਵਾਂਗੀ।
ਹੋਰਾਂ ਵਾਂਗੂੰ ਅਧਵਾਟੇ ਛੱਡ ਕੇ ਨਾ ਜਾਵਾਂਗੀ।
ਹੰਝੂ ਅੱਖੀਆਂ 'ਚੋਂ ਡੁੱਲ੍ਹੇ, ਨਾ ਭੁਲਾਇਆਂ ਸਾਥੋਂ ਭੁੱਲੇ,
ਤੇਰਾ ਸੀਨੇ ਨਾ ਲਗਾਉਣਾ ਘੁੱਟ ਜ਼ੋਰ ਦੀ।

ਤਲੀਆਂ 'ਤੇ ਮਹਿੰਦੀ ਲਾਲ ਚੂੜਾ ਛਣਕਾ ਕੇ ਨੀ।
ਬਹਿਜੇਂਗੀ ਮਾਰੂਤੀ ਵਿੱਚ ਸੂਹਾ ਸੂਟ ਪਾ ਕੇ ਨੀ।
ਰੋਂਦਾ ਰਹਿਜੂਗਾ ਨਿਮਾਣਾ, ਨੀ 'ਧਰਮ ਕੰਮੇਆਣਾ',
ਜਿਵੇਂ ਰੋਹੀਆਂ ਵਿੱਚ ਕੂਕ ਹੁੰਦੀ ਮੋਰ ਦੀ।
ਨੀ ਅੱਜ ਸਾਨੂੰ ਪਤਾ ਲੱਗਿਆ.....



# ਹੀਰ ਜੱਟੀ

ਮੁਟਿਆਰ : ਕੱਲ੍ਹ ਕੁੜੀਆਂ ਮਗਰ ਮੇਰੇ ਪੈ ਗਈਆਂ।
ਮੈਨੂੰ ਖਿੱਚ ਕਨਟੀਨ ਵਿੱਚ ਲੈ ਗਈਆਂ।
ਉਨ੍ਹਾਂ ਪੁੱਛਿਆ ਮੈਂ ਸੰਗਦੀ ਸੰਗਾਉਂਦੀ ਨੇ।
ਵੇ ਚੰਨਾ ਤੇਰਾ ਨਾਂ ਦੱਸਦਾ।
ਹਾਸੇ ਹਾਸੇ ਵਿੱਚ ਮੇਰਾ ਵੇ ਸਹੇਲੀਆਂ ਨੇ ।
ਹੀਰ ਜੱਟੀ ਨਾਂ ਰੱਖਤਾ।

ਗੱਭਰੂ : ਚੋਰੀ ਮਿਲਣੇ ਦੀ ਗੱਲ ਸਾਰੇ ਜਾਣਦੇ।
ਮੈਥੋਂ ਲੈ ਗੇ ਕੱਲ੍ਹ ਪਾਰਟੀ ਨੀ ਹਾਣਦੇ।
ਕਹਿੰਦੇ ਟੀਸੀ ਵਾਲਾ ਬੇਰ ਯਾਰਾ ਲਾਹ ਲਿਆ
ਵਧਾਈਆਂ ਤੂੰ ਕਬੂਲ ਕਰੀਂ।
ਚੂਰੀ ਚੋਰੀ ਚੋਰੀ ਖਾ ਕੇ ਰਾਂਝਾ ਬਣਿਆਂ।
ਨਾ ਕੰਨ ਪੜਵਾਉਣ ਤੋਂ ਡਰੀਂ।

ਮੁਟਿਆਰ : ਖੁਸ਼ ਹੋਗੀਆਂ ਸੀ ਬੜਾ ਜਦੋਂ ਦੱਸਿਆ
ਨੀ ਮੁੰਡਾ ਉਹੋ 'ਕੰਮੇਆਣੇ' ਦਾ।
ਨਾਂ 'ਧਰਮ' ਧਰਮ ਨਾਲ ਰੱਖਿਆ
ਨੀ ਮਾਪਿਆਂ ਨੇ ਮਰਜਾਣੇ ਦਾ।
ਥੋਡੀ ਰੱਬ ਨੇ ਬਣਾਈ ਜੋੜੀ ਕਹਿੰਦੀਆਂ
ਨੀ ਤੇਰੇ ਨਾਲ ਉਹੀ ਜਚਦਾ।

ਗੱਭਰੂ : ਦਿਲ ਦੇ ਕੇ ਤੈਨੂੰ ਆਪਣਾ ਬਣਾ ਲਿਆ
ਰੱਖਾਂਗਾ ਇਹਦੀ ਲਾਜ਼ ਹੀਰੀਏ!
ਨੀ ਮੈਂ ਜਾਣਦਾ ਹਾਂ ਸੁੱਚੀਆਂ ਮੁਹੱਬਤਾਂ ਦਾ
ਮੋੜਨਾ ਵਿਆਜ਼ ਹੀਰੀਏ!
ਰੂਹ 'ਚ ਵਸਦੇ ਪੰਜਾਬ ਦਿਆਂ ਆਸ਼ਿਕਾਂ ਦੇ
ਰਾਂਝੇ ਅਤੇ ਮਿਰਜ਼ੇ ਹਰੀਂ।

# ਪੰਜਾਬੀ

ਪਾਣੀ ਪੰਜ ਦਰਿਆਵਾਂ ਦਾ ਹਰ ਥਾਂ ਵਗਾ ਲੈਂਦੇ।
ਜਿੱਥੇ ਜਾਣ ਪੰਜਾਬੀ ਨਵਾਂ ਪੰਜਾਬ ਵਸਾ ਲੈਂਦੇ।

ਇਹਨਾਂ ਦੇ ਲਈ ਨਾ ਕੋਈ ਵੈਰੀ ਨਾ ਬਿਗਾਨਾ ਹੈ।
ਗੁਰੂਆਂ ਦੱਸਿਆ ਰੱਖਣਾ ਸਭ ਦੇ ਨਾਲ ਯਰਾਨਾ ਹੈ।
ਰੋਹੀਆਂ, ਰੱਕੜਾਂ, ਬੰਜਰਾਂ ਨੂੰ ਗੁਲਜ਼ਾਰ ਬਣਾ ਲੈਂਦੇ।
ਜਿੱਥੇ ਜਾਣ ਪੰਜਾਬੀ.......................

ਅੱਜ ਪੰਜਾਬੀ ਹਰ ਥਾਂ ਉਤੇ ਆਬਾਦ ਹੋ ਗਿਆ ਹੈ।
ਸਾਰੀ ਦੁਨੀਆ ਜਾਪੇ ਜਿਵੇਂ ਪੰਜਾਬ ਹੋ ਗਿਆ ਹੈ।
ਅਪਣੀ ਸਰਗਮ ਦੇ ਵਿਚ ਸਾਰੇ ਰਾਗ ਰਲਾ ਲੈਂਦੇ।
ਜਿੱਥੇ ਜਾਣ ਪੰਜਾਬੀ.......................

ਮਿਹਨਤ, ਸ਼ਕਤੀ, ਭਗਤੀ ਨੇ ਤਿੰਨ ਗਹਿਣੇ ਇਹਨਾਂ ਦੇ।
ਰਹਿੰਦੀ ਦੁਨੀਆ ਤੀਕਰ ਨੇ ਨਾਂ ਰਹਿਣੇ ਇਹਨਾਂ ਦੇ।
ਮੁਸ਼ਕਿਲ ਘੜੀਆਂ ਅੰਦਰ ਵੀ ਨੇ ਹੱਸ ਹਸਾ ਲੈਂਦੇ।
ਜਿੱਥੇ ਜਾਣ ਪੰਜਾਬੀ.......................

ਮੋਹ ਨਾਲ ਮੰਗੋ ਜਿੰਦ ਭਾਵੇਂ ਪਰ ਨਾ ਸਹਿੰਦੇ ਅੜੀਆਂ ਨੂੰ।
ਟਿੱਚ ਜਾਣਦੇ ਜੇਲ੍ਹਾਂ, ਤੜੀਆਂ ਤੇ ਹੱਥਕੜੀਆਂ ਨੂੰ।
ਫੁੱਲਾਂ ਵਰਗੇ ਅਣਖਾਂ ਲਈ ਤਲਵਾਰ ਉਠਾ ਲੈਂਦੇ।
ਜਿੱਥੇ ਜਾਣ ਪੰਜਾਬੀ.......................



# ਸੋਹਣਾ ਦੇਸ਼ ਪੰਜਾਬ

ਜਿਵੇਂ ਫੁੱਲਾਂ'ਚੋਂ ਗੁਲਾਬ,
ਜਿਵੇਂ ਗੋਰੀ ਦਾ ਸ਼ਬਾਬ,
ਜਿਵੇਂ ਅੰਬਰਾਂ ਦੇ ਉਤੇ ਮਹਿਤਾਬ ਬੇਲੀਓ!
ਸੋਹਣਾਂ ਦੇਸ਼ਾਂ ਵਿਚੋਂ,
ਸੋਹਣੇ ਦੇਸ਼ਾਂ ਵਿਚੋਂ ਦੇਸ਼ ਹੈ ਪੰਜਾਬ ਬੇਲੀਓ !

ਪੰਜਾਂ ਪਾਣੀਆਂ ਦੇ ਉਤੇ ਰੱਬ ਦੀਆਂ ਮਿਹਰਾਂ ਨੇ।
ਚਾਰੇ ਪਾਸੇ ਅੱਜ ਇਹਦੇ ਲਹਿਰਾਂ ਅਤੇ ਬਹਿਰਾਂ ਨੇ।
ਇਸ ਧਰਤੀ ਦਾ ਮਾਣ,
ਸਾਰਾ ਜਾਣਦਾ ਜਹਾਨ,
ਦਿੱਤਾ ਰੱਬ ਨੇ ਹੁਸਨ ਬੇ-ਹਿਸਾਬ ਬੇਲੀਓ!

ਰੰਗਲਾ ਇਹ ਦੇਸ਼ ਸਾਡਾ ਯੋਧਿਆਂ ਤੇ ਪੀਰਾਂ ਦਾ।
ਮਿਰਜ਼ਿਆਂ, ਰਾਂਝਿਆਂ ਦਾ, ਸੱਸੀਆਂ ਤੇ ਹੀਰਾਂ ਦਾ।
ਇਹਦੇ ਮਿਹਨਤੀ ਕਿਸਾਨ,
ਪਾਉਂਦੇ ਬੰਜਰਾਂ 'ਚ ਜਾਨ,
ਪਾਣੀ ਦਿੰਦੇ ਸਤਲੁਜ ਤੇ ਚਨਾਬ ਬੇਲੀਓ!

ਕਿਸੇ ਇਹਨੂੰ ਵੰਡਿਆ ਤੇ ਕਿਸੇ ਨੇ ਲਤਾੜਿਆ।
ਪਰ ਇਹ ਜਿਉਣ ਜੋਗਾ ਗਿਆ ਨਹੀਓਂ ਮਾਰਿਆ।
ਸਦਾ ਚੜ੍ਹਦੀ ਕਲਾ ਹੈ।
ਸਰਬੱਤ ਦਾ ਭਲਾ ਹੈ।
ਇੱਥੇ ਵੱਜਦੀ ਮੁਹੱਬਤੀ ਰਬਾਬ ਬੇਲੀਓ

ਕੁਦਰਤ ਇਹਦੇ ਉੱਤੇ ਤਾਣੇ ਫੁਲਕਾਰੀਆਂ।
'ਕੰਮੇਆਣਾ' ਮਿਲੀਆਂ ਮੁਰਾਦਾਂ ਇਹਨੂੰ ਸਾਰੀਆਂ।
ਇਹਦੀ ਆਬ ਨਾ ਗਵਾਉਣਾ,
ਬੁਰੀ ਨਜ਼ਰੋਂ ਬਚਾਉਣਾ।
ਭਾਈਚਾਰਾ ਸਦਾ ਰੱਖਣਾ ਅਬਾਦ ਬੇਲੀਓ!

# ਪੰਜਾਬ-92

ਆਉਂਦੀਏ ਕੁੜੀਏ ! ਨੀ ਜਾਂਦੀਏ ਕੁੜੀਏ!!
ਘੜਾ ਤੂੰ ਭਰੇਂਗੀ ਕਾਸਦਾ ਨੀ!!!
ਪਾਣੀ ਸਾਡੇ ਦਰਿਆਵਾਂ ਦਾ
ਦਿਨ ਦੀਵੇ ਚੋਰੀ ਹੁੰਦਾ ਜਾਪਦਾ ਨੀ

ਆਉਂਦੀਏ ਕੁੜੀਏ ! ਨੀ ਜਾਂਦੀਏ ਕੁੜੀਏ!!
ਜਾਣ ਪ੍ਰਛਾਵੇਂ ਢਲਦੇ ਨੀ!!!
ਘਾਹ ਚੁੱਲ੍ਹਿਆਂ 'ਚ ਉੱਗਿਆ
ਸਿਵਿਆਂ 'ਚ ਭਾਂਬੜ ਬਲਦੇ ਨੀ

ਆਉਂਦੀਏ ਕੁੜੀਏ ! ਨੀ ਜਾਂਦੀਏ ਕੁੜੀਏ!!
ਵੀਰੇ ਨੂੰ ਸਮਝਾਇਆ ਕਰ!!!
ਗੋਲੀ ਚਿੜੀਆਂ ਦੇ ਮਾਰੀ ਦੀ ਨਈਂ
ਸੋਚ ਕੇ ਨਿਸ਼ਾਨਾ ਲਾਇਆ ਕਰ

ਆਉਂਦੀਏ ਕੁੜੀਏ ! ਨੀ ਜਾਂਦੀਏ ਕੁੜੀਏ!!
ਘੜੇ ਨਾ ਟੁੱਟ ਜਾਣ ਸਾਰੇ ਨੀ!!!
ਤੇਰੇ ਵਿਆਹ ਦੀ ਉਮਰ ਤੱਕ
ਗੱਭਰੂ ਨਾ ਮੁੱਕ ਜਾਣ ਸਾਰੇ ਨੀ

ਆਉਂਦੀਏ ਕੁੜੀਏ ! ਨੀ ਜਾਂਦੀਏ ਕੁੜੀਏ!!
ਘੜਾ ਤਾਂ ਭਰਿਆ ਅੱਗ ਦਾ ਨੀਂ!!!
ਲੇਖਾ ਦੇਣਾ ਪਊ ਸਮੇਂ ਨੂੰ
ਸੱਥ ਦੇ ਵਿਚਾਲੇ ਲੱਥੀ ਪੱਗ ਦਾ ਨੀ



# ਜ਼ਖ਼ਮੀ ਗੁਲਾਬ

ਕਿਵੇਂ ਲਿਖਾਂ ਮੈਂ ਪਾਣੀ ਪੰਜਾਬ ਦੇ ਗਾਉਂਦੇ ਮਿਲੇ ਮੈਨੂੰ।
ਵੰਝਲੀ ਤੇ ਰਾਂਝਾ ਦੋਨੋਂ ਹੀ ਰੋਂਦੇ ਮਿਲੇ ਮੈਨੂੰ।

ਮਾਵਾਂ ਨੂੰ ਭੁੱਲੀਆਂ ਲੋਰੀਆਂ ਵੈਣਾਂ ਦੀ ਜੂਨੀ ਪੈ ਗੀਆਂ।
ਤੇ ਮੁਟਿਆਰਾਂ ਦੀਆਂ ਚੁੰਨੀਆਂ ਸੁੰਨਿਆਂ ਪੁਲਾਂ 'ਤੇ ਰਹਿਗੀਆਂ।
ਬੁੱਢੇ ਬਾਪੂਆਂ ਦੀਆਂ ਸੱਥਾਂ 'ਚ ਰੁਲੀਆਂ ਦਾਹੜੀਆਂ,
ਤੇ ਗੁੰਮੀ ਪੱਗ ਦੇ ਕੀਰਨੇ ਪਾਉਂਦੇ ਮਿਲੇ ਮੈਨੂੰ।

ਹਰ ਥਾਂ ਕਤਲਗਾਹ ਬਣ ਗਈ ਮੇਲੇ ਵੀ ਮੈਲੇ ਹੋ ਗਏ।
ਸੂਰਜ ਛਿਪਣ ਤੋਂ ਪਹਿਲਾਂ ਹੀ ਜਾਪੇ ਕੁਵੇਲੇ ਹੋ ਗਏ।
ਜਾਂ ਹੱਥ ਵਿਚ ਬੰਦੂਕ ਸੀ ਜਾਂ ਹਿੱਕ ਉੱਤੇ ਬੰਦੂਕ,
ਕਿੰਜ ਲਿਖਾਂ ਮੈਂ ਗੱਭਰੂ ਭੰਗੜਾ ਪਾਉਂਦੇ ਮਿਲੇ ਮੈਨੂੰ।

ਮੈਂ ਬਲਦਾ ਦੇਖ ਪੰਜਾਬ ਨੂੰ ਜਦ ਸੋਚਾਂ ਦੇ ਵਿਚ ਪੈ ਗਿਆ।
ਸਤਲੁਜ ਤੇ ਝਨਾਂ ਦੀ ਸਾਂਝ ਦਾ ਸਾਂ ਗੀਤ ਛੋਹ ਕੇ ਬਹਿ ਗਿਆ।
ਵਾਰਿਸ ਸ਼ਾਹ, ਸ਼ਿਵ ਕੁਮਾਰ ਤੇ ਪੂਰਨ ਸਿੰਘ ਤਿੰਨੇ,
ਖ਼ਾਬਾਂ 'ਚ ਜੱਫ਼ੀਆਂ ਪਾਉਂਦੇ, ਕੁਰਲਾਉਂਦੇ ਮਿਲੇ ਮੈਨੂੰ।

# ਨਵੇਂ ਟਿਕਾਣੇ

ਪਿੰਡ ਨੂੰ ਛੱਡ ਸ਼ਹਿਰ ਵਿਚ ਆਏ।
ਨਵੇਂ ਟਿਕਾਣੇ ਅਸਾਂ ਬਣਾਏ।

ਅੰਕਲ, ਆਂਟੀ, ਭਾਅ ਜੀ, ਭੈਣ ਜੀ।
ਅਸੀਂ ਆਖੀਏ, ਸਾਨੂੰ ਕਹਿਣ ਜੀ।
ਕਿਸ ਨੂੰ ਭਾਬੀ ਆਖ ਬੁਲਾਈਏ,
ਨਾ ਕੋਈ ਚਾਚੇ-ਤਾਏ।

ਘੱਟ ਵੱਧ ਕਿਸੇ ਦੇ ਆਈਏ ਜਾਈਏ।
ਟੈਲੀਫ਼ੋਨ ਦੀ ਰਿੰਗ ਘੁਮਾਈਏ।
ਦੂਰੋਂ ਦੂਰੋਂ ਹੱਥ ਘੁੱਟਣੀ,
ਤੇ ਦੂਰੋਂ ਹੈਲੋ ਹਾਏ।

ਬੰਦੇ ਬੜੇ ਸ਼ਰੀਕਾਂ ਵਰਗੇ।
ਬਾਬੇ ਨਹੀਂ ਅਸੀਸਾਂ ਵਰਗੇ।
ਮਾਂ ਮਿੱਟੀ ਦੇ ਵਾਂਗੂੰ ਕਿਹੜਾ,
ਸਾਡੀ ਖ਼ੈਰ ਮਨਾਏ।

ਰੋਜ਼ੀ ਹੀਰ ਦੀ ਖਾਤਿਰ ਯਾਰਾ।
ਛੱਡ ਕੇ ਆ ਗੇ ਤਖ਼ਤ ਹਜ਼ਾਰਾ।
ਹੁਣ ਤਾਂ ਕੁਦਰਤ ਜਿੰਦ ਦੇ ਰੁੱਖ ਨੂੰ,
ਏਥੇ ਫ਼ਲ ਫੁੱਲ ਲਾਏ।



# ਪੁਰਾ ਵਗਦਾ

ਪੁਰਾ ਵਗਦਾ-ਪੁਰਾ ਵਗਦਾ।
ਪੁਰਾ ਵਗਦਾ-ਪੁਰਾ ਵਗਦਾ ।
ਤੂੰ ਸਾਥੋਂ ਦੂਰ ਵਸਦੀ ਏਂ,
ਬੁਰਾ ਲਗਦਾ - ਬੁਰਾ ਲਗਦਾ

ਤੇਰੇ ਤੁਰ ਜਾਣ ਦੇ ਪਿੱਛੋਂ, ਹੋ ਗਏ ਹਾਂ ਕੱਖਾਂ ਤੋਂ ਹੌਲੇ।
ਖਾਣ ਨੂੰ ਪੈਂਦੇ 'ਕੱਲਿਆਂ ਨੂੰ, ਇਹ ਘਰ ਦੇ ਕੰਧਾਂ ਤੇ ਕੌਲੇ।
ਬਿਨਾਂ ਤੇਰੇ - ਸੱਜਣ ਮੇਰੇ।
ਸੱਜਣ ਮੇਰੇ - ਬਿਨਾਂ ਤੇਰੇ।
ਕਿਵੇਂ ਬੀਤੇ - ਕਿਵੇਂ ਗੁਜ਼ਰੇ,
ਸਫ਼ਰ ਅੱਗ ਦਾ - ਸਫ਼ਰ ਅੱਗ ਦਾ।

ਪਤਾ ਨਹੀਂ ਮੋੜ ਕਿਹੜੇ ਤੇ, ਅਸੀਂ ਭੁੱਲ ਆਏ ਹਾਂ ਹਾਸੇ।
ਨਜ਼ਰ ਆਉਂਦੇ ਸਿਵੇ ਬਲਦੇ, ਅਸਾਂ ਨੂੰ ਤਾਂ ਨੇ ਹਰ ਪਾਸੇ।
ਤੇਰੇ ਲਾਰੇ - ਬੜੇ ਭਾਰੇ।
ਬੜੇ ਭਾਰੇ - ਤੇਰੇ ਲਾਰੇ।
ਲੱਗੇ ਨਾ ਭੇਤ ਕੋਈ ਤੇਰਾ,
ਲਾਈ ਲੱਗ ਦਾ - ਲਾਈ ਲੱਗ ਦਾ।

ਤੇਰੀ ਅਣਹੋਂਦ ਦੇ ਵਿਚ, ਮੌਸਮਾਂ ਦੇ ਅਰਥ ਬਦਲ ਗਏ।
ਅਸੀਂ ਧੁੱਪਾਂ 'ਚ ਬਰਫ਼ਾਂ ਹੋ ਗਏ, ਪਾਲੇ 'ਚ ਪਿਘਲ ਗਏ।
ਆਰ 'ਨੇਰ੍ਹੇ - ਪਾਰ ਨੇਰ੍ਹੇ।
ਪਾਰ ਨੇਰ੍ਹੇ - ਆਰ ਨੇਰ੍ਹੇ।
ਕਿਤੇ ਵੀ ਯਾਰ ਦਾ ਦੀਵਾ,
ਨਹੀਂ ਜਗਦਾ - ਨਹੀਂ ਜਗਦਾ।

# ਜਿਸਮ ਤੋਂ ਵੱਧ ਕੁੱਝ ਹੋਰ ਵੀ

ਮੇਰੇ ਸੀਨੇ ਵਿਚ ਵੀ ਦਿਲ ਵਸਦਾ ਰੀਝਾਂ ਦਾ ਭਰਿਆ!
ਮੈਨੂੰ ਜਿਸਮ ਤੋਂ ਵੱਧ ਕੁੱਝ ਹੋਰ ਵੀ ਸਮਝ ਲਿਆ ਕਰ ਅੜਿਆ!

ਨਿੱਤ ਦਾਰੂ ਪੀ ਘਰ ਵੜਦਾ ਏਂ ਤੇ ਕਰਦਾ ਏਂ ਮਨ ਆਈਆਂ ਵੇ!
ਕਲੀਆਂ ਮੇਰੇ ਜਜ਼ਬਾਤ ਦੀਆਂ ਮਰਝਾਈਆਂ ਨੇ ਤ੍ਰਿਹਾਈਆਂ ਵੇ!
ਤੂੰ ਹਿੱਕ ਦਾ ਜ਼ੋਰ ਅਜ਼ਮਾਉਂਦਾ ਏਂ, ਮੈਂ ਕਿੰਝ ਸਮਝਾਵਾਂ ਤੈਨੂੰ ਵੇ!
ਮੈਂ ਵੀ ਆਖਿਰ ਇਨਸਾਨ ਹਾਂ ਇਕ, ਤੂੰ ਚੀਜ਼ ਸਮਝਦਾ ਮੈਨੂੰ ਵੇ!
ਹਰ ਵੇਲੇ ਤੈਨੂੰ ਰਹਿੰਦਾ ਕਿਉਂ ਗੁੱਸਾ ਜਿਹਾ ਚੜ੍ਹਿਆ!

ਮੈਂ ਬਾਬਲ ਵਿਹੜੇ ਹਾਣਦਿਆਂ! ਖੌਰੇ ਕੀ ਕੀ ਸੁਪਨੇ ਤੱਕੇ ਸੀ!
ਲੱਖਾਂ ਚਾਅ ਆਪਣੇ ਸੀਨੇ ਵਿਚ ਮੈਂ ਸਾਂਭ-ਸਾਂਭ ਕੇ ਰੱਖੇ ਸੀ!
ਸੁਪਨੇ ਦਾ ਸੱਜਣ ਸੋਚਾਂ ਵਿੱਚ ਨਿੱਤ ਸੌਣ ਤੋਂ ਪਹਿਲਾਂ ਆਉਂਦਾ ਸੀ!
ਜਦ ਸੌਂਦੀ ਸੀ ਤਾਂ ਬਣ ਸੁਪਨਾ, ਅੱਧੀ ਰਾਤੀਂ ਆਣ ਜਗਾਉਂਦਾ ਸੀ!
ਤੂੰ ਮਿਲਿਆ ਤਾਂ ਇੰਜ ਲੱਗਿਆ, ਸੁਪਨਾ ਸਾਹਵੇਂ ਖੜ੍ਹਿਆ!

ਕੀ ਤਨ ਨੇ ਪੀਂਘਾਂ ਝੂਟਣੀਆਂ ਜੇ ਮਨ ਨਾ ਹੁੰਗਾਰਾ ਭਰਦਾ ਵੇ!
ਤੂੰ ਜੀਹਦੇ ਕੋਲੋਂ ਨਿੱਘ ਲੋਚੇਂ, ਉਸੇ ਨੂੰ ਬਰਫ਼ ਹੈਂ ਕਰਦਾ ਵੇ!
ਤੂੰ ਛੱਡ ਕੇ ਝੂਠੇ ਨਸ਼ਿਆ ਨੂੰ, ਕਦੇ ਗੀਤ ਮੁਹੱਬਤ ਗਾ ਲਿਆ ਕਰ!
ਮਤਲਬ ਨੂੰ ਨੇੜੇ ਆਉਂਦਾ ਏਂ, ਕਦੇ ਉਂਜ ਵੀ ਕੋਲ ਬਿਠਾ ਲਿਆ ਕਰ!
ਇਕ ਹਉਕਾ ਆ ਕੇ ਹੋਠਾਂ 'ਤੇ ਅਬੋਲ ਜਿਹਾ ਮਰਿਆ!



# ਕਬਰਾਂ ਦਾ ਸਿਰਨਾਵਾਂ

ਦਿਲ ਮੇਰਾ ਹੁਣ ਬਣ ਚੱਲਿਆ ਹੈ
ਕਬਰਾਂ ਦਾ ਸਿਰਨਾਵਾਂ।
ਖੌਰੇ ਕਿਹੜੀਆਂ ਕਿਹੜੀਆਂ ਰੀਝਾਂ
ਇਸ ਵਿਚ ਨਿੱਤ ਦਫਨਾਵਾਂ।

ਪਹਿਲੇ ਪਹਿਲੇ ਪਿਆਰ ਮੇਰੇ ਦੀ ਕਿੱਥੇ ਮੁੱਕੀ ਕਹਾਣੀ।
ਸਮਿਆਂ ਸਾਨੂੰ ਇਉਂ ਵੰਡ ਦਿੱਤਾ ਜਿਉਂ ਵੰਡੇ ਪੰਜ ਪਾਣੀ।
ਦਿਲ ਮੇਰੇ ਦਾ ਸਤਲੁਜ ਉਛਲੇ
ਕਿੰਜ ਰਾਵੀ ਤੱਕ ਜਾਵਾਂ

ਕੀ ਦੱਸਾਂ, ਕਿਸ ਗੱਲ ਤੋਂ ਮੈਂ ਤੇ ਮੇਰਾ ਦਿਲ ਉਦਾਸੇ।
ਸੱਜਰੇ ਚੋਏ ਸ਼ਹਿਦ ਦੇ ਵਰਗੇ ਮਿੱਠੜੇ ਬੋਲ ਗਵਾਚੇ।
ਤੁੰਮਿਆਂ ਦੀ ਵੱਲ ਚਿੱਥਣ ਵਰਗੀ
ਉਮਰਾ ਕਿਵੇਂ ਹੰਢਾਵਾਂ।

ਮੇਰੇ ਸੁਪਨੇ ਦੇ ਚੰਦ ਤੇ ਕਿਸ ਹਰਫ਼ ਗ੍ਰਹਿਣਿਆਂ ਵਾਹਿਆ।
ਜਿੰਦ ਦੀ ਚਿੱਟੀ ਚਾਦਰ ਉੱਤੋਂ ਰੰਗਲਾ ਫੁੱਲ ਚੁਰਾਇਆ।
ਪੰਛੀ, ਪੀਘਾਂ, ਸੁਪਨਾ ਬਣ ਗਏ,
ਰੁੱਖ ਤੋਂ ਰੁੱਸੀਆਂ ਛਾਵਾਂ।

ਵਿਹੜੇ ਦੇ ਵਿਚ ਫੁੱਲ ਮਹਿੰਦੀ ਦੇ, ਮੱਥੇ ਉੱਗੀਆਂ ਥੋਹਰਾਂ।
ਕੀ ਨੱਚਣਾ, ਕੀ ਪਾਉਣੀਆਂ ਪੈਲਾਂ, ਜ਼ਖ਼ਮੀ ਹੋਏ ਮੋਰਾਂ।
ਹੋਲਾਂ ਵਾਂਗੂੰ ਹਾਸੇ ਭੁੱਜਦੇ
ਤੱਤੀਆਂ ਵਗਣ ਹਵਾਵਾਂ।

## ਪੰਜਾਬੀ ਦੀ ਖ਼ੈਰ ਲੋੜੀਂ

ਜੀਹਦਾ ਮਿੱਠਾ ਬੋਲ ਪਹਿਲੀ ਵਾਰੀਂ ਕੰਨ ਪਿਆ ਸੀ,
ਜਿਸ ਬੋਲੀ ਵਿਚ ਪਹਿਲੀ ਵਾਰੀਂ ਮਾਂ ਕਿਹਾ ਸੀ,
ਉਸ ਬੋਲੀ ਨਾਲੋਂ ਨਾਤਾ ਨਾ ਤੂੰ ਤੋੜੀਂ ਬੇਲੀਆ!
ਸਦਾ ਖ਼ੈਰ ਤੂੰ ਪੰਜਾਬੀ ਮਾਂ ਦੀ ਲੋੜੀਂ ਬੇਲੀਆ!

ਜਿਸ ਬੋਲੀ ਵਿਚ ਬੋਲ ਬਚਪਣ ਬੀਤਿਆ।
ਬੋਲ ਤੋਤਲੇ ਜੇ ਬੋਲ, ਹਰ ਦਿਲ ਜਿੱਤਿਆ।
ਲੋਰੀ ਮਾਂ ਦੇ ਕੋਲੋਂ, ਦਾਦੀ ਕੋਲੋਂ ਬਾਤਾ ਸੁਣੀਆਂ।
ਜਿਸ ਬੋਲੀ 'ਚ ਪਲੇਠੀਆਂ ਸੀ ਸੋਚਾਂ ਬੁਣੀਆਂ।
ਮੁੱਲ ਮਾਂ ਦੇ ਸੁੱਚੇ ਦੁੱਧ ਦਾ ਤੂੰ ਮੋੜੀਂ ਬੇਲੀਆ!

ਜਿਸ ਬੋਲੀ ਵਿਚ ਬੋਲ ਕੇ ਪਿਆਰ ਕਰਿਆ।
ਭੋਲੀ ਤੱਕਣੀ ਕਲੇਜੇ 'ਚੋਂ ਸੀ ਰੁੱਗ ਭਰਿਆ।
ਜਿਸ ਬੋਲੀ 'ਚ ਪਿਆਰੇ ਨੂੰ ਸੀ ਪਾਈਆਂ ਚਿੱਠੀਆਂ।
ਜਿਸ ਬੋਲੀ ਵਿਚ ਸੋਹਣੇ ਦੀਆਂ ਆਈਆਂ ਚਿੱਠੀਆਂ।
ਦੇਖੀ ਰਾਂਝੇ ਕੋਲੋਂ ਹੀਰ ਨਾ ਵਿਛੋੜੀਂ ਬੇਲੀਆ!

ਇਹਦੇ ਊੜੇ ਵਿਚ ਬੰਦ, ਤਿੰਨੋ ਬ੍ਰਹਿਮੰਡ ਨੇ।
ਸੋਹਣੇ ਅੱਖਰ ਸਿਤਾਰੇ, ਸੂਰਜ ਤੇ ਚੰਦ ਨੇ।
ਪੰਜ ਆਬ ਦਾ ਇਹ ਮੋਤੀ ਤੇਰੇ ਕੋਲ ਬੇਲੀਆ!
ਰੁਲ ਜਾਏਂਗਾ ਜੇ ਦਿੱਤਾ ਇਹਨੂੰ ਰੋਲ ਬੇਲੀਆ!
ਇਹਦੀ ਬੰਦਨਾਂ 'ਚ ਹੱਥ ਸਦਾ ਜੋੜੀਂ ਬੇਲੀਆ!



## ਫ਼ੱਕਰਾਂ ਦੇ ਕਹਿਣੇ

ਆਖੇ ਲੱਗਜਾ ਤੂੰ ਮੰਨ ਲੈ ਨੀ ਫ਼ੱਕਰਾਂ ਦੇ ਕਹਿਣੇ।
ਨੀ ਇਹ ਜ਼ਿੰਦਗੀ ਦੇ ਦੀਵੇ ਸਦਾ ਬਲਦੇ ਨਹੀਂ ਰਹਿਣੇ।

ਖੌਰੇ ਕਿਹੜੇ ਮੋੜ ਉੱਤੇ ਮੌਤ ਮਿਲ ਪਏ ਸਾਨੂੰ।
ਇਹੇ ਉਮਰਾਂ ਦਾ ਗੀਤ ਅਲਵਿਦਾ ਕਹੇ ਸਾਨੂੰ।
ਕੋਸੇ ਸਾਹਾਂ ਦੇ ਸਮੁੰਦਰ ਸਦਾ ਖੌਲਦੇ ਨਾ ਰਹਿਣੇ।
ਆਖੇ ਲੱਗਜਾ......................

ਗੋਰੇ ਰੰਗ ਦੇ ਗ਼ੁਮਾਨ ਵਿਚ ਹੋਈ ਫਿਰੇਂ ਝੱਲੀ।
ਅੱਖ ਮਾਹੀ ਨਾ ਮਿਲਾ ਲੈ ਨਹੀਂ ਤਾਂ ਰਹਿ ਜਾਏਂਗੀ ਕੱਲੀ।
ਬਾਝ ਇਸ਼ਕੇ ਦੇ ਸੱਜਦੇ ਨਾ ਹੁਸਨਾਂ ਦੇ ਗਹਿਣੇ।
ਆਖੇ ਲੱਗਜਾ.........................

ਤੇਰੇ ਸ਼ਹਿਰ ਵਿਚ ਤੇਰਾ ਨੀ ਦੀਵਾਨਾ ਇਕ ਰਹਿੰਦਾ।
ਉਹਦੀ ਸੋਚ ਦਾ ਪਰਿੰਦਾ ਸਦਾ ਤੇਰੇ ਦਰੀਂ ਬਹਿੰਦਾ।
ਤੇਰੇ ਪਿੱਛੇ 'ਕੰਮੋਆਣਾ' ਉਹਨੂੰ ਮਾਰਦਾ ਏ ਮਿਹਣੇ।
ਆਖੇ ਲੱਗਜਾ.................

ਜਦੋਂ ਬੀਤ ਗਿਆ ਵੇਲਾ ਫਿਰ ਪਛਤਾਏਂਗੀ
ਸ਼ੀਸ਼ਾ ਕਰੇਗਾ ਮਖੌਲਾਂ ਜਦੋਂ ਝਾਤੀ ਪਾਏਂਗੀ।
ਜਦੋਂ ਖੇੜਿਆ ਦੇ ਵੱਸ ਪੈਗੀ ਹੀਰ ਦੀਏ ਭੈਣੇ।
ਆਖੇ ਲੱਗ ਜਾ............

# ਵਿਦਾਂ ਹੋਣ ਤੋਂ ਪਹਿਲਾਂ

ਭਾਵੇਂ ਸਾਡੇ ਲੁੱਟੇ ਗਏ ਨੇ ਹਾਸੇ ਇਸ ਨਗਰੀ 'ਚ
ਤਾਂ ਵੀ ਇਹਦੀ ਮੰਗਦੇ ਹਾਂ ਖ਼ੈਰ।
ਨੀਂ ਅਸੀਂ ਭਾਵੇਂ ਉੱਜੜ ਗਏ
ਚੰਨੋ! ਵੱਸਦਾ ਰਹੇ ਨੀ ਤੇਰਾ ਸ਼ਹਿਰ।

ਇੱਥੇ ਮੋਏ ਸੁਪਨੇ ਤੇ ਮੋਏ ਅਰਮਾਨ ਨੀ!
ਜਦੋਂ ਮੋਏ ਉਦੋਂ ਬੜਾ ਰੋਏ ਅਰਮਾਨ ਨੀ!
ਸਾਹ ਲਿਆਂ ਅੰਗ ਅੰਗ ਪੈ ਜਾਏ ਨੀਲਾ,
ਇੱਥੇ ਘੁਲੀ ਹੈ ਹਵਾਵਾਂ ਵਿਚ ਜ਼ਹਿਰ।

ਜਿਨ੍ਹਾਂ ਦੀਆਂ ਯਾਰੀਆਂ ਤੇ ਸਾਨੂੰ ਬੜਾ ਮਾਣ ਸੀ।
ਅੱਜ ਪਤਾ ਲੱਗਾ ਐਵੇਂ ਕੂੜ ਦਾ ਗ਼ੁਮਾਨ ਸੀ।
ਇੱਥੇ ਹਰ ਦੇਹਲੀ ਉੱਤੇ ਬਲਦੀਆਂ ਲਾਟਾਂ
ਇੱਥੇ ਸੱਸੀਆਂ ਦੇ ਭੁੱਜ ਜਾਂਦੇ ਪੈਰ।

ਜਦੋਂ ਆਏ ਉਦੋਂ ਅਸੀਂ ਫੁੱਲ ਸਾਂ ਗੁਲਾਬ ਦੇ।
ਲਾਸ਼ ਲੈ ਕੇ ਮੁੜ ਚੱਲੇ ਸ਼ਹਿਰ 'ਚੋਂ ਜਨਾਬ ਦੇ।
ਛੱਡ ਤੇਰਾ ਸ਼ਹਿਰ ਤੁਰ ਜਾਣਾ ਉਥੇ ਫੱਕਰਾਂ ਨੇ,
ਲੈਗੀ ਜਿੱਥੇ ਮਨ ਵਾਲੀ ਲਹਿਰ।

ਭਾਵੇਂ ਇੱਥੇ ਸਾਡੇ ਉਤੇ ਢਾਹਿਆ ਗਿਆ ਕਹਿਰ ਨੀ।
ਫੇਰ ਵੀ ਇਹ ਸਾਡੀਆਂ ਮੁਹੱਬਤਾਂ ਦਾ ਸ਼ਹਿਰ ਨੀਂ।
ਇਸ ਨਗਰੀ ਦਾ ਸਾਨੂੰ ਮੋਹ ਕਿਉਂ ਨਾ ਆਏ ਚੰਨੋ!
ਇੱਥੇ ਸਾਡੀ ਢਲੀ ਹੈ ਦੁਪਹਿਰ।

ਕੁੱਝ ਖ਼ਤ, ਮੁੰਦਰੀ ਤੇ ਰੇਸ਼ਮੀ ਰੁਮਾਲ ਨੀ!
ਯਾਦਾਂ ਤੇਰੇ ਸ਼ਹਿਰ ਦੀਆਂ ਲੈ ਚੱਲੇ ਨਾਲ ਨੀ!
ਚੱਲਿਆਂ ਬੇਗਾਨਿਆਂ ਦੇ ਵਾਂਗ ਨੀ 'ਧਰਮ' ਤੇਰਾ,
ਤੂੰ ਵੀ ਉਹਨੂੰ ਆਖਿਆ ਨਾ ਠਹਿਰ।



# ਦਿਲ 'ਚ ਲਾਉਣ ਲੱਗੀ ਗੇੜੇ

ਤੇਰੇ ਉੱਤੇ ਸੋਹਣੀਏ ਜਵਾਨੀ ਚੜ੍ਹ ਆਈ,
ਗਿੱਧੇ ਵਿਚ ਨੱਚਦੀ ਨੇ ਅੱਖ ਜਾਂ ਮਿਲਾਈ,
ਗੱਲ ਵੱਸ ਦੀ ਰਹੀ ਨਾ ਤੇਰੇ ਮੇਰੇ।
ਤੂੰ ਗਿੱਧੇ ਵਿਚ ਨੱਚ ਕੇ ਹਟੀ,
ਮੇਰੇ ਦਿਲ 'ਚ ਲਾਉਣ ਲੱਗੀ ਗੇੜੇ।

ਸਾਹਵੇਂ ਆ ਕੇ ਨੱਚੀ ਜੱਟੀ ਹੀਰ ਦੀ ਜਾਂ ਭੈਣ।
ਇਸ਼ਕੇ ਦਾ ਗਿੱਧਾ ਲੱਗਾ ਦਿਲ ਵਿਚ ਪੈਣ।
ਚਾਵਾਂ ਬੰਨ੍ਹ ਲਏ ਸ਼ਗਨ ਦੇ ਸਿਹਰੇ।
ਤੂੰ ਗਿੱਧੇ ਵਿਚ............

ਤੇਰੀ ਇੱਕੋ ਤੱਕਣੀ ਨੇ ਕਰਤਾ ਕਮਾਲ।
ਪਲਾਂ ਵਿਚ ਹੋ ਗਏ ਅਸੀਂ ਹਾਲ ਤੋਂ ਬੇਹਾਲ।
ਰੂਹ 'ਚ ਰੌਸ਼ਨੀ ਤੇ ਬਾਹਰ ਹਨੇਰੇ।
ਤੂੰ ਗਿੱਧੇ ਵਿਚ..........

ਪਿੰਗਲ-ਆਰੂਜ਼ ਤੇ ਨਾ ਜਾਣਾ ਕੋਈ ਛੰਦ।
ਜੁੜ ਗਈਆਂ ਅੱਖਾਂ ਤੇ ਜੁੜਨ ਲੱਗੇ ਬੰਦ।
ਪਾਵਾਂ ਬੋਲੀਆਂ ਹੌਂਸਲੇ ਤੇਰੇ।
ਤੂੰ ਗਿੱਧੇ ਵਿਚ..........

# ਪਿੱਪਲਾਂ ਵਰਗੀਆਂ ਛਾਵਾਂ

ਅੱਜ ਉਹ ਵਿਹੜਾ ਮੇਰੇ ਲਈ ਮਾਰੂਥਲ ਵਰਗਾ ਹੋਇਆ,
ਜਿਸ ਵਿਹੜੇ 'ਚੋਂ ਕੱਲ੍ਹ ਤੱਕ ਮਿਲੀਆਂ ਪਿੱਪਲਾਂ ਵਰਗੀਆਂ ਛਾਵਾਂ।
ਮੈਂ ਪੈਰਾਂ ਨੂੰ ਪੁੱਛਿਆ ਸੱਜਣੋ!
ਹੁਣ ਮੈਂ ਕਿਸ ਪਾਸੇ ਵੱਲ ਜਾਵਾਂ।

ਇਕ ਪਾਸੇ ਖੁਦਕੁਸ਼ੀ ਦਾ ਮੌਸਮ,
ਇਕ ਪਾਸੇ ਜ਼ਿੰਦਗੀ ਦੀਆਂ ਬਾਤਾਂ।
ਇਕ ਪਾਸੇ ਪੁੰਨਿਆਂ ਦੇ ਨਗਮੇ,
ਇਕ ਪਾਸੇ ਮੱਸਿਆ ਦੀਆਂ ਰਾਤਾਂ।
ਮੇਰੇ ਤੋਂ ਅੱਜ ਮੇਰੇ ਘਰ ਦਾ ਗੁੰਮ ਹੋਇਆ ਸਿਰਨਾਵਾਂ।

ਭੋਲੇ ਜਹੇ ਬਚਪਣ ਦਾ ਚੇਤਾ,
ਖੋਹ ਜਹੀ ਕਲੇਜੇ ਅੰਦਰ ਪਾਏ।
ਵੀਰਾਂ ਦੇ ਕੰਧਿਆਂ 'ਤੇ ਬਹਿ ਕੇ,
ਹੱਸਣਾ-ਕੁੱਦਣਾ ਚੇਤੇ ਆਏ।
ਜਿਸ ਪਾਸੇ ਵੀ ਨਿਗ੍ਹਾ ਮੈਂ ਮਾਰੀ ਬਲਦੀਆਂ ਦਿਸੀਆਂ ਰਾਹਵਾਂ।

ਜੋ ਰਿਸ਼ਤੇ ਕੱਲ੍ਹ ਮੂੰਹ ਸੀ ਚੁੰਮਦੇ,
ਅੱਜ ਉਹ ਮੂੰਹ ਤੇ ਥੁੱਕਣ ਆਏ।
ਪਰ ਕੁੱਝ ਗੂੰਗੀਆਂ ਕੰਧਾਂ, ਮੇਰੇ
ਗਲ ਲੱਗ ਨੈਣੋ ਨੀਰ ਵਹਾਏ।
ਲੋਰੀਆਂ ਦੀ ਥਾਂ ਤਾਹਨੇ ਵੀ ਹੁਣ ਦੇ ਦਿੰਦੀਆਂ ਨੇ ਮਾਵਾਂ।

ਕੁੱਝ ਟਕਿਆਂ, ਕੁੱਝ ਸਿਆੜਾਂ ਬਦਲੇ,
ਸਾਝਾਂ ਲੀਰਾਂ-ਲੀਰਾਂ ਹੋਈਆਂ।
'ਕੰਮੇਆਣਾ' ਕਿਸੇ ਦੇ ਗਲ ਲਾਈਏ,
ਬਾਬਲ ਵਿਹੜੇ ਧੁੱਪਾਂ ਮੋਈਆ।
ਮੈਂ ਰੋਵਾਂ ਜਾਂ ਅੰਬਰੀ ਰੋਵੇ ਤਾਰਾ ਟਾਵਾਂ ਟਾਵਾਂ।



# ਝੱਲਿਆ ਵੇ !

ਝੱਲਿਆ ਵੇ ਵੇਖੀਂ ਕਿਤੇ ਝੱਲ ਨਾ ਕਰੀਂ,
ਗੱਲਾਂ ਗੱਲਾਂ ਵਿਚ ਉਹੋ ਗੱਲ ਨਾ ਕਰੀਂ,
ਠਿੱਠ ਕਰੂ ਮੈਨੂੰ ਕੁੜੀਆਂ ਦੀ ਢਾਣੀ ਮਿੱਤਰਾਂ,
ਰਾਹੇ ਜਾਂਦਿਆਂ ਉਂਗਲ ਮੇਰੇ ਵੱਲ ਨਾ ਕਰੀਂ।

ਜੀਭ ਵਾਲੇ ਛੱਜ ਉੱਤੇ ਚਾੜ੍ਹ ਕੇ ਛੱਟੂ ਗੀ
ਭੈੜੀ ਦੁਨੀਆ ਨੂੰ ਸ਼ੱਕ ਜੇ ਕੋਈ ਪੈ ਗਿਆ।
ਆਪਣਾ ਹੋਏ ਗੁੜ ਭਾਵੇਂ ਜੱਗ ਤੋਂ ਲਕੋ ਕੇ ਖਾਈਏ
ਵਾਰਿਸ ਵੇ ਸੱਚੀ ਗੱਲ ਕਹਿ ਗਿਆ।
ਐਵੇਂ ਦਾਰੂ ਪੀਤੀ ਦੀ ਦਲੇਰੀ ਵਿਚ ਵੇ ਤੂੰ
ਕੋਈ ਜਾਂਦਾ-ਜਾਂਦਾ ਜਾਹ ਜਾਂਦੀ ਗੱਲ ਨਾ ਕਰੀਂ।

ਇੱਲ ਦੇ ਪੰਜੇ 'ਚ ਆਏ ਬੋਟ ਹਏ! ਮਾਸੂਮ ਵਾਂਗੂੰ
ਸਹਿਮੀਂ ਰਹਿੰਦੀ ਜਿੰਦੜੀ ਨਿਮਾਣੀ ਵੇ!
ਜਿਉਂਦੀ ਮਰ ਜਾਊਂ, ਪੱਲੇ ਕੱਖ ਵੀ ਨਾ ਰਹਿਣਾ
ਕਿਤੇ ਪੁਲਾਂ ਤੋਂ ਦੀ ਲੰਘ ਗਿਆ ਜੇ ਪਾਣੀ ਵੇ!
ਕੁੱਝ ਪਲ ਕੋਲ ਬਹਿ ਕੇ ਰੋਂਦੀ ਪੀੜ ਨੂੰ ਵਰਾਜਾ
ਭਾਵੇਂ ਉਮਰਾਂ ਦੇ ਵੈਰੀਆਂ ਵੇ ਹੱਲ ਨਾ ਕਰੀਂ।

ਤੂੰ ਕੀ ਜਾਣੇ 'ਧਰਮ' ਧਰਮ ਨਾਲ ਸੱਚ ਆਖਾਂ
ਜਿਹੜੀ ਇਸ ਤੱਤੜੀ 'ਤੇ ਬੀਤ ਦੀ।
ਕੰਮੇਆਣਾ ਪਿੰਡ ਕਿਤੇ ਹੀਰ ਰਾਂਝੇ ਵਾਂਗੂੰ
ਜੋੜ ਦਏ ਨਾ ਕਹਾਣੀ ਸਾਡੀ ਪ੍ਰੀਤ ਦੀ।
ਬਾਂਹ ਮੇਰੀ ਫੜ੍ਹੀ ਏ ਤਾਂ ਸਿਰਾਂ ਨਾ ਨਿਭਾਈਂ
ਵੇਖੀਂ ਕੱਚਿਆ ਕਲੇਜੇ ਕਿਤੇ ਸੱਲ ਨਾ ਕਰੀਂ।

## ਹੱਥਾਂ ਨੂੰ ਮਹਿੰਦੀ

ਹੱਥਾਂ ਨੂੰ ਮਹਿੰਦੀ ਫੇਰ ਲਾ ਲਵੀਂ
ਪਹਿਲਾਂ ਯਾਰ ਦੀ ਕੁੱਲੀ ਨੂੰ ਅੱਗ ਲਾਦੇ।

ਨੀ ਚੱਪਾ-ਚੱਪਾ ਬਲੇ ਧਰਤੀ
ਦੱਸ ਕਿਹੜੀ ਥਾਂ 'ਤੇ ਪੈਰ ਟਿਕਾਵਾਂ।
ਨੀ ਦੱਸ ਜਾਵੀਂ ਜਾਣ ਵਾਲੀਏ
ਜੇ ਮੈਂ ਜਾਵਾਂ ਤਾਂ ਕਿਧਰ ਨੂੰ ਜਾਵਾਂ।
ਨੀ ਜਦੋਂ ਤੂੰ ਹੀ ਮਾਣ ਤੋੜ ਗਈ
ਅਸੀਂ ਕਰੀਏ ਮਾਣ ਹੁਣ ਕਾਹਦੇ।

ਨੀ ਅਸੀਂ ਸਾਰੀ ਬਾਤ ਪਾ ਦਿੱਤੀ
ਤੂੰ ਨਾ ਗੂੰਗੀਏ ਹੁੰਗਾਰਾ ਕੋਈ ਭਰਿਆ।
ਨੀ ਦਿਨ ਬੱਝਾ ਸਾਡੀ ਮੌਤ ਦਾ
ਦਿਨ ਤੇਰੇ ਨੀ ਵਿਆਹ ਦਾ ਕਾਹਦਾ ਧਰਿਆ।
ਪਾਣੀ 'ਤੇ ਵਾਹੀ ਲੀਕ ਵਰਗੇ।
ਤੇਰੇ ਨਿਕਲੇ ਵੈਰਨੇ ਵਾਅਦੇ।

ਨੀ ਤੈਨੂੰ ਅਸੀਂ ਰੱਬ ਕਹਿ ਦਿੱਤਾ
ਭੋਲੇਪਣ ਵਿਚ ਹੋਈ ਇਹ ਨਦਾਨੀ।
ਨੀ ਫੁੱਲਾਂ ਵਾਂਗੂੰ ਮਹਿਕਦੀਏ
ਸਾਨੂੰ ਸੂਲਾਂ ਵਾਂਗੂੰ ਚੁਭਦੀ ਜਵਾਨੀ।
ਨੀ ਜਿਉਂ ਕੇ ਅਸੀਂ ਕੀ ਕਰਨਾ
ਘੁੱਟ ਜ਼ਹਿਰ ਦੀ ਧਰਮ ਨੂੰ ਪਿਆ ਦੇ।



## ਜਦੋਂ ਆਵੇ ਤੇਰੀ ਯਾਦ

ਜਦੋਂ ਆਵੇ ਤੇਰੀ ਯਾਦ, ਪੀ ਲੈਂਦਾ ਹਾਂ ਸ਼ਰਾਬ,
ਉਂਜ ਹੱਥ ਵੀ ਮੈਂ ਚੰਦਰੀ ਨੂੰ ਲਾਉਂਦਾ ਨਈਂ।
ਇਹ ਦਿਲ ਹੈ ਕਿ ਤੇਰੀ ਮਿੱਠੀ ਯਾਦ ਦੀ ਕਹਾਣੀ ਚੰਨੋ
ਇਕ ਪਲ ਲਈ ਵੀ ਭੁਲਾਉਂਦਾ ਨਈਂ।

ਜਾ ਕੇ ਕੋਈ ਖ਼ਤ ਵੀ ਨਾ ਲਿਖਿਆ ਜਨਾਬ ਨੇ।
ਭੋਰਾ ਭੋਰਾ ਕਰ ਮੈਨੂੰ ਪੀ ਲਿਆ ਸ਼ਰਾਬ ਨੇ।
ਤੇਰੇ ਬਾਝ ਹੋਏ ਅਨਹੋਏ ਇਕੋ ਗੱਲ
ਚੰਨੋ! ਸੱਚੀ ਗੱਲ ਸੱਚ ਮੈਂ ਲੁਕਾਉਂਦਾ ਨਈਂ।

ਜਦੋਂ ਇਸ ਤੱਤੜੀ ਦਾ ਡੱਟ ਲਵਾਂ ਖੋਲ੍ਹ ਨੀ!
ਜਾਪੇ ਯਾਨੀ ਆ ਕੇ ਬਹਿ ਗਈ ਤੂੰ ਮੇਰੇ ਕੋਲ ਨੀ!
ਤੇ ਕਰਦੀ ਏਂ ਮੇਰੇ ਨਾਲ ਨਿੱਕੇ ਨਿੱਕੇ ਰੋਸੇ
ਕਾਹਤੋਂ ਵੈਰੀਆ ਵੇ ਮੋਈ ਨੂੰ ਬਲਾਉਂਦਾ ਨਈਂ।

ਜਾਣਦਾ ਹਾਂ ਚੰਦਰੀ ਸ਼ਰਾਬ ਬਹੁਤ ਮਾੜੀ ਹੈ।
ਪਰ ਹੁਣ ਇਹ ਤਾਂ ਮੈਨੂੰ ਸਾਹਾਂ ਤੋਂ ਪਿਆਰੀ ਹੈ।
ਤੇਰੀ ਯਾਦ ਸਾਹਵੇਂ ਕਰੇ ਸਜਦੇ ਹਜ਼ਾਰਾਂ
ਇਹੋ ਸਿਰ ਕਿਸੇ ਹੋਰ ਥਾਂ ਨਿਉਂਦਾ ਨਈਂ।

ਤੂੰ ਕਾਹਦਾ ਗਈ ਅਸੀਂ ਮਰਿਆਂ ਜਹੇ ਹੋਏ ਨੀ!
ਤਾਰਿਆਂ ਦੇ ਗਲ ਲੱਗ ਧਾਹਾਂ ਮਾਰ ਰੋਏ ਨੀ!
ਭਾਵੇਂ ਪੀਂਦੀ ਖ਼ੂਨ ਤਾ ਵੀ ਦਿੰਦੀ ਏ ਦਿਲਾਸੇ
ਜਦੋਂ ਰੋਂਦਿਆਂ ਨੂੰ ਹੋਰ ਕੋਈ ਵਰਾਉਂਦਾ ਨਈਂ।

ਉਮਰਾਂ ਦੀ ਝੋਲੀ ਪਾ ਕੇ ਕਬਰਾਂ ਦੀ ਚੁੱਪ ਨੀ।
ਜਾਣ ਲੱਗੀ ਨਾਲ ਲੈ ਗੀ ਹਾਸਿਆਂ ਦੀ ਰੁੱਤ ਨੀ।
ਤੇਰੇ ਬਾਝ ਚੰਨੋ! ਹੁਣ ਤੇਰੇ 'ਕੰਮੇਆਣੇ' ਨੂੰ ਕੋਈ
ਸਹੁੰ ਨਾ ਪੀਣ ਦੀ ਪਵਾਉਂਦਾ ਨਈਂ।

# ਮੈਨੂੰ ਇਹ ਕੀ ਹੋ ਗਿਆ

ਮਾਂ! ਮੈਂ ਹੁਣੇ ਮੋਈ,
ਮੈਂ ਹੁਣੇ ਮੋਈ,
ਮੈਨੂੰ ਇਹ ਕੀ ਹੋ ਗਿਆ।
ਕੋਈ ਸੋਹਣਾ ਛੈਲ-ਛਬੀਲਾ
ਨੀ ਮੇਰੇ ਮਨ ਨੂੰ ਮੋਹ ਗਿਆ।

ਮੁੱਛ ਫੁੱਟਦੇ ਹਏ! ਗੱਭਰੂ 'ਤੇ ਨਿਗ੍ਹਾ ਜਦੋਂ ਪੈ ਗੀ।
ਨੀ ਮੈਂ ਪੱਥਰ ਦੇ ਬੁੱਤ ਵਾਂਗੂੰ ਥਾਏਂ ਖੜ੍ਹੀ ਰਹਿ ਗੀ।
ਮਾਏ ਨੀ! ਉਹਦੇ ਨੈਣ,
ਨੈਣ ਕੁੱਝ ਕਹਿਣ,
ਕਹਿਣ ਕਿ ਇਹ ਕੀ ਹੋ ਗਿਆ।

ਉਹਦਾ ਭੋਲਾ ਜਿਹਾ ਗੁਲਾਬੀ ਮੁੱਖ ਮਾਰੇ ਲਿਸ਼ਕਾਰੇ।
ਕਾਲੀ ਰਾਤ ਵਿਚ ਨਿੱਖਰੇ ਅਕਾਸ਼ 'ਤੇ ਜਿਉਂ ਤਾਰੇ।
ਨੀ ਚੜ੍ਹਿਐ ਚੇਤ,
ਦਿਲੇ ਦਾ ਭੇਤ,
ਕਿਸੇ ਸੰਗ ਸਾਝਾਂ ਹੋ ਗਿਆ।

ਨੀ ਉਹ ਸਾਹਾਂ ਨਾਲੋਂ ਸੋਹਲ ਲੱਗੇ ਸਾਹਾਂ ਤੋਂ ਪਿਆਰਾ।
ਉਹਦੇ ਇਕੋ ਹਾਸੇ ਉੱਤੋਂ ਵਾਰ ਦੇਵਾਂ ਜੱਗ ਸਾਰਾ।
ਹਾਣ ਨੂੰ ਹਾਣ,
ਲਿਆ ਪਹਿਚਾਣ,
ਚੁਫੇਰਾ ਸੰਦਲੀ ਹੋ ਗਿਆ।

ਕਦੀ ਉੱਠਾਂ, ਕਦੀ ਬੈਠਾਂ, ਕਦੀ ਬੂਹੇ ਵੱਲ ਜਾਵਾਂ।
ਮੈਨੂੰ ਚੁੰਮਦੀਆਂ ਧੁੱਪਾਂ ਤੇ ਕਲਾਵੇ ਲੈਣ ਛਾਵਾਂ।
ਹੋਈ ਨੀ ਮੈਂ ਝੱਲੀ
ਹਏ! ਝੱਲ ਵਲੱਲੀ
'ਧਰਮ' ਨਾਲ ਇਹ ਕੀ ਹੋ ਗਿਆ।



# ਬਾਂਕਾਂ ਤੇਰੀਆਂ

ਬਾਂਕਾਂ ਤੇਰੀਆਂ ਮਾਰਦੀਆਂ ਹਾਕਾਂ
ਤੂੰ ਕੋਲੋਂ ਜਦੋਂ ਲੰਘੇਂ ਸੰਗਦੀ।
ਸਾਡੇ ਲਹੂ 'ਚੋਂ ਨੁਚੜ ਕੇ ਨਿਕਲੀ
ਨੀ ਚੁੰਨੀ ਤੇਰੀ ਲਾਲ ਰੰਗ ਦੀ।

ਨੀ ਧੁੱਪ ਵਾਂਗੂੰ ਲਿਸ਼ਕਦੀਏ ਗੋਰੇ ਰੰਗ ਦੇ ਪੈਣ ਲਿਸ਼ਕਾਰੇ।
ਨੀ ਕੀਹਨੇ ਤੇਰੇ ਬੁੰਦਿਆਂ 'ਚ ਜੜ ਦਿੱਤੇ ਨੇ ਅੰਬਰ ਦੇ ਤਾਰੇ।
ਨੀਵੀਂ ਪਾਉਣਾ, ਸ਼ਰਮਾਉਣਾ ਲੁੱਟ ਲੈ ਗਿਆ
ਨੀ ਝੂਠੀ ਮੂਠੀ ਫਿਰੇਂ ਖੰਘਦੀ।

ਨੀ ਨਾ ਕਿਤੇ ਧੂੰਆਂ ਉੱਠਦਾ ਨਾ ਹੀ ਭਾਂਬੜ ਦਿਸਣ ਕਿਤੇ ਬਲਦੇ।
ਨੀ ਕੋਲੋਂ ਲੰਘੇਂ ਲਾਟ ਬਣਕੇ ਮੁੰਡੇ ਹਾਣਦੇ ਸਬੂਤੇ ਉਦੋਂ ਜਲਦੇ।
ਹਾੜਾ! ਚੁੰਨੀ ਥੱਲੇ ਗੁੱਤ ਨੂੰ ਲਕੋ ਲਾ
ਨੀ ਫੱਕਰਾਂ ਦੇ ਦਿਲ ਡੰਗਦੀ।

ਤੇਰੇ ਅੱਗੇ ਹੈ ਸਵਾਲ ਇਕ ਪਾਇਆ ਨੀ ਬੋਲ ਕਿਤੋਂ ਹਾਂ ਬਣਕੇ।
ਮੇਰੇ ਤਪਦੇ ਰਾਹਾਂ ਦੇ ਵਿਚ ਆ ਜਾ ਨੀ ਪਿਪਲੀ ਦੀ ਛਾਂ ਬਣਕੇ।
ਤੇਰੇ ਕੋਲੋਂ ਨੀ ਕਲਮ 'ਕੰਮੇਆਣੇ' ਦੀ ਹੈ
ਅੱਜ ਇਕ ਗੀਤ ਮੰਗਦੀ।

# ਮੇਰੀ ਦਾਰੂ ਪੀਣੀ

ਮੇਰੀ ਦਾਰੂ ਪੀਣੀ ਬਹੁਤ ਬਦਨਾਮ ਹੋ ਗਈ।
ਕੱਲ੍ਹ ਤੱਕ ਜਿਹੜੀ ਚਰਚਾ ਸੀ ਕੁੱਝ ਬੁੱਲ੍ਹਾਂ ਉੱਤੇ,
ਅੱਜ ਸ਼ਹਿਰ ਦੀਆਂ ਗਲੀਆਂ 'ਚ ਆਮ ਹੋ ਗਈ।

ਯਾਰ ਦਿੰਦੇ ਨੇ ਨਸੀਹਤਾਂ ਏਨੀ ਪੀਆ ਨਾ ਤੂੰ ਕਰ।
ਸਾਨੂੰ ਡਰ ਹੈ ਕਿ ਜੋਬਨੇ ਦੀ ਰੁੱਤੇ ਜਾਏਂ ਨਾ ਮਰ।
ਜਦੋਂ ਚੇਤਾ ਉਹਦਾ ਆਏ, ਹੱਥ ਜਾਮ ਵੱਲੀਂ ਜਾਏ,
ਸਾਰੇ ਦੋਸਤਾਂ ਦੀ ਕੋਸ਼ਿਸ਼ ਨਕਾਮ ਹੋ ਗਈ।

ਮੈਂ ਕੋਈ ਮੁੱਢੋਂ ਨਹੀਂ ਸ਼ਰਾਬੀ ਇਹ ਤਾਂ ਕੱਲ੍ਹ ਦੀ ਹੈ ਗੱਲ।
ਜਦੋਂ ਵਧਿਆ ਸੀ ਹੱਥ ਭਰੇ ਹੋਏ ਜਾਮ ਵੱਲ।
ਜਾਮ ਜਾਮ ਕਰਕੇ ਮੈਂ ਪੀ ਲੇ ਸੈਂਕੜੇ ਹੀ ਜਾਮ,
ਜਿੱਦੋਂ ਦੋਸਤਾਂ ਦੀ ਦੋਸਤੀ ਨੀਲਾਮ ਹੋ ਗਈ।

ਮੈਨੂੰ ਦਿਓ ਨਾ ਦੁਆਵਾਂ ਹੁਣ ਜੀਣ ਦੀਆਂ ਯਾਰੋ।
ਥੋਨੂੰ ਕਿੰਨੇ ਵਾਰੀਂ ਆਖਿਆ ਹੈ ਲਾਸ਼ ਮੇਰੀ ਸਾੜੋ।
ਇਹੇ ਮਰਜਾਣਾ ਮਰ ਤਾਂ ਗਿਆ ਸੀ ਉਸੇ ਦਿਨ,
ਜਿੱਦੋਂ ਕਹਿ ਗਈ ਸੀ ਉਹ ਆਖਰੀ ਸਲਾਮ ਹੋ ਗਈ।

ਕਈ ਵਾਰ ਸੋਚਦਾ ਹਾਂ ਕਿਤੋਂ ਮੁੜ ਕੇ ਉਹ ਆਏ।
ਹੱਥੋਂ ਖੋਹ ਕੇ ਤੋੜੇ ਜਾਮ ਸਹੁੰ ਨਾ ਪੀਣ ਦੀ ਪੁਆਏ।
ਪਰ ਸੁਪਣੇ ਵੀ ਕਦੇ ਸੱਚ ਹੁੰਦੇ ਨੇ 'ਧਰਮ',
ਚੱਲ ਠੇਕੇ ਵੱਲ ਚੱਲ ਦੇਖ ਸ਼ਾਮ ਹੋ ਗਈ।



# ਪਾਣੀ ਪਾਣੀ ਹੋ ਗੀ ਸੰਗ ਕੇ

ਕਹਿੰਦੀ ਰਹੀ ਮੈਂ ਬਥੇਰੀ ਨਾਂਹ ਨਾਂਹ ਨੀ!
ਉਹਨੇ ਮੱਲੋ ਮੱਲੀ ਫੜ੍ਹੀ ਮੇਰੀ ਬਾਂਹ ਨੀ!!
ਮੈਂ ਪਾਣੀ ਪਾਣੀ ਹੋ ਗੀ ਸੰਗ ਕੇ!!!

ਉਹਦਾ ਪਿਆਰ ਯਾਨੀ ਸੁੱਚਿਆਂ ਫੁੱਲਾਂ ਦੀ ਖੁਸ਼ਬੋਈ।
ਨੀ ਮੈਂ ਇਕ ਪਲ ਹੱਸੀ ਅਤੇ ਦੂਜੇ ਪਲ ਰੋਈ।
ਦਿਨ ਹੋਲੀ ਦਾ ਤਾਂ ਨਹੀਂ ਸੀ ਮਰਜਾਣਾ
ਨੀ ਤੁਰ ਗਿਆ ਮੈਨੂੰ ਰੰਗ ਕੇ।

ਮੈਨੂੰ ਹੱਥ ਦੇ ਇਸ਼ਾਰੇ ਤੇ ਬਲਾਉਂਦਾ ਰਿਹਾ ਨਿੱਤ।
ਕਹਿੰਦਾ ਤੈਨੂੰ ਵੇਖ ਡੋਲ ਗਿਆ ਫੱਕਰਾਂ ਦਾ ਚਿੱਤ।
ਮੇਰੀ ਸੋਚ ਦੇ ਅੰਬਰ ਉੱਤੇ ਛਾਂ ਗਿਆ
ਨੀ ਹੌਲੀ ਜਹੇ ਦਿਲ ਮੰਗ ਕੇ।

ਸ਼ਾਲਾ! ਮਾਣੇ ਲੱਖਾਂ ਖੁਸ਼ੀਆਂ ਹਜ਼ਾਰ ਸਾਲ ਜੀਵੇ।
ਸਾਡੇ 'ਨੇਰ੍ਹਿਆਂ ਰਾਹਾਂ 'ਚ ਜੀਹਨੇ ਬਾਲੇ ਅੱਜ ਦੀਵੇ।
ਲੱਗੇ 'ਧਰਮ' ਪਿਆਰਾ ਮੈਨੂੰ ਜਾਨ ਤੋਂ
ਨੀ ਕੋਲੋਂ ਜਦੋਂ ਲੰਘੇ ਖੰਘ ਕੇ।

## ਕਿਸੇ ਨੂੰ ਕੋਈ ਪਿਆਰ ਨਾ ਕਰੇ

ਸਾਰੇ ਜੱਗ ਦੀ ਉਦਾਸੀ ਮੇਰੀ ਝੋਲੀ ਵਿਚ ਪਾ ਕੇ,
ਇਕ ਵੈਰੀ ਮੇਰੇ ਹਾਸਿਆਂ ਨੂੰ ਲੈ ਗਿਆ ਚੁਰਾ ਕੇ,
ਤਾਹੀਓਂ ਰੋਅ ਰੋਅ ਕੇ ਸਭਣਾਂ ਨੂੰ ਆਖਾਂ
ਕੋਈ ਮੇਰੇ ਵਾਲੀ ਮੌਤ ਨਾ ਮਰੇ।
ਖੁਸ਼ੀ ਪਲ ਦੀ ਉਮਰ ਦਾ ਰੋਣਾ
ਕਿਸੇ ਨੂੰ ਕੋਈ ਪਿਆਰ ਨਾ ਕਰੇ।

ਜਿਸ ਰੁੱਤੇ ਪੈਂਦੇ ਸਰੂਵਾਂ ਨੂੰ ਪੀਲੇ ਜਹੇ ਫੁੱਲ।
ਉਦੋਂ ਅੱਖੀਆਂ ਮਿਲਾਕੇ ਅਸੀਂ ਕਰ ਬੈਠੇ ਭੁੱਲ।
ਹੁਣ ਕਾਲੀਆਂ ਰਾਤਾਂ ਦੇ ਗਲ ਲੱਗ ਕੇ
ਹਏ! ਹਉਕੇ ਸਾਥੋਂ ਜਾਣ ਨਾ ਭਰੇ।

ਜਿਹੜਾ ਮਿਲਣੇ ਦਾ ਵਾਅਦਾ ਕਰ ਭੁੱਲ ਜੇ ਤਾਰੀਕ।
ਝੂਠਾਂ ਦਿਲ ਨੂੰ ਦਿਲਾਸਾ ਉਹਦੇ ਖ਼ਤਾਂ ਦੀ ਉਡੀਕ।
ਬਾਣ ਕੱਚਿਆਂ ਦੀ ਡੋਬਣਾ ਵਿਚਾਲੇ
ਹਏ! ਕੱਚਿਆਂ ’ਤੇ ਕੋਈ ਨਾ ਤਰੇ।

ਕਿਹੜਾ ਪਿਆਰ ਯਾਰੋ ਪਿਆਰ ਅੱਜ ਹੋ ਗਿਆ ਵਪਾਰ।
ਕੌਣ ਬੇਲਿਆਂ ’ਚ ਪੁੱਛਦਾ ਏ ਰਾਂਝਣੇ ਦੀ ਸਾਰ।
ਫੱਟ ਛਵੀਆਂ ਦੇ ਭਰ ਜਾਂਦੇ ਪਿਆਰ ਵਾਲੇ
ਫੱਟ ਸਦਾ ਰਹਿੰਦੇ ਨੇ ਹਰੇ।

ਇਹੋ ਬਿਰਹਾ ਦੀ ਜੂਨ ਯਾਨੀ ਮੜ੍ਹੀਆਂ ਦਾ ਰੁੱਖ
ਇਕ ਉੱਲੂ ਦੀ ਆਵਾਜ਼ ਬਿਨਾ ਵੱਢ ਖਾਣੀ ਚੁੱਪ।
‘ਕੰਮੇਆਣੇ’ ਦੇ ‘ਧਰਮ’ ਵਾਂਗੂੰ ਖ਼ੁਦ ਨੂੰ
ਖ਼ੁਦ ਕੋਈ ਕਤਲ ਨਾ ਕਰੇ।



## ਚਿੱਟੇ ਚਾਦਰੇ ਜ਼ਮੀਨਾਂ ਗਹਿਣੇ

ਚਿੱਟੇ ਚਾਦਰੇ ਜ਼ਮੀਨਾਂ ਗਹਿਣੇ
ਪਿੰਡ ਦੇ ਸ਼ੁਕੀਣ ਗੱਭਰੂ।

ਲੰਮੀ ਧੌਣ ਦੇ ਦੁਆਲੇ ਗਾਨੀ ਸ਼ੋਭਦੀ
ਤੇ ਤਿੱਲੇ ਵਾਲੀ ਜੁੱਤੀ ਫੱਬਦੀ।
ਮੇਲੇ ਮਾਘੀ ਦੇ ’ਚ ਤੁਰ ਪੈਂਦੀ ਚਰਚਾ
ਨੀ ਕਿਸੇ ਦੀ ਸੰਧੂਰੀ ਪੱਗ ਦੀ।
ਪਰ ਝੋਰਾ ਖਾਵੇ ਚਿੱਤ ਨੂੰ
ਇਹੋ ਚੰਦ ਕਿਤੇ ਜਾਣ ਨਾ ਗ੍ਰਹਿਣੇ।

ਟੇਢੀ ਪਗੜੀ ਬੰਨਣ ਵੈਲੀ ਬਣ ਕੇ
ਤੇ ਪੀ ਕੇ ਲਲਕਾਰੇ ਮਾਰਦੇ।
ਮੁੱਛ ਫੁੱਟਦੇ ਜਵਾਨੀਆਂ ਦੇ ਜੋਸ਼ ਵਿਚ
ਕਿਸੇ ਦੀ ਨਾ ਟੈਂਅ ਸਹਾਰਦੇ।
ਨੀ ਖੇਤਾਂ ਵੱਲੀਂ ਮੂੰਹ ਨਾ ਕਰਨ
ਬਿਨਾ ਵਾਹਿਆ ਤਾਂ ਖੇਤ ਨਹੀਂ ਵਹਿਣੇ।

ਕਿਸੇ ਹੀਰ ਦੇ ਲਈ ਅੱਜ ਕੱਲ੍ਹ ਚੰਦਰੇ
ਨਹੀਂ ਤਖ਼ਤ ਹਜ਼ਾਰਾ ਛੱਡਦੇ।
ਲੋਭੀ ਰੂਪ ਦੇ ਦਿਲਾਂ ਦੇ ਖੋਟੇ
ਨੀ ਠੱਗ ਵਣਜਾਰੇ ਲੱਗਦੇ।
‘ਧਰਮ’ ਪਾ ਕੇ ਹੋਣ ਤੁਰਦੇ
ਕਿਸੇ ਝੋਲੀ ’ਚ ਉਮਰ ਦੇ ਮਿਹਣੇ।

## ਚੰਦਨ ਦੀ ਗੇਲੀ

ਚੰਦਨ ਦੀ ਗੇਲੀ ਵਾਂਗੂੰ ਮਹਿਕੇ ਅੰਗ-ਅੰਗ
ਉੱਤੋਂ ਸਾਉਣ ਉੱਤੇ ਜੋਬਨੇ ਦੀ ਰੁੱਤ ਨੀ!
ਇਸ ਰੁੱਤ 'ਚ ਭਾਬੀਏ!
ਅੱਲੜ੍ਹਾਂ ਤੋਂ ਰਹੀ ਦਾ ਨਾ ਚੁੱਪ ਨੀ!!

ਤੀਆਂ ਵਿਚ ਨੱਚ ਕੇ ਮੈਂ ਧਰਤੀ ਹਿਲਾ ਦਿੱਤੀ।
ਇਕੋ ਹੀ ਹੁਲਾਰੇ ਪੀਂਘ ਅੰਬਰੀਂ ਚੜ੍ਹਾ ਦਿੱਤੀ।
ਰਾਹੇ ਜਾਂਦਿਆਂ ਨੂੰ ਮੱਲੋ-ਮੱਲੀ, ਵਾਜ਼ਾਂ ਮਾਰੇ,
ਸਾਂਭੀ ਸੰਭਦੀ ਨਾ ਨਾਗਿਣ ਜਹੀ ਗੁੱਤ ਨੀ!

ਰੱਬ ਜਾਣੇ ਭਾਬੀ ਮੈਨੂੰ ਹੋ ਗਿਆ ਹੈ ਕੀ ਨੀ!
ਹੁਣ ਮੇਰਾ ਕਰਦਾ ਏ ਉੱਡੂੰ-ਉੱਡੂੰ ਜੀਅ ਨੀ!
ਪਿਪਲੀ ਦੀ ਛਾਵੇਂ ਵਰਚਾਈ ਨਹੀਓਂ ਜਾਂਦੀ,
ਹੁਣ ਮੇਰੇ ਕੋਲੋਂ ਸੀਨੇ ਵਾਲੀ ਧੁੱਪ ਨੀ!

ਖੂਹੇ ਉੱਤੇ ਭਾਬੀ ਜਦੋਂ ਪਾਣੀ ਜਾਵਾਂ ਲੈਣ ਨੀ!
ਮਰਜਾਣੇ ਮੁੰਡੇ ਮੇਰੇ ਰਾਹਾਂ ਵਿਚ ਬਹਿਣ ਨੀ!
ਮੇਰੇ ਵੱਲੀਂ ਝਾਕਦੇ ਨੇ ਇੰਜ ਟੁੱਟ ਪੈਣੇ,
ਜਿਵੇਂ ਪੀ ਜਾਣਾ ਹੋਵੇ ਇਕੇ ਘੁੱਟ ਨੀ।

ਅੱਖਾਂ ਅੱਜ ਸੈਂਕੜੇ ਬੁਝਾਰਤਾਂ ਨੇ ਪਾਉਂਦੀਆਂ।
ਪਤਾ ਨਹੀਂ ਕਿਉਂ ਭਾਬੀ ਤੈਨੂੰ ਸਮਝ ਨਾ ਆਉਂਦੀਆਂ।
ਗਲੀਆਂ ਦੇ ਵਿਚ ਦੀ ਮੈਂ ਝੂਮ-ਝੂਮ ਲੰਘਾਂ,
ਜਿਵੇਂ ਦਾਰੂ ਪੀ ਕੇ ਹੁੰਦਾ ਕੋਈ ਗੁੱਟ ਨੀ!

ਹੁਣ ਮੇਰੀ ਹੋਗੀ ਏ ਸ਼ਰਾਬੀ ਜਹੀ ਤੋਰ ਨੀ!
ਮੈਨੂੰ ਵੇਖ ਪੈਲ ਪਾਉਣੀ ਭੁੱਲ ਜਾਂਦੇ ਮੋਰ ਨੀ!
ਨਿੱਤ ਮੈਨੂੰ ਛੇੜਦਾ 'ਧਰਮ ਕੰਮੇਆਣਾ',
ਕਹਿੰਦਾ ਪੱਟੇਂਗੀ ਬਿਗਾਨਾ ਕੋਈ ਪੁੱਤ ਨੀ।



## ਸੱਸ ਟੱਕਰੀ ਬਘਿਆੜੀ

ਵੱਢੂੰ ਖਾਊਂ ਰਹੇ ਕਰਦੀ
ਮੈਨੂੰ ਸੱਸ ਟੱਕਰੀ ਬਘਿਆੜੀ।

ਮੂੰਹ ਸੜੀ ਅੱਠੇ ਪਹਿਰ ਆਖਦੀ ਕੁਲਹਿਣੀ ਮੈਨੂੰ
ਜਦ ਕਈ ਮਾਰਦੀ ਹੈ 'ਵਾਜ਼ ਨੀ!
ਵਿੰਨ੍ਹਦੀ ਕਲੇਜਾ ਆਖੇ ਵੀਰਿਆਂ ਨੂੰ ਨੰਗ
ਕਹਿੰਦੀ ਦਿੱਤਾ ਨਹੀਂ ਮਲੰਗਾਂ ਬਹੁਤਾ ਦਾਜ ਨੀ।
ਉਹਦੀ ਜੀਭ ਕਾਹਦੀ ਬੱਸ ਨਿਰੀ ਆਰੀ।

ਕਰਾਂ ਗੋਹਾ-ਕੂੜਾ ਫਿਰ ਰੋਟੀਆਂ ਪਕਾਵਾਂ,
ਪਿਛੋਂ ਮਾਲ ਨੂੰ ਰਲਾਉਣਾ ਪੈਂਦਾ ਵੰਡ ਨੀ!
ਪੇਕਿਆਂ ਦੇ ਪਿੰਡ ਵਾਲੀ ਪੀਤੋ ਕਿਤੇ ਮਰ ਗੀ ਏ
ਮੈਂ ਤਾਂ ਬਣ ਗਈ ਹਾਂ ਇਕ ਸੰਦ ਨੀ!
ਲਹੂ ਪੀ ਗੀ ਮੇਰਾ ਇਹ ਕਬੀਲਦਾਰੀ।

ਹਲ ਛੱਡ ਘਰ ਵਾਲਾ ਆਵੇ ਜਦੋਂ ਘਰ
ਗੱਲਾਂ ਝੂਠੀਆਂ ਬਣਾ ਕੇ ਦੇਵੇ ਚੁੱਕ ਨੀ!
ਢਾਊਂ ਜਿਹਾ ਇੰਨ-ਬਿੰਨ ਸੱਪ ਦੀ ਸਿਰੀ ਹੈ
ਆਖੇ ਵੈਰਨ ਦੇ ਲੱਗ ਦਿੰਦਾ ਕੁੱਟ ਨੀ!
ਕਈ ਵਾਰੀਂ ਹੈ ਵੱਖੀ 'ਚ ਲੱਤ ਮਾਰੀ।

ਮਾਪਿਆਂ ਦੇ ਪਿੰਡੋਂ ਜਦੋਂ ਮਿਲਣ ਲਈ ਮੈਨੂੰ
ਮੇਰਾ ਸਕਾ ਕੋਈ ਸਬੰਧੀ ਆ ਜਾਏ ਨੀ!
ਹੁਕਮ ਦੇ ਗੋਲੇ ਜਿਹਾ ਮੂੰਹ ਹੈ ਬਣਾ ਲੈਂਦੀ
ਮੱਥੇ ਉੱਤੇ ਸੱਤ ਵਲ ਪਾਏ ਨੀ!
ਰਹਿਜੇ ਦਿਲ ਵਿਚ ਤੀਆਂ ਦੀ ਤਿਆਰੀ।

ਨਾ ਚੋਰੀ, ਨਾ ਡਾਕਾ, ਬਿਨਾ ਹੀ ਗੁਨਾਹ ਤੋਂ ਸਹੀਓ!
ਸਹੁਰਿਆਂ ਦੇ ਪਿੰਡ ਕੱਟਾਂ ਕੈਦ ਨੀ!!
ਜਿਹੜਾ ਇਸ ਨਾਗਿਣ ਦੇ ਡੰਗ ਤੋਂ ਬਚਾਵੇ ਮੈਨੂੰ
ਲੱਭ ਦੇ ਲਿਆਵਾਂ ਕਿਥੋਂ ਵੈਦ ਨੀ!
'ਕੰਮੇਆਣਾ' ਗੱਲ ਜਾਣਦਾ ਹੈ ਸਾਰੀ।

# ਸੰਭਲ-ਸੰਭਲ ਕੇ ਰਹਿ

ਕਣਕਾਂ ਦੇ ਪੱਕ ਗਏ ਰੰਗ ਨੀ ਨਣਾਨੇ ਹਏ!
ਸਰ੍ਹਵਾਂ ਨੂੰ ਫੁੱਲ ਗਏ ਪੈਅ।
ਨੀ ਹੀਰੀਏ!
ਸੰਭਲ-ਸੰਭਲ ਕੇ ਰਹਿ।

ਧਾਰੀ ਬੰਨ੍ਹ ਸੁਰਮਾ ਨਾ ਪਾਇਆ ਕਰ ਵੈਰਨੇ ਨੀ!
ਅੱਖੀਆਂ ਸ਼ਰਾਰਤੀ ਨੇ ਤੇਰੀਆਂ।
ਜਾਣਦੀ ਹਾਂ ਮੈਂ ਤੇਰੇ ਦਿਲ ਦੀਆਂ ਸੱਭੇ
ਮੇਰੇ ਨਾਲ ਕੀ ਕਰੇਂ ਨੀ ਹੇਰਾ-ਫੇਰੀਆਂ।
ਸਾਗਰਾਂ ਦੀ ਤਹਿ ਤਾਂ ਲੱਭ ਲੈਂਵਦੇ ਨੇ ਤਾਰੂ
ਔਖੀ ਲੱਭਣੀ ਜਵਾਨੀ ਦੀ ਨੀ ਤਹਿ।

ਲੱਗੇ ਮੈਨੂੰ ਸੰਸੇ ਜਦੋਂ ਦਾ ਤੈਨੂੰ ਲੱਗ ਗਿਆ
ਟੁੱਟ ਪੈਣਾ ਸੋਲ੍ਹਵਾਂ ਇਹ ਸਾਲ ਨੀ।
ਬਾਬਲੇ ਦਾ ਵਿਹੜਾ ਤੈਨੂੰ ਭੀੜਾ-ਭੀੜਾ ਜਾਪੇ
ਤੇਰੇ ਪੈਰਾਂ ਹੇਠ ਆਇਆ ਹੈ ਭੁਚਾਲ ਨੀ।
ਫੁੱਲਾਂ ਵਾਂਗੂੰ ਖਿੜੀਏ ਨੀ ਲੰਘੀਂ ਨਾ ਬਗ਼ੀਚੇ ਕੋਲੋਂ
(ਤੇਰੇ) ਪਿੱਛੇ ਜਾਣਾ ਭੌਰਿਆਂ ਨੇ ਪੈਅ।

ਮਾੜਾ-ਧੀੜਾ ਲੀੜਾ ਤੈਨੂੰ ਆਵੇ ਨਾ ਪਸੰਦ
ਚੱਤੋ-ਪਹਿਰ ਰਵ੍ਹੇਂ ਬਣਕੇ ਰਕਾਨ ਨੀ।
ਵੇਖੀਂ ਕਿਤੇ ਪਿੰਡ ਦੀ ਤੂੰ ਸੱਥ ਵਿਚ ਬਾਬਲੇ ਦਾ
ਦੇਈਂ ਨਾ ਘਟਾ ਮਾਣ ਤਾਨ ਨੀ।
ਮਰਨ ਮਰਾਉਣ ਹੋਜੂ ਤੇਰੇ ਵੀਰਿਆਂ ਦਾ
ਕਿਸੇ ਚੰਗੀ ਮਾੜੀ ਜੇ ਨੀ ਦਿੱਤੀ ਕਹਿ।

ਵੀਰਾਂ ਤੇਰਾ ਕੱਲ੍ਹ ਦਾ ਗਿਆ ਏ ਪਿੰਡ 'ਕੰਮੇਆਣੇ'
ਪਈ ਆ ਮੁੰਡੇ ਦੀ ਉੱਥੇ ਦੱਸ ਨੀ!
ਕਹਿੰਦੇ ਨੇ ਵਿਚੋਲੇ ਮੁੰਡਾ ਬੜਾ ਈ ਸੁਨੱਖਾ
ਆਉਣਾ ਤਲੀ 'ਤੇ ਰੁਪਈਆ ਜੀਹਦੇ ਰੱਖ ਨੀ!
ਪੱਤ ਉਹੋ ਹੀਰਾ ਜਿਹੜਾ ਸਾਂਭ ਸਾਂਭ ਧੀਆਂ
ਪਿੰਡ ਸਹੁਰਿਆਂ ਦੇ ਜਾਂਦੀਆਂ ਨੇ ਲੈ।



# ਬੁੱਲ੍ਹੀਆਂ ਦੀ ਚੁੱਪ ਤੋੜਦੇ

ਕੁੱਝ ਬੋਲ ਨੀ! ਦਿਲਾਂ ਦੀ ਘੁੰਢੀ ਖੋਲ੍ਹ ਨੀ!!
ਤੂੰ ਬੱਲ੍ਹੀਆਂ ਦੀ ਚੁੱਪ ਤੋੜ ਦੇ।
ਕੋਲ ਰਹਿ ਕੇ ਵੀ ਜੇ ਦੂਰ ਦੂਰ ਰਹਿਣਾ
ਤਾਂ ਸਾਨੂੰ ਸਾਡਾ ਦਿਲ ਮੋੜਦੇ।

ਵੇਖ ਖੇਤਾਂ ਵਿਚ ਬਾਜਰੇ ਦੇ ਸਿੱਟਿਆਂ 'ਤੇ
ਕੂਲਾ-ਕੂਲਾ ਬੂਰ ਪੈ ਗਿਆ।
ਉਹਦੇ ਜੀਣ ਦਾ ਕੀ ਹੱਜ ਜਿਹੜਾ ਏਸ ਰੁੱਤੇ
ਸੱਜਣਾਂ ਤੋਂ ਦੂਰ ਰਹਿ ਗਿਆ।
ਕਾਹਤੋਂ ਲੰਮੀਆਂ ਬੁਝਾਰਤਾਂ ਤੂੰ ਪਾਈਆਂ
ਨੀ ਇਕ ਪਾਸੇ ਗੱਲ ਤੋਰਦੇ।

ਤੇਰੇ ਬਿਨਾ ਨਾ ਕੋਈ ਹੋਰ ਸਾਨੂੰ ਜਚਦੀ
ਨੀ ਜੱਗ ਭਾਵੇਂ ਸਾਰਾ ਵਸਦਾ।
ਅਸੀਂ ਰੀਝਾਂ ਦਾ ਵਸਾਇਆ ਇਕ ਘਰ ਚੰਨੋ!
ਵਿਚ ਤੇਰਾ ਪਿਆਰ ਹੱਸਦਾ।
ਤੇਰੀ ਇਕੋ ਤੱਕਣੀ ਨੇ ਸਾਨੂੰ ਮੋਹ ਲਿਆ
ਨੀ ਮੱਲੋ ਮੱਲੀ ਨਾਲ ਜ਼ੋਰ ਦੇ।

ਤੇਰੇ ਗਲ ਦਾ ਹਾਰ ਬਣ ਜਾਵਾਂ
ਚੰਨੋ ਤੂੰ ਮੇਰਾ ਪਿਆਰ ਬਣਜਾ।
ਮੇਰੇ ਓਦਰੇ ਉਦਾਸ ਜਹੇ ਨੈਣਾਂ ਵਿਚ
ਸੁਰਮੇ ਦੀ ਧਾਰ ਬਣਜਾ।
ਸਹੁੰ ਤੇਰੀ ਨੀ 'ਧਰਮ' ਇਕ ਤੇਰੇ ਬਿਨਾ
ਤੱਕਦਾ ਨਾ ਵੱਲ ਹੋਰ ਦੇ।

# ਦਿਲ ਲੈ ਕੇ ਮੁੱਕਰ ਗਿਓਂ

ਮਿਲਿਆ ਸੈਂ ਖੰਡ ਬਣ ਕੇ, ਹੁਣ ਹੋ ਗਿਓਂ ਸਮੁੰਦਰੋਂ ਖਾਰਾ।
ਵੇ ਦਿਲ ਲੈ ਕੇ ਮੁੱਕਰ ਗਿਓਂ, ਚੰਗੀ ਕੀਤੀ ਨਹੀਂ ਮੁਲਾਹਜ਼ੇਦਾਰਾ।

ਕੱਖਾਂ ਵਾਂਗੂੰ ਰੁਲ ਖੁਲ ਗਈ, ਮਹਿੰਗੀ ਮੋਤੀਆਂ ਤੋਂ ਮਿੱਤਰਾ ਜਵਾਨੀ।
ਹਉਕਾ ਲੈ ਕੇ ਪੂੰਝਾ ਅੱਥਰੂ, ਤੇਰੀ ਵੇਖ ਕੇ ਰੁਮਾਲ ਨਿਸ਼ਾਨੀ।
ਮਿਲੀਂ ਭਾਵੇਂ ਨਾ ਵੈਰੀਆ! ਕੋਈ ਲਾ ਜਾ ਵੇ ਮਿਲਣ ਦਾ ਲਾਰਾ।

ਤੇਰੇ ਉਤੇ ਮਾਣ ਸੱਜਣਾ! ਮੈਨੂੰ ਰੱਬ 'ਤੇ ਮਾਣ ਨਾ ਕੋਈ।
ਤੂੰ ਕੀ ਮੁੱਖ ਫੇਰ ਲਿਆ, ਮੈਂ ਤਾਂ ਹੌਲੀ ਹਾਂ ਕੱਖਾਂ ਤੋਂ ਹੋਈ।
ਹੋਲਾਂ ਵਾਂਗੂੰ ਮੈਂ ਭੁੱਜ ਗੀ, ਮੇਰੇ ਫੁੱਲ ਦੀ ਪੱਤੀ ਜਿਹਾ ਯਾਰਾ।

ਬੱਦਲਾਂ ਨੂੰ ਮੁੜੀ ਚੁੰਮ ਕੇ, ਪੀਂਘ ਲੰਬੜਾਂ ਦੀ ਕੁੜੀ ਨੇ ਝੂਟਾਈ।
ਖੂਹੀ ਵਾਲੀ ਪਿਪਲੀ ਉੱਤੇ, ਉਦੋਂ ਮੁੜ ਕੇ ਜਵਾਨੀ ਚੰਨਾ! ਆਈ।
ਤੇਰੇ ਬਾਝ ਫਿਰਾਂ ਓਦਰੀ, 'ਕੰਮੇਆਣਾ' ਭਾਵੇਂ ਵਸਦਾ ਏ ਸਾਰਾ।



# ਛੱਡ ਦੇ ਬਲਾਉਣਾ ਮਿੱਤਰਾ

**ਮੁਟਿਆਰ-**
ਤੂੰ ਛੱਡ ਦੇ ਬਲਾਉਣਾ ਮਿੱਤਰਾ
ਕਿਤੇ ਹੋਰ ਕੋਈ ਪੈ ਜੇ ਨਾ ਪੁਆੜਾ।
ਵੇ ਤੇਰਾ ਮੇਰਾ ਨਾਂ ਜੋੜ ਕੇ
ਗੱਲਾਂ ਖੁੰਢਾਂ 'ਤੇ ਕਰੇ ਪਿੰਡ ਸਾਰਾ।

**ਗੱਭਰੂ-**
ਨੀ ਤੂੰ ਪਾਣੀ ਖੂਹ ਤੋਂ ਭਰੇਂ
ਤੇਰੇ ਨੈਣਾਂ ਦਾ ਭਰਾਂ ਮੈਂ ਪਾਣੀ।
ਨੀ ਪੱਟ ਦਿੱਤਾ ਗੋਰੇ ਰੰਗ ਨੇ
ਮੁੰਡਾ ਉੱਡਣੇ ਸੱਪਾਂ ਦਾ ਹਾਣੀ।

**ਮੁਟਿਆਰ-**
ਵੇ ਮਾਪੇ ਮੈਨੂੰ ਰਹਿਣ ਘੂਰਦੇ
ਭਾਬੀ ਚੰਦਰੀ ਬੋਲੀਆਂ ਮਾਰੇ।
"ਨੀ ਚੁੰਨੀ ਨੂੰ ਸੰਭਾਲ ਚੰਨੀਏਂ!
ਤੇਰੇ ਵੈਰਨੇ ਚੰਗੇ ਨਾ ਕਾਰੇ।"
ਵੇ ਹੋਲਾਂ ਵਾਂਗੂੰ ਮੈਂ ਭੁੱਜ ਗੀ
ਮੇਰੇ ਫੁੱਲ ਦੀ ਪੱਤੀ ਜਿਹਾ ਯਾਰਾ।
ਵੇ ਤੇਰਾ ਮੇਰਾ ..................

**ਗੱਭਰੂ-**
ਨੀ ਕਹਿਣ ਨੂੰ ਤਾਂ ਪਿਆਰ ਗੋਰੀਏ
ਤਿੰਨ ਅੱਖਰਾਂ ਦਾ ਸ਼ਬਦ ਹੈ ਕੋਈ।
ਪਰ ਇਹਦੇ ਅਰਥਾਂ ਨੂੰ
ਜਿਹੜਾ ਕਰਦਾ ਜਾਣਦਾ ਸੋਈ।
ਨੀ ਅਸਾਂ ਪਰਦੇਸੀਆਂ ਦੀ
ਤੇਰੇ ਪਿੰਡ ਕੋਈ ਪੇਸ਼ ਨਾ ਜਾਣੀ।
ਨੀ ਪੱਟ ਦਿੱਤਾ ................

**ਮੁਟਿਆਰ-** ਵੇ ਕਿੱਥੋਂ ਤੁਰੇ ਕਿੱਥੇ ਪਹੁੰਚ ਗੇ
ਸਾਡੀ ਕਿੱਥੇ ਆ ਕੇ ਮੁੱਕ ਗਈ ਕਹਾਣੀ।
ਲੋਕਾਂ ਸਾਨੂੰ ਇਉਂ ਵੰਡਤਾ
ਵੰਡੇ ਪੰਜ ਦਰਿਆਵਾਂ ਦੇ ਜਿਉਂ ਪਾਣੀ।
ਵੇ ਰਾਵੀ ਰੋਵੇ ਵੱਖ ਮਿੱਤਰਾ!
ਸਤਲੁਜ ਵੱਖ ਰੋਂਦਾ ਏ ਵਿਚਾਰਾ।
ਵੇ ਤੇਰਾ ਮੇਰਾ ................

**ਗੱਭਰੂ-** ਨੀ ਤੂੰ ਤਾਂ ਮੇਰਾ ਰੱਬ ਹੋ ਗਈ
ਸਹੁੰ ਗਊ ਦੀ ਝੂਠ ਨਾ ਮਾਰਾਂ।
ਤੂੰ ਜੇ ਮੁੱਖ ਫੇਰ ਲਿਆ
ਮੈਨੂੰ ਆਉਣੀਆਂ ਮੌਤ ਦੀਆਂ ਤਾਰਾਂ।
ਨੀ ਜੀਭਾਂ ਨੂੰ ਬਣਾ ਕੇ ਛੁਰੀਆਂ
ਮਿਹਣੇ ਮਾਰੂ ਮੁੰਡਿਆਂ ਦੀ ਢਾਣੀ।
ਨੀ ਪੱਟ ਦਿੱਤਾ .................

**ਮੁਟਿਆਰ-** ਲੋਕਾਂ ਕੋਲੋਂ ਡਰ ਲੱਗਦਾ
ਕਿੱਥੋਂ ਲਿਆਵਾਂ ਮੈਂ ਪਹਾੜ ਜਿੱਡਾ ਜੇਰਾ।
ਵੇ ਮੇਰੇ ਹੱਥੋਂ ਡੋਰ ਛੁੱਟ ਗੀ
ਚੱਲੇ ਵੱਸ ਨਾ ਹਾਣੀਆਂ ਮੇਰਾ।
ਵੇ ਖਾਰੇ ਦਿਲ ਵਾਲੇ ਵਸਦੇ
ਤਾਹੀਓਂ ਪਾਣੀ ਸਾਡੇ ਪਿੰਡ ਦਾ ਹੈ ਖਾਰਾ।
ਵੇ ਤੇਰਾ ਮੇਰਾ ...............



# ਦਿਉਰ-ਭਰਜਾਈ

**ਭਾਬੀ-** ਜੇ ਦਿਉਰਾ ਤੂੰ ਵਿਆਹ ਕਰਵਾਉਣਾ
ਮੰਨ ਲੈ ਮੇਰਾ ਕਹਿਣਾ ਵੇ!
ਛੱਡ ਦੇ ਖੂੰਢਾਂ 'ਤੇ ਬਹਿਣਾ ਵੇ!!

**ਦਿਉਰ-** ਵਸਦਿਆਂ ਵਿਚ ਮੈਨੂੰ ਕਰਦੇ ਭਾਬੀ
ਬਣਜਾ ਵਿਚੋਲਣ ਮੇਰੀ ਨੀ!
ਚੰਗੇ ਕੰਮ 'ਚ ਚੰਗੀ ਨਾ ਦੇਰੀ ਨੀ!!

**ਭਾਬੀ-** ਅੱਠੇ-ਪਹਿਰ ਬੈਠਾ ਰਵ੍ਹੇਂ ਵੈਲੀਆਂ ਦੇ ਗੋਡੇ ਮੁੱਢ
ਕੰਮ ਦਾ ਕਰੇਂ ਨਾ ਡੱਕਾ ਦੂਹਰਾ ਵੇ!
ਲੱਗੀ ਰਹਿੰਦੀ ਸਦਾ ਤੈਨੂੰ ਕੁੱਕੜਾਂ ਕਬੂਤਰਾਂ ਦੀ
ਸ਼ੌਂਕੀ ਤੋਰੇ ਫੇਰੇ ਦਾ ਤੂੰ ਪੂਰਾ ਵੇ!
ਬੰਦਿਆਂ ਵਾਲੇ ਕੰਮ ਨਾ ਤੇਰੇ,
ਦੇਵੇਂ ਵੀਹਾਂ ਦੇ ਵਿਚ ਗੇੜੇ,
ਸਿੱਖ ਬੰਦਿਆਂ ਵਾਂਗ ਤੂੰ ਰਹਿਣਾ ਵੇ!
ਛੱਡ ਦੇ ................

**ਦਿਉਰ-** ਸੌ ਕੰਮ ਧੰਦਾ ਹੁੰਦਾ ਪਿੰਡ ਵਿਚ ਸਾਨੂੰ
ਜਾਣਾ ਪੈਂਦਾ ਹੈ ਮੰਗਣ ਹਲ-ਫਾਲ ਨੀ!
ਕੀ ਲੋਹੜਾ ਆ ਗਿਆ ਜੇ ਖੂੰਢਾਂ ਉੱਤੇ ਬਿੰਦ-ਝੱਟ
ਬਹਿ ਜਾਵਾਂ ਮੁੰਡਿਆਂ ਦੇ ਨਾਲ ਨੀ!
ਜੋ ਜੀਅ ਆਏ ਕਰਲੀਂ ਭਾਬੀ,
ਜੇ ਕੋਈ ਕੀਤੀ ਹੋਏ ਖਰਾਬੀ,
ਤੂੰ ਹੈਂ ਕਿਹੜਿਆਂ ਸ਼ੱਕਾਂ ਨੇ ਘੇਰੀ ਨੀ।
ਚੰਗੇ ਕੰਮ 'ਚ .................

**ਭਾਬੀ-** ਮੈਂ ਕਿਉਂ ਬਿਗਾਨੀ ਧੀ ਤੋਂ ਲਵਾਂ ਬਦਸੀਸਾਂ
ਤੇਰੇ ਵਰਗੇ ਨਿਖੱਟੂ ਲੜ ਲਾ ਕੇ ਵੇ!
ਕੀਤੇ ਬਿਨਾ ਕੰਮ ਨਹੀਓਂ ਭਰਨੇ ਭੜੋਲੇ ਤੇਰੇ
ਹੋਣਾ ਨਹੀਂ ਗੁਜ਼ਾਰਾ ਹਵਾ ਖਾ ਕੇ ਵੇ!
ਜੇ ਤੂੰ ਫੜ ਲੇਂ ਸਿੱਧੀਆਂ ਰਾਹਵਾਂ,
ਵੇ ਮੈਂ ਰਤਾ ਦੇਰ ਨਾ ਲਾਵਾਂ,
ਵਿਆਹੁਣ ਵਾਲੀਆਂ ਅਜੇ ਦੋ ਭੈਣਾਂ ਵੇ!

**ਦਿਉਰ-** ਹਾੜ ਦੇ ਦੁਪਹਿਰੇ ਵਾਂਗੂੰ ਚੜ੍ਹੀ ਨੀ ਜਵਾਨੀ ਭਾਬੀ
ਦਿਲ ਸਾਥ ਹਾਣ ਦੇ ਲਈ ਸਹਿਕਦਾ।
ਖੁੰਗ ਕੇ ਲਿਆਦੇ ਕਿਤੋਂ ਚੰਦਨ ਦਾ ਰੁੱਖ ਕੋਈ
ਵਿਹੜਾ ਸਾਡਾ ਕਰਦੇ ਨੀ ਮਹਿਕਦਾ।
ਤੈਨੂੰ ਰਤਾ ਤਰਸ ਨਾ ਆਵੇ,
ਮੇਰੀ ਉਮਰ ਬੀਤਦੀ ਜਾਵੇ,
'ਕੰਮੇਆਣਾ' ਕਿਤੇ ਮੋੜਦਾ ਨਾ ਤੇਰੀ ਨੀ!
ਚੰਗੇ ਕੰਮ 'ਚ .............



## ਲੰਘ ਜਾਂਦਾ ਚੁੱਪ ਕਰਕੇ

ਸਾਡੇ ਹਾਣਦਾ,
ਨਹੀਂ ਦੁੱਖ ਸਾਡਾ ਜਾਣਦਾ,
ਲੰਘ ਜਾਂਦਾ ਚੁੱਪ ਕਰਕੇ।

ਅਸੀਂ ਜੀਹਦੇ ਨਾ ਮਿਲਾ ਲਈ ਏ ਅੱਖ ਨੀ!
ਉਹਨੇ ਜਾਣੀ ਨਾ ਕਦਰ ਸਾਡੀ ਕੱਖ ਨੀ!
ਭੁੱਲ ਕੀਤੀ ਐਵੇਂ ਪੱਥਰ ਦੇ ਪੈਰੀਂ ਮੈਂ
ਜਵਾਨੀ ਵਾਲੇ ਫੁੱਲ ਧਰਕੇ।
ਸਾਡੇ ਹਾਣਦਾ ..........................

ਕੀਹਨੇ ਜੱਗ ਉੱਤੇ ਤੋਰੀ ਰੀਤ ਪਿਆਰ ਦੀ।
ਇਹੇ ਜਿਉਣ ਵੀ ਨਾ ਦਿੰਦੀ ਨਾ ਹੀ ਮਾਰਦੀ।
ਇਹੇ ਅੱਗ ਦੀ ਨਦੀ ਹੈ ਟੁੱਟ ਪੈਣੀ
ਤੇ ਜਾਣਾ ਪੈਂਦਾ ਪਾਰ ਤਰ ਕੇ।
ਸਾਡੇ ਹਾਣਦਾ ..........................

ਇਸ ਪਿਆਰ ਨੇ ਉਜਾੜੇ ਲੱਖਾਂ ਘਰ ਨੀ!
ਇਹੇ ਜਾਣਦੇ ਵੀ ਗਈ ਉਹਦੇ ਦਰ ਨੀ!
ਬੜਾ ਆਖਿਆ 'ਧਰਮ ਕੰਮੇਆਣੇ' ਨੇ
ਰੋਵੇਂਗੀ ਮੱਥੇ ਹੱਥ ਧਰ ਕੇ।
ਸਾਡੇ ਹਾਣਦਾ .....................

# ਛਾਪਾਂ ਛੱਲੇ ਰੋਣ ਲੱਗ ਪਏ

ਬੇਵਫ਼ਾ ਕਹਿ ਕੇ ਤੂੰ ਤਾਂ ਕਰ ਗਿਓਂ ਚੁੱਪ ਵੇ!
ਪੁੱਛਿਆ ਨਾ ਕਦੇ ਸਾਡੇ ਦਿਲ ਵਾਲਾ ਦੁੱਖ ਵੇ!
ਗ਼ੈਰਾਂ ਦੀ ਮੈਂ ਡੋਲੀ ਬਹਿ ਕੇ ਸੁਖੀ ਨਹੀਂ ਹਾਂ ਚੰਨਾ!
ਮੇਰੀ ਜਿੰਦ ਨੂੰ ਕਸਾਈ ਗ਼ਮ ਕੋਹਣ ਲੱਗ ਪੇ।
ਜਦੋਂ ਮਹਿੰਦੀ ਵਾਲੇ ਹੱਥਾਂ ਨਾਲ ਪੂੰਝੇ ਅੱਥਰੂ ਵੇ!
ਸਾਰੇ ਛਾਪਾਂ ਛੱਲੇ ਮੇਰੇ ਨਾਲ ਰੋਣ ਲੱਗ ਪੇ।

ਸੋਚਦਾ ਹੋਵੇਗਾ ਤੂੰ ਤਾਂ ਝੂਠੇ ਲਾਰੇ ਲਾ ਗਈ।
ਜਿੰਦ ਹਟਕੋਰਿਆਂ ਦੀ ਜੂਨ ਵਿਚ ਪਾ ਗਈ।
ਚਾਵਾਂ ਦੀ ਤਵੀਤੀ ਰੱਖੀ ਸਾਂਭ ਕੇ ਬਥੇਰੀ
ਪਰ ਸਮੇਂ ਦੇ ਲੁਟੇਰੇ ਆ ਕੇ ਖੋਹਣ ਲੱਗ ਪੇ।

ਤੇਰੇ ਨਾਲ ਬੀਤੀਆਂ ਬਹਾਰਾਂ ਯਾਦ ਆਉਂਦੀਆਂ।
ਚੰਦਰਿਆ! ਚੰਦਰੀ!! ਦਾ ਦਿਲ ਤੜਪਾਉਂਦੀਆਂ।
ਬੀਤੇ ਦੇ ਹਨੇਰਿਆਂ 'ਚੋਂ ਯਾਦਾਂ ਦਿਆਂ ਚਾਣਨਾ ਨੂੰ
ਰੂਹ ਕਿਸੇ ਕੋਨੇ 'ਚ ਲਕੋਣ ਲੱਗ ਪੇ।

ਮਨ ਆਈਆਂ ਮਾਪੇ ਜਦੋਂ ਲੱਗਣ ਪੁਗਾਉਣ ਵੇ!
ਕੁੜੀਆਂ ਨਿਮਾਣੀਆਂ ਨੂੰ ਪੁੱਛਦਾ ਹੈ ਕੌਣ ਵੇ!
ਪਿਆਰਾਂ ਦੀਆ ਗੱਲਾਂ ਨੂੰ ਸਮਝਦਾ ਹੈ ਕੌਣ
ਇੱਥੇ ਸੌਦੇ ਨੇ ਵਿਆਹਾਂ ਵਾਲੇ ਹੋਣ ਲੱਗ ਪੇ।

ਕਿੰਜ ਸਮਝਾਵਾਂ ਤੈਨੂੰ ਸੱਚ ਕੰਮੇਆਨਿਆਂ!
ਹੋ ਗੀ ਤੇਰੀ ਹੀਰ ਤਾਂ ਬੇਵੱਸ ਮਰਜਾਨਿਆਂ!
ਫੁੱਲਾਂ ਨਾਲ ਲੱਦੀ ਤੱਕ ਡੋਲੀ ਵਾਲੀ ਕਾਰ
ਮੈਨੂੰ ਲੱਗਾ ਮੇਰੀ ਅਰਥੀ ਸਜਾਉਣ ਲੱਗ ਪੇ।



# ਜੇ ਰਾਂਝੇ ਰੋਂਦੇ ਨੇ

ਡਾਢਿਆਂ ਨੇ ਮੱਥੇ ਮੜ੍ਹ ਦਿੱਤੀਆਂ
ਕੁੜੀਆਂ ਦੇ ਬੇ-ਵਫ਼ਾਈਆਂ ਵੇ!
ਬੇਵਫ਼ਾ ਨਹੀਂ, ਬੇਵੱਸ ਹੁੰਦੀਆਂ
ਇਹ ਰਸਮਾਂ ਦੀਆਂ ਸਤਾਈਆਂ ਵੇ!
ਮਾੜੇ ਮਾਪੇ ਫੜ੍ਹ ਕੇ ਕਰ ਦਿੰਦੇ
ਸਭ ਸੁਪਨੇ ਲੀਰਾਂ-ਲੀਰਾਂ।
ਜੇ ਰਾਂਝੇ ਰੋਂਦੇ ਨੇ
ਵੇ ਕਿਹੜਾ ਹੱਸਦਿਆਂ ਫਿਰਦੀਆਂ ਹੀਰਾਂ।

ਕਈ ਬੰਧਨ ਕੁੜੀਆਂ ਨੂੰ,
ਪੈਰ ਹਰ ਫੂਕ ਫੂਕ ਕੇ ਧਰਨਾ।
ਮਾਪਿਆਂ ਦੀ ਝਿੜਕ ਅੱਗੇ,
ਜਿਉਂਦੇ ਜੀਅ ਪੈ ਜਾਂਦਾ ਮਰਨਾ।
ਹਉਕਾ ਭਰਕੇ ਵਿਚਾਰੀਆਂ ਵੇ!
ਕਹਿੰਦੀਆਂ ਲਿਖੀਆਂ ਇਹੋ ਤਰਦੀਰਾਂ।
ਜੇ ਰਾਂਝੇ ਰੋਂਦੇ ਨੇ ................

ਕੋਈ ਬਣੇ ਮਾਸ਼ੂਕ ਮੇਰੀ,
ਹਰ ਇਕ ਗੱਭਰੂ ਏਥੇ ਲੋਚੇ।
ਪਰ ਭੈਣ ਓਸ ਦੀ ਜੇ,
ਦਿਲ ਵਿਚ ਗੱਲ ਪਿਆਰ ਦੀ ਸੋਚੇ।
ਇਹ ਬਾਤ ਇਸ਼ਕ ਦੀ ਵੇ!
ਜਰਨੀ ਮੁਸ਼ਕਲ ਲੱਗਦੀ ਵੀਰਾਂ।
ਜੇ ਰਾਂਝੇ ਰੋਂਦੇ ਨੇ ...............

ਜੇਕਰ ਕੁੱਝ ਕੁੜੀਆਂ ਨੇ,
ਇਸ਼ਕ ਵਿਚ ਕੀਤੀ ਬੇ-ਵਫ਼ਾਈ।
ਲੱਖਾਂ ਕੁੜੀਆਂ ਦੀ ਮੁੰਡਿਆਂ,
ਇੱਜ਼ਤ ਹੈ ਮਿੱਟੀ ਵਿਚ ਮਿਲਾਈ।
ਸੱਸੀ ਭੁੱਜਗੀ ਥਲਾਂ ਵਿਚ ਵੇ!
ਮਿਰਜ਼ਾ ਮਾਰ ਦਿੱਤਾ ਜੇ ਤੀਰਾਂ।
ਜੇ ਰਾਂਝੇ ਰੋਂਦੇ ਨੇ ................

'ਕੰਮੇਆਣਾ' ਦਿਲ ਅੰਦਰ,
ਕਦੇ 'ਕੱਲਾ ਬਹਿ ਸੋਚ ਵਿਚਾਰੀਂ।
ਪਹਿਲਾਂ ਹੀ ਮੋਈ ਨੂੰ,
ਚੰਦਰਿਆ! ਤਾਹਨੇ ਮਾਰ ਨਾ ਮਾਰੀਂ।
ਜੱਗ ਵਿਹੁ ਹੈ ਘੋਲ ਦਿੰਦਾ
ਜਦ ਵੀ ਆਸ਼ਿਕ ਰਿੰਨ੍ਹਦੇ ਖੀਰਾਂ।
ਜੇ ਰਾਂਝੇ ਰੋਂਦੇ ਨੇ ..............



# ਮੈਂ ਹੋ ਗੀ ਰਾਂਝਣ ਦੀ

ਦਿਲ ਨੇ ਪਾਠ ਪਿਆਰ ਦਾ ਪੜ੍ਹਿਆ।
ਜੱਗ ਕੋਲੋਂ ਫਿਰ ਮੂਲ ਨਾ ਡਰਿਆ।
ਭੁੱਲ ਗਏ ਫਿਰ ਰਸਮਾਂ ਰੀਤਾਂ ਦੇ ਵੀ ਝਗੜੇ ਝੇੜੇ।
ਮੈਂ ਹੋ ਗੀ ਰਾਂਝਣ ਦੀ
ਹਾਣਨੋ! ਬਿਨ ਮੰਗਣੀ ਬਿਨ ਫੇਰੇ।

ਰਾਂਝਣ ਮੇਰੇ ਦਿਲ ਦਾ ਮਹਿਰਮ।
ਨਾਲ ਕਿਸਮਤਾਂ ਮਿਲਦਾ ਮਹਿਰਮ।
ਇਸ਼ਕ ਇਸ਼ਕ ਤਾਂ ਹਰ ਕੋਈ ਕਹਿੰਦਾ, ਦੂਰ ਇਸ਼ਕ ਦੇ ਡੇਰੇ।
ਮੈਂ ਹੋਗੀ ਰਾਂਝਣ ਦੀ .............

ਉਹਦੇ ਤੋਂ ਕੋਈ ਰਿਹਾ ਨਾ ਓਹਲਾ।
ਕਾਹਦੇ ਲਈ ਫਿਰ ਵਿਚ ਵਿਚੋਲਾ।
ਰੂਹਾਂ ਨੇ ਜਦ ਹਾਣੀ ਲੱਭ ਲਏ ਕੀ ਵਾਜੇ ਕੀ ਸਿਹਰੇ।
ਮੈਂ ਹੋ ਗੀ ਰਾਂਝਣ ਦੀ ................

ਪੱਟ 'ਤੀ ਨੀ ਮੈਂ ਜਿਸ ਦੇ ਪਿਆਰਾਂ।
ਸੱਤ ਬਹਿਸ਼ਤਾਂ ਉਸ ਤੋਂ ਵਾਰਾਂ।
ਉਹ ਹੈ ਤਾਂ ਜੱਗ ਚਾਣਨ ਚਾਣਨ ਉਹਦੇ ਬਾਝ ਹਨੇਰੇ।
ਮੈਂ ਹੋ ਗੀ ਰਾਂਝਣ ਦੀ ...............

ਮੈਂ ਰਾਂਝਣ ਦੀ ਰਾਂਝਣ ਮੇਰਾ।
ਦੁਨੀਆਂ ਕਰਦੀ ਕੂੜ ਬਖੇੜਾ।
'ਕੰਮੇਆਣਾ' ਇਹ ਰਮਜ਼ ਦਿਲਾਂ ਦੀ ਵੱਸ ਨਈਂ ਤੇਰੇ ਮੇਰੇ।
ਮੈਂ ਹੋ ਗੀ ਰਾਂਝਣ ਦੀ ..............

# ਦਿਲ 'ਚੋਂ ਉਡੀਕ ਨਾ ਮੁੱਕੀ

ਪੱਟ ਚੀਰ ਕੇ ਖਵਾਉਣ ਦੀ ਸੀ ਰੀਝ ਨੀ!
ਪਰ ਸੋਹਣੀ ਸਾਨੂੰ ਹੋਈ ਨਾ ਨਸੀਬ ਨੀ!
ਬੈਠੇ ਵਗਦੇ ਝਨਾਂ ਦੇ ਕੰਢੇ ਭਾਵੇਂ
ਨੀ ਜਿੰਦ ਸਾਡੀ ਰਹਿ ਗੀ ਸੁੱਕੀ।
ਕੁੱਲੀ ਪਾ ਕੇ ਮਹੀਂਵਾਲ ਵਾਂਗ ਬੈਠਗੇ
ਨੀ ਦਿਲ 'ਚੋਂ ਉਡੀਕ ਨਾ ਮੁੱਕੀ!

ਜਿਵੇਂ ਝੱਖੜਾਂ ਦਾ ਝੰਬਿਆ ਬਿਰਖ ਕੋਈ ਇੰਜ ਮੈਂ ਗੁਜ਼ਾਰੀ ਜ਼ਿੰਦਗੀ।
ਅਨਦੇਖੇ ਰੱਬ ਵਾਂਗਰਾਂ ਮਾਸ਼ੂਕ ਦੀ ਮੈਂ ਕਰਦਾ ਰਿਹਾ ਹਾਂ ਬੰਦਗੀ।
ਸਾਨੂੰ ਜ਼ਿੰਦਗੀ ਨੇ ਦਿੱਤਾ ਨਾ ਜਿਉਣ ਚੱਜ ਨੇ!
ਮੌਤ ਸਾਡੇ ਨੇੜ ਨਾ ਢੁੱਕੀ।

ਮੈਂ ਭਾਲਿਆ ਪਿਆਰ ਮੈਨੂੰ ਰਾਹਾਂ 'ਚ ਪਿਆਰ ਦੇ ਭੁਲੇਖੇ ਟੱਕਰੇ।
ਯਾਨੀ ਸੋਹਣੀ ਮੁਟਿਆਰ ਨੂੰ ਸੁਹਾਗ ਦੀ ਥਾਂ ਚੰਦਰੇ ਰੰਡੇਪੇ ਟੱਕਰੇ।
ਇੰਜ ਜਿਉਂਈਏਂ ਜਿਵੇਂ ਆਪਣੀ ਹੀ ਅਰਥੀ
ਕੰਧਿਆਂ 'ਤੇ ਫਿਰਦੇ ਚੁੱਕੀ।

ਫਾਂਸੀ ਚੜ੍ਹਣ ਲੱਗੇ ਦੀ ਰੀਝ ਆਖ਼ਰੀ ਜਿਉਂ ਬੁੱਲ੍ਹਾਂ ਉੱਤੇ ਆਣ ਬਹਿੰਦੀ ਏ।
ਉਸੇ ਤਰ੍ਹਾਂ ਇਕ ਸਹਿਕਦੀ ਹੋਈ ਖਾਹਿਸ਼ ਨਿੱਤ ਸੱਜਣਾਂ ਦਾ ਨਾਮ ਲੈਂਦੀ ਏ।
ਹੱਥੀਂ ਜ਼ਖ਼ਮ ਉਚੇੜ 'ਕੰਮੇਆਣਾ'
ਨੀ ਲੂਣ ਉੱਤੇ ਜਾਂਦਾ ਏ ਭੁੱਕੀ।



# ਲੜਿਆ ਨਾ ਕਰ ਨਣਦੇ

ਆਥਣ ਉੱਗਣ ਕਚੀਰਾ ਕਰਦੀ,
ਡਾਢੇ ਰੱਬ ਤੋਂ ਮੂਲ ਨਾ ਡਰਦੀ,
ਕੀਹਦੇ ਕੋਲੋਂ ਸਿੱਖਿਆ ਹੈ ਤੂੰ ਏਨਾ ਕਹਿਰ ਕਮਾਣਾ।
ਨੀ ਲੜਿਆ ਨਾ ਕਰ ਨਣਦੇ!
ਕਦੇ ਤੂੰ ਵੀ ਬਿਗਾਨੇ ਘਰ ਜਾਣਾ।

ਥੋੜ੍ਹੀ ਜਹੀ ਜੇ ਮੇਕਅੱਪ ਕਰਕੇ ਸੂਟ ਵਰੀ ਦਾ ਪਾ ਲਾਂ।
ਤੈਨੂੰ ਇਕ ਵੀ ਅੱਖ ਨਾ ਭਾਵਾਂ ਕੱਢਣ ਲੱਗ ਪੇਂ ਗਾਲ੍ਹਾਂ।
ਆਖੇਂ ਸਾਰਾ ਦਿਨ ਚੰਦਰੀ ਦਾ ਸੂਤ ਨਹੀਂ ਆਉਂਦਾ ਬਾਣਾ।
ਨੀ ਲੜਿਆ ਨਾ ਕਰ ਨਣਦੇ!
ਕਦੇ ਤੂੰ ਵੀ ਬਿਗਾਨੇ ਘਰ ਜਾਣਾ।

ਘਰ ਆਏ ਤੇਰੇ ਵੀਰੇ ਕੋਲੇ ਜੇਂ ਬੈਠ ਜਾਂ ਜਾ ਕੇ।
ਵੱਢ-ਖਾਣਿਆਂ ਵਾਂਗੂੰ ਝਾਕੇਂ ਮੱਥੇ ਵਿਚ ਵੱਟ ਪਾ ਕੇ
ਤੇਰੇ ਜ਼ੁਲਮ ਸਹਿੰਦਿਆਂ ਲੱਗਦਾ ਬਿਨ ਆਈ ਮਰ ਜਾਣਾ।
ਨੀ ਲੜਿਆ ਨਾ ਕਰ ਨਣਦੇ!
ਕਦੇ ਤੂੰ ਵੀ ਬਿਗਾਨੇ ਘਰ ਜਾਣਾ।

ਕੰਮ ਧੰਦਾ ਸਭ ਮੇਰੇ ਜ਼ੁੰਮੇ, ਵਿਹਲੀ ਮੌਜਾਂ ਮਾਣੇ।
ਮੈਂ ਵੀ ਕਿਸੇ ਦੀ ਧੀ ਹਾਂ ਆਖਿਰ ਪਸ਼ੂਆਂ ਵਾਂਗੂੰ ਜਾਣੇ।
ਕਦੇ ਦਾਜ ਦੇ ਮਿਹਣੇ ਦਿੰਦੀ, ਕਦੇ ਪਰਖਦੀ ਲਾਣਾ।
ਨੀ ਲੜਿਆ ਨਾ ਕਰ ਨਣਦੇ!
ਕਦੇ ਤੂੰ ਵੀ ਬਿਗਾਨੇ ਘਰ ਜਾਣਾ।

ਪੇਕੇ ਘਰ ਨੂੰ ਛੱਡ ਕੇ ਇਕ ਦਿਨ ਸਹੁਰੇ ਜਾਣਾ ਪੈਣਾ।
ਮੇਰੇ ਵਰਗੀ ਜੂਨ ਹੰਢਾ ਕੇ ਇਹ ਮੁੱਖੜਾ ਨਹੀਂ ਰਹਿਣਾ।
ਮੇਰੀ ਆਖੀ ਯਾਦ ਕਰੇਂਗੀ ਫੇਰ ਪਊ ਪਛਤਾਣਾ।
ਨੀ ਲੜਿਆ ਨਾ ਕਰ ਨਣਦੇ!
ਕਦੇ ਤੂੰ ਵੀ ਬਿਗਾਨੇ ਘਰ ਜਾਣਾ।

ਡਾਰੋਂ ਵਿੱਛੜੀ ਕੂੰਜ ਵਾਂਗ ਮੈਂ ਦੂਰ ਵਸੇਂਦੇ ਮਾਪੇ।
ਬਣ ਕੇ ਰਹੇਂ ਸਹੇਲੀ ਜੇਕਰ ਫੇਰ ਕਾਸਦੇ ਘਾਟੇ।
ਦੁੱਖ ਦੀ ਘੜੀ ਵਿਚ ਚੇਤੇ ਆਉਂਦਾ ਰਹਿੰਦਾ ਪਿੰਡ 'ਕੰਮੇਆਣਾ'
ਨੀ ਲੜਿਆ ਨਾ ਕਰ ਨਣਦੇ!
ਕਦੇ ਤੂੰ ਵੀ ਬਿਗਾਨੇ ਘਰ ਜਾਣਾ।



## ਨੈਣਾਂ ਦੇ ਇਸ਼ਾਰੇ

ਅਸੀਂ ਨਦੀਆਂ ਨੂੰ ਚੀਰ ਕੇ ਸਾਂ ਆ ਗਏ,
ਡੋਬੇ ਤਾਂ ਕਿਨਾਰਿਆਂ ਨੇ ਡੋਬ 'ਤੇ।
ਜਿਨ੍ਹਾਂ ਨੂੰ ਤੂਫ਼ਾਨਾਂ ਨੇ ਨਾ ਡੋਬਿਆ,
ਨੈਣਾਂ ਦੇ ਇਸ਼ਾਰਿਆਂ ਨੇ ਡੋਬ 'ਤੇ।

ਚੜ੍ਹਦੀ ਜਵਾਨੀ ਆਈ ਬਣ ਕੇ ਭੂਚਾਲ ਸੀ।
ਯਾਦ ਸੋਹਣੇ ਸੱਜਣਾਂ ਦੀ ਤੁਰੀ ਨਾਲ-ਨਾਲ ਸੀ।
ਲਾਲ ਚੁੰਨੀ ਅੱਗ ਵਾਂਗੂੰ ਬਲਦੀ,
ਚੁੰਨੀ ਦੇ ਸਿਤਾਰਿਆਂ ਨੇ ਡੋਬ 'ਤੇ।
ਜਿਨ੍ਹਾਂ ਨੂੰ ਤੂਫ਼ਾਨਾਂ ਨੇ ਨਾ ਡੋਬਿਆ........

ਰਾਹ ਜਾਂਦੇ ਰਾਹੀਆਂ ਨਾਲੋਂ ਹੋ ਗਿਆ ਪਿਆਰ ਸੀ।
ਸੋਹਣੇ ਦੀਆਂ ਸੋਹਣੀਆਂ ਅਦਾਵਾਂ ਦਿੱਤਾ ਮਾਰ ਸੀ।
ਰੱਬ ਜਿੱਡੇ-ਜਿੱਡੇ ਲਾਰੇ ਲਾ ਗਏ,
ਸੋਹਣਿਆਂ ਦੇ ਲਾਰਿਆਂ ਨੇ ਡੋਬ 'ਤੇ।
ਜਿਨ੍ਹਾਂ ਨੂੰ ਤੂਫ਼ਾਨਾਂ ਨੇ ਨਾ ਡੋਬਿਆ........

ਰੱਬਾ ਇਹੇ ਸੋਹਣੀਆਂ ਤੂੰ ਸੂਰਤਾਂ ਬਣਾਈਆਂ ਕਿਉਂ?
ਆਸ਼ਿਕਾਂ ਦੇ ਦਿਲਾਂ ਉੱਤੇ ਛੁਰੀਆਂ ਚਲਾਈਆਂ ਕਿਉਂ?
'ਕੰਮੇਆਣਾ' ਤਾਰੇ ਸਾਡੇ ਡੁੱਬ ਗਏ,
ਡੁੱਬ ਗਏ ਸਿਤਾਰਿਆਂ ਨੇ ਡੋਬ 'ਤੇ।
ਜਿਨ੍ਹਾਂ ਨੂੰ ਤੂਫ਼ਾਨਾਂ ਨੇ ਨਾ ਡੋਬਿਆ........

## ਬਣ ਕੇ ਪਟੋਲਾ ਰੇਸ਼ਮੀ

ਸੁਣ ਢੋਲਕ ਦੇ ਤਾਲ,
ਆਇਆ ਪੈਰਾਂ 'ਚ ਭੂਚਾਲ,
ਫਿਰੇ ਅੱਗ ਦੇ ਭੰਬੂਕੇ ਵਾਂਗ ਮੱਚਦੀ।
ਬਣ ਕੇ ਪਟੋਲਾ ਰੇਸ਼ਮੀ
ਕੁੜੀ ਹਾਣਦੀ ਗਿੱਧੇ ਦੇ ਵਿਚ ਨੱਚਦੀ।

ਮੁੰਡੇ-ਖੁੰਡੇ ਬੈਠ ਗਏ ਬਨੇਰਿਆਂ 'ਤੇ ਆਣ ਕੇ।
ਚੱਕਮੀ ਜਹੀ ਬੋਲੀ ਕਿਸੇ ਪਾ ਦਿੱਤੀ ਜਾਣ ਕੇ।
ਮੁੱਛ ਫੁੱਟ ਮੁੰਡੇ ਡਿੱਗ ਪੈਂਦੇ ਗਸ਼ ਖਾ ਕੇ,
ਜਦੋਂ ਬੁੱਲ੍ਹੀਆਂ 'ਚ ਮਿੰਨਾ-ਮਿੰਨਾ ਹੱਸਦੀ।

ਇਕ ਨਸ਼ਾ ਗਿੱਧੇ ਦਾ ਤੇ ਦੂਜਾ ਹੈ ਜਵਾਨੀ ਦਾ।
ਅੰਗ-ਅੰਗ ਕਰਦਾ ਕਲੋਲਾਂ ਡੁੱਬ ਜਾਣੀ ਦਾ।
ਮਾਰ-ਮਾਰ ਅੱਡੀ ਉਹਨੇ ਧਰਤ ਕੰਬਾਈ,
ਜੱਟੀ ਨੱਚਦੀ ਗਿੱਧੇ 'ਚ ਨਹੀਓਂ ਥੱਕਦੀ।

ਨੱਚਦੀ ਨੂੰ ਵੇਖ ਬੈਠਾ ਮੁੰਡਾ 'ਕੰਮੇਆਣੇ' ਦਾ।
ਮਰ ਜਾਣੀ ਦਿਲ ਖੋਹ ਕੇ ਲੈ ਗੀ ਮਰਜਾਣੇ ਦਾ।
ਆਖਦੈ ਮੈਂ ਸੋਹਣੀਆਂ ਤਾਂ ਵੇਖੀਆਂ ਨੇ ਬਹੁਤ,
ਪਰ ਸਾਰੀਆਂ 'ਚੋਂ ਇਹ ਹੀ ਮੈਨੂੰ ਜਚਦੀ।



## ਪੱਟ 'ਤੇ ਪਵਾਇਆ ਮੋਰ

ਅੰਬਰਾਂ 'ਤੇ ਛਾਈ ਘਟਾ ਘਨਘੋਰ ਨੀ!
ਕਰੇ ਉਡੂੰ-ਉਡੂੰ-ਉਡੂੰ।
ਮੇਲੇ ਵਿਚੋਂ ਪੱਟ 'ਤੇ ਪਵਾਇਆ ਮੋਰ ਨੀ !
ਕਰੇ ਉਡੂੰ-ਉਡੂੰ-ਉਡੂੰ।

ਮੈਨੂੰ ਰੋਜ਼ ਇਕ ਸੁਪਨਾ ਹੈ ਆਉਂਦਾ ਨੀ!
ਕੋਈ ਚੰਨ ਜਿਹਾ ਚਿਹਰਾ ਮੁਸਕਾਉਂਦਾ ਨੀ!
ਤੇਰੇ ਬਾਝੋਂ ਨਾ ਉਹ ਚਿਹਰਾ ਚੰਨੋਂ ਕੋਈ ਹੋਰ ਨੀ!
ਕਰੇ ਉਡੂੰ-ਉਡੂੰ-ਉਡੂੰ ........

ਚਿੱਤ ਕਰੇ ਤੈਨੂੰ ਆਪਣੀ ਬਣਾਉਣ ਨੂੰ।
ਮੈਂ ਤਾਂ ਫਿਰਦਾ ਹਾਂ ਕੰਨ ਪੜਵਾਉਣ ਨੂੰ।
ਅਸੀਂ ਦਿਲ ਦੀ ਕਹਿ ਦਿੱਤੀ ਤੇਰੇ ਹੱਥ ਡੋਰ ਨੀ!
ਕਰੇ ਉਡੂੰ-ਉਡੂੰ-ਉਡੂੰ ........

ਕੋਲੋਂ ਲੰਘਦੀ ਹੈਂ ਜਦੋਂ ਹੱਸ-ਹੱਸ ਨੀ!
ਦਿਲ ਵੱਸ 'ਚੋਂ ਹੋ ਜਾਂਦਾ ਹੈ ਬੇ-ਵੱਸ ਨੀ।
'ਕੰਮੇਆਣਾ ਦਾ ਧਰਮ' ਹੋਇਆ ਹੋਰੋਂ ਹੋਰ ਨੀ!
ਕਰੇ ਉਡੂੰ-ਉਡੂੰ-ਉਡੂੰ ........

# ਬੰਨ੍ਹ ਘੁੰਗਰੂ ਨੱਚਣ ਮੁਟਿਆਰਾਂ

ਬੰਨ੍ਹ ਘੁੰਗਰੂ ਨੱਚਣ ਮੁਟਿਆਰਾਂ
ਗੱਭਰੂ ਨੇ ਪਾਉਂਦੇ ਬੋਲੀਆਂ ।

ਆ ਕੇ ਬਨੇਰਿਆਂ 'ਤੇ ਬੈਠ ਗਿਆ ਪਿੰਡ ਨੀ!
ਨੱਚਦੀਆਂ ਕੁੜੀਆਂ ਤਾਂ ਲੱਗਦੀਆਂ ਇੰਜ ਨੀ!
ਜਿਵੇਂ ਰੋਹੀ ਵਿਚ ਮੂਨਾਂ ਦੀਆਂ ਡਾਰਾਂ।
ਗੱਭਰੂ ਨੇ ਪਾਉਂਦੇ ਬੋਲੀਆਂ ........

ਗੱਭਰੂ ਪੰਜਾਬੀ ਪਾਉਂਦੇ ਵਧ-ਵਧ ਬੋਲੀਆਂ।
ਸਾਉਣ ਦੇ ਮਹੀਨੇ ਜਿਵੇਂ ਮੋਰਾਂ ਦੀਆਂ ਟੋਲੀਆਂ।
ਕੂਕਾਂ ਮਾਰਦੀਆਂ ਵੇਖ ਕੇ ਬਹਾਰਾਂ।
ਗੱਭਰੂ ਨੇ ਪਾਉਂਦੇ ਬੋਲੀਆਂ ........

ਹਿੱਲਦੇ ਰੁਮਾਲ ਤੇ ਉੱਡਣ ਫੁਲਕਾਰੀਆਂ।
ਪਰੀਆਂ ਦੇ ਵਾਂਗ ਨੇ ਪੰਜਾਬਣਾਂ ਸ਼ਿੰਗਾਰੀਆਂ।
ਜੱਗੋ ਸੋਹਣੀਆਂ ਪੰਜਾਬ ਦੀਆਂ ਨਾਰਾਂ।
ਗੱਭਰੂ ਨੇ ਪਾਉਂਦੇ ਬੋਲੀਆਂ ........

ਏਸੇ ਤਰ੍ਹਾਂ ਲੱਗੇ ਰਹਿਣ ਰੌਣਕਾਂ ਤੇ ਮੇਲੇ ਬਈ!
ਵਸਦਾ ਪੰਜਾਬ ਰਹੇ ਮੁੱਕਣ ਝਮੇਲੇ ਬਈ!
ਸਦਾ ਖਿੜੀਆਂ ਰਹਿਣ ਗੁਲਜ਼ਾਰਾਂ।
ਗੱਭਰੂ ਨੇ ਪਾਉਂਦੇ ਬੋਲੀਆਂ ........



# ਢੋਲੀਆਂ ਦੇ ਢੋਲ ਵੱਜਦੇ

ਡਮ-ਡਮ-ਡਮ ਜਦੋਂ ਵੱਜਦੇ ਨੇ ਢੋਲ,
ਗੂੰਜਦੇ ਨੇ ਢੋਲ ਜਦੋਂ ਆ ਕੇ ਕੰਨਾਂ ਕੋਲ,
ਬਿਨਾਂ ਪੀਤੀਓਂ ਨਸ਼ਾ ਚੜ੍ਹ ਜਾਵੇ।
ਢੋਲੀਆਂ ਦੇ ਢੋਲ ਵੱਜਦੇ,
ਜੱਟ ਬੱਕਰੇ ਬਲਾਉਂਦਾ ਆਵੇ।

ਭੰਗੜੇ ਦਾ ਬੜਾ ਲੰਬਾ ਇਤਿਹਾਸ ਹੈ।
ਜੱਟ ਤੇ ਵਿਸਾਖੀ ਨਾ ਸਬੰਧ ਖ਼ਾਸ ਹੈ।
ਖੇਤਾਂ ਵਿਚ ਪੱਕੀਆਂ ਨੱਚਣ ਫ਼ਸਲਾਂ,
ਯਾਰਾਂ ਨਾਲ ਰਲ ਨੱਚਦਾ ਇਹ ਆਪ ਹੈ।
ਆਪੇ ਨੂੰ ਭੁਲਾ ਕੇ ਜਦੋਂ ਨੱਚਦਾ ਪੰਜਾਬੀ
ਸਾਰੀ ਧਰਤੀ ਨੂੰ ਨਾਲ ਨਚਾਵੇ।
ਢੋਲੀਆਂ ਦੇ ਢੋਲ ਵੱਜਦੇ ........

ਸਾਉਣ ਦੇ ਮਹੀਨੇ ਜਿਵੇਂ ਮੋਰ ਨੱਚਦੇ।
ਛਾਈ ਹੋਵੇ ਘਟਾ ਘਨਕੋਰ ਨੱਚਦੇ।
ਉਸੇ ਤਰ੍ਹਾਂ ਗੱਭਰੂ ਪੰਜਾਬੀ ਦੋਸਤੋ!
ਲਾ ਕੇ ਪੱਟਾਂ ਦਾ ਸਾਰਾ ਜ਼ੋਰ ਨੱਚਦੇ।
ਨੱਚਦੇ ਇਹ ਉਦੋਂ ਦਿਲ ਵਿਚ ਇਹਨਾਂ ਕੋਲੋਂ
ਜਦੋਂ ਖੁਸ਼ੀ ਨਾ ਸੰਭਾਲੀ ਜਾਵੇ।
ਢੋਲੀਆਂ ਦੇ ਢੋਲ ਵੱਜਦੇ ........

ਜੱਗ 'ਚ ਮਸ਼ੂਰ੍ਹ ਭੰਗੜਾ ਪੰਜਾਬ ਦਾ।
ਫੁੱਲਾਂ ਵਿਚੋਂ ਫੁੱਲ ਸੋਹਣਾ ਜਿਉਂ ਗੁਲਾਬ ਦਾ।
ਸ਼ਹਿਰਾਂ ਵਿਚੋਂ ਸ਼ਹਿਰ ਪੈਰਿਸ ਜਿਉਂ ਦੋਸਤੋ!
ਨਸ਼ਿਆਂ 'ਚੋਂ ਨਸ਼ਾ ਹੁੰਦਾ ਹੈ ਸ਼ਰਾਬ ਦਾ।
ਭੰਗੜੇ 'ਚ ਨੱਚਦਿਆਂ ਕਰਦਾ ਏ ਚਿੱਤ
ਸਾਰੀ ਦੁਨੀਆਂ ਨੂੰ ਲੈ ਲਈਏ ਕਲਾਵੇ।
ਢੋਲੀਆਂ ਦੇ ਢੋਲ ਵੱਜਦੇ ........

ਚਾਹੇ ਹੋਏ ਟਰਾਂਟੋ ਤੇ ਚਾਹੇ ਸਾਊਥਹਾਲ।
ਜਿੱਥੇ ਗਏ ਪੰਜਾਬੀ ਲੈ ਗੇ ਭੰਗੜੇ ਨੂੰ ਨਾਲ।
ਭੰਗੜੇ ਨਾ ਉਵੇਂ ਸਾਡਾ ਇਸ਼ਕ ਸਦੀਵੀ,
ਰੱਖਦਾ ਸੀ ਰਾਂਝਾ ਜਿਵੇਂ ਹੀਰ ਦਾ ਖ਼ਿਆਲ।
'ਕੰਮੇਆਣਾ' ਭੰਗੜੇ ਦਾ ਚਾਅ ਸਾਨੂੰ ਏਨਾ
ਜਿਵੇਂ ਜੱਟੀ ਕੋਈ ਚੱਲੀ ਮੁਕਲਾਵੇ।
ਢੋਲੀਆਂ ਦੇ ਢੋਲ ਵੱਜਦੇ ........



# ਤੂੰ ਮੇਰੀ ਉਹ ਬਣ ਗਈ

ਚੰਦ ਵੱਲ ਵੇਖਾਂ ਤਾਂ ਤੂੰ ਚੰਦ ਲੱਗਦੀ,
ਸ਼ਹਿਦ ਨਾਲੋਂ ਮਿੱਠੀ ਗੁਲਕੰਦ ਲੱਗਦੀ,
ਕਦੇ ਤਾਰਿਆਂ ਦੀ ਨਿੰਮੀ-ਨਿੰਮੀ ਲੋਅ ਬਣ ਗਈ।
ਨੀ ਰਾਤੀਂ ਸੁਪਨੇ 'ਚ ਤੂੰ ਮੇਰੀ ਉਹ ਬਣ ਗਈ।

ਸ਼ੀਸ਼ੇ ਵਿਚ ਤੱਕਾਂ ਸਾਹਵੇਂ ਤੂੰ ਤੱਕਦੀ!
ਮੇਰੇ ਹਾਸਿਆਂ ਦੇ ਵਿਚ ਤੂੰ ਹੱਸਦੀ।
ਸਾਹੋਂ ਸੁੱਚੀਆਂ ਮੁਹੱਬਤਾਂ ਦਾ ਮੋਹ ਬਣ ਗਈ।
ਨੀ ਰਾਤੀਂ ਸੁਪਨੇ 'ਚ ਤੂੰ ਮੇਰੀ....

ਮੇਰੇ ਨਾਲ ਤੇਰਾ ਪ੍ਰਛਾਵਾਂ ਤੁਰਦਾ।
ਮੇਰੇ ਨਾਲ ਹੁਣ ਤੇਰਾ ਨਾਂ ਜੁੜਦਾ।
ਜਿੰਦ 'ਕੱਲੀ-'ਕੱਲੀ ਰਹਿੰਦੀ ਹੁਣ ਦੋ ਬਣ ਗਈ।
ਨੀ ਰਾਤੀਂ ਸੁਪਨੇ 'ਚ ਤੂੰ ਮੇਰੀ...

ਸੁਪਣੇ 'ਚ ਜਦੋਂ ਤੇਰਾ ਘੁੰਢ ਚੁੱਕਿਆ।
ਸੀਨੇ ਵਿਚੋਂ ਸ਼ੂਕਦਾ ਭੂਚਾਲ ਉੱਠਿਆ।
ਫੁੱਲ ਬਣਿਆ ਮੈਂ ਤੂੰ ਖੁਸ਼ਬੋ ਬਣ ਗਈ।
ਨੀ ਰਾਤੀਂ ਸੁਪਨੇ 'ਚ ਤੂੰ ਮੇਰੀ....

ਮਨ ਮੋਹ ਕੇ ਲੈ ਗੀ ਨੀ ਤੂੰ 'ਕੰਮੇਆਣੇ' ਦਾ।
ਡੁੱਬੂੰ-ਡੁੱਬੂੰ ਜੀਅ ਕਰੇ ਮਰਜਾਣੇ ਦਾ।
ਕਦੇ ਹਾੜ ਬਣ ਗਈ ਤੂੰ ਕਦੇ ਪੋਹ ਬਣ ਗਈ।
ਨੀ ਰਾਤੀਂ ਸੁਪਨੇ 'ਚ ਤੂੰ ਮੇਰੀ....

# ਕਾਤਲ ਸਾਡੇ ਹਾਸੇ ਦੇ

ਜਦ ਬੀਤ ਗਏ ਦੀਆਂ ਪੈੜਾਂ ਵੱਲ
ਮੇਰੀ ਨਜ਼ਰ ਸੋਹਣੀਏਂ ਤੱਕਦੀ ਏ।
ਅੱਖਾਂ 'ਚੋਂ ਅੱਥਰੂ ਵਹਿੰਦੇ ਨੇ
ਸੀਨੇ ਵਿਚ ਅਗਨੀ ਮੱਚਦੀ ਏ।
ਸਾਨੂੰ ਜ਼ਹਿਰ ਚੰਦਰਿਆਂ ਦੇ ਦਿੱਤਾ
ਪਾ ਕੇ ਨੀ ਵਿਚ ਪਤਾਸੇ ਦੇ।
ਅੱਜ ਹਸਦੇ ਫਿਰਦੇ ਹਾਣਦੀਏ!
ਸਭ ਕਾਤਿਲ ਸਾਡੇ ਹਾਸੇ ਦੇ।

ਆਪਾਂ ਰਲ ਮਿਲ ਮੌਜਾਂ ਮਾਣਦਿਆਂ
ਮੌਸਮ ਨੇ ਕਿੰਨੇ ਲੰਘਾਏ ਨੀ।
ਪੱਛਮ ਦੀ ਰੇਸ਼ਮੀ ਰੱਸੀ 'ਤੇ
ਕਈ ਸੂਰਜ ਸੁੱਕਣੇ ਪਾਏ ਨੀ!
ਤੇਰਾ ਬੁੱਕਲ ਦੇ ਵਿਚ ਬਹਿ ਰੋਣਾ
ਤੇ ਮੇਰੇ ਬੋਲ ਦਿਲਾਸੇ ਦੇ।
ਅੱਜ ਹਸਦੇ ਫਿਰਦੇ ਹਾਣਦੀਏ!
ਸਭ ਕਾਤਿਲ ਸਾਡੇ ਹਾਸੇ ਦੇ।

ਮੋਹ ਦੀਆਂ ਤੰਦਾਂ ਨਾਲ ਅਸੀਂ
ਰੀਝਾਂ ਦਾ ਘਰ ਬਣਾਇਆ ਨੀ।
ਬੇ-ਦਰਦਾਂ ਨਫ਼ਰਤ ਅੱਗ ਅੰਦਰ
ਇਹਨੂੰ ਪਲਾਂ ਦੇ ਵਿਚ ਜਲਾਇਆ ਨੀ।
ਅਸੀਂ ਵਿਚ ਵਿਚਾਲੇ ਰੁਲ ਗੇ ਹਾਂ
ਇਸ ਪਾਸੇ ਨਾ ਉਸ ਪਾਸੇ ਦੇ।
ਅੱਜ ਹਸਦੇ ਫਿਰਦੇ ਹਾਣਦੀਏ!
ਸਭ ਕਾਤਿਲ ਸਾਡੇ ਹਾਸੇ ਦੇ।



ਮੇਰੇ ਦਿਲ 'ਚ ਤੇਰੀਆਂ ਯਾਦਾਂ ਦੇ
ਕਈ ਫੁੱਲ ਮਹਿਕਦੇ ਰਹਿੰਦੇ ਨੇ।
ਸਾਹਾਂ ਦਾ ਸਾਥੀ ਦੂਰ ਵਸੇ
ਮੇਰੇ ਸਾਹ ਸਹਿਕਦੇ ਰਹਿੰਦੇ ਨੇ।
ਮੈਂ ਟੁਕੜੇ ਸਾਂਭੀ ਫਿਰਦਾ ਹਾਂ
ਪਿਆਰਾਂ ਦੇ ਟੁੱਟੇ ਕਾਸੇ ਦੇ।
ਅੱਜ ਹਸਦੇ ਫਿਰਦੇ ਹਾਣਦੀਏ!
ਸਭ ਕਾਤਿਲ ਸਾਡੇ ਹਾਸੇ ਦੇ।

ਅਸੀਂ ਭਲਾ ਲੋਚਿਆ ਸਭ ਦਾ ਸੀ
ਸਾਡਾ ਬੁਰਾ ਕਰਨ ਲਈ ਸਭ ਆਏ।
ਸਾਡੇ ਰਾਹਾਂ ਦੇ ਵਿਚ ਲਾ ਰੋਕਾਂ
ਚਾਵਾਂ ਦੇ ਗਲ ਫੰਦੇ ਪਾਏ।
'ਕੰਮੇਆਣਾ' ਲੱਖ ਕਰੋੜਾਂ ਤੋਂ
ਅਸੀਂ ਬਣ ਗਏ ਧੇਲੇ ਮਾਸੇ ਦੇ।
ਅੱਜ ਹਸਦੇ ਫਿਰਦੇ ਹਾਣਦੀਏ!
ਸਭ ਕਾਤਿਲ ਸਾਡੇ ਹਾਸੇ ਦੇ।

# ਦਿਲ ਫੜ੍ਹ ਕੇ

ਦਿਲ ਫੜ੍ਹ ਕੇ ਬਿਗਾਨਾ ਪੁੱਤ ਬਹਿ ਗਿਆ
ਜਦੋਂ ਦਾ ਤੇਰਾ ਮੁੱਖ ਵੇਖਿਆ।

ਤੇਰੀ ਤੋਰ ਵਿਚ ਵਸਦੀ ਏ ਸਾਦਗੀ ਨੀ ਹਾਲੀਆਂ ਦੀ ਹੇਕ ਵਰਗੀ।
ਤੇਰੇ ਮੱਥੇ ਉੱਤੇ ਖੇਡਦੀ ਹੈ ਸ਼ੈਅ ਕੋਈ ਸੂਰਜ ਦੇ ਸੇਕ ਵਰਗੀ।
ਤੇਰਾ ਚੇਤਾ ਮੇਰੇ ਹੱਡਾਂ ਵਿਚ ਲਹਿ ਗਿਆ।
ਜਦੋਂ ਦਾ ਤੇਰਾ ਮੁੱਖ ਵੇਖਿਆ...

ਤੈਨੂੰ ਵੇਖ ਕੇ ਭੁਲੇਖਾ ਜਿਹਾ ਪੈਂਦਾ ਨੀ ਵਾਰਿਸ ਦੀ ਹੀਰ ਵਰਗਾ।
ਕੱਚੇ ਦੁੱਧ ਵਿਚ ਘੁਲਜੇ ਗੁਲਾਲੀ ਜਿਵੇਂ ਰੰਗ ਤੇਰਾ ਇਉਂ ਲੱਗਦਾ।
ਮੇਰਾ ਮਨ ਤੇਰੇ ਵਹਿਣਾ ਵਿਚ ਵਹਿ ਗਿਆ।
ਜਦੋਂ ਦਾ ਤੇਰਾ ਮੁੱਖ ਵੇਖਿਆ....

ਨੱਚੇਂ ਗਿੱਧੇ 'ਚ ਹੁਲਾਰਾ ਜਿਹਾ ਖਾ ਕੇ ਤੂੰ ਧਰਤੀ ਵੀ ਨਾਲ ਨੱਚਦੀ।
ਮੋਏ ਚਿਰਾਂ ਦੇ ਉਦੋਂ ਹੀ ਸਹਿਕ ਪੈਂਦੇ ਤੂੰ ਬੁੱਲ੍ਹੀਆਂ 'ਚੋਂ ਜਦੋਂ ਹੱਸਦੀ।
'ਕੰਮੇਆਣੇ ' ਵਾਲਾ ਤੇਰੇ ਹੋ ਕੇ ਰਹਿ ਗਿਆ।
ਜਦੋਂ ਦਾ ਤੇਰਾ ਮੁੱਖ ਵੇਖਿਆ....



# ਤੇਰੇ ਬਿਨਾਂ

ਤੇਰੇ ਬਿਨਾਂ ਉਦਾਸ ਰਹਾਂ ਮੈਂ,
ਤੇਰੇ ਬਾਝੋਂ ਕਿਸ ਨੂੰ ਕਹਾਂ ਮੈਂ,
ਯਾਦ ਤੇਰੀ ਵਿਚ ਤੜਪ ਤੜਪ ਕੇ
ਮਰਦਾ ਹਾਂ ਤਿਲ ਤਿਲ ਨੀ !
ਮਿਲਿਆਂ ਨੂੰ ਮੁੱਦਤਾਂ ਹੋ ਚੱਲੀਆਂ
ਕਿਤੇ ਸੁਪਨੇ ਵਿਚ ਹੀ ਮਿਲ ਨੀ!

ਤੇਰੇ ਬਾਝੋਂ ਜੀਣਾ ਅੜੀਏ! ਇਹ ਜੀਣਾ ਕੀ ਜੀਣਾ ਨੀ!
ਲੋਕੀਂ ਕਹਿਣ ਸ਼ਰਾਬ ਨੀ ਜਿਸ ਨੂੰ, ਘੁੱਟ ਲਹੂ ਦੇ ਪੀਣਾ ਨੀ!
ਬਾਹਰੋਂ ਲੱਗੀਏ ਜਿਉਂਦੇ ਵਸਦੇ
ਅੰਦਰੋਂ ਪੱਥਰ ਦੀ ਸਿਲ ਨੀ!
ਮਿਲਿਆਂ ਨੂੰ ਮੁੱਦਤਾਂ ਹੋ ਚੱਲੀਆਂ ....................

ਉਮਰਾਂ ਤੀਕ ਨਿਭਾਉਣ ਦੇ ਵਾਅਦੇ ਕਿਹੜੇ ਖ਼ੂਹ ਵਿਚ ਡੁੱਬ ਗੇ ਨੀ!
ਪਤਾ ਦੇਈਂ ਕਦੇ ਮੈਨੂੰ ਉਸ ਦਾ ਜਿਹੜੇ ਖ਼ੂਹ ਵਿਚ ਡੁੱਬ ਗੇ ਨੀ!
ਫੁੱਲ ਪਿਆਰਾਂ ਵਾਲੇ ਅੜੀਏ!
ਸੁੱਕ ਗਏ ਨੇ ਖਿਲ-ਖਿਲ ਨੀ!
ਮਿਲਿਆਂ ਨੂੰ ਮੁੱਦਤਾਂ ਹੋ ਚੱਲੀਆਂ ....................

ਮੇਲੇ ਵਰਗੀ ਦੁਨੀਆਂ ਮੈਨੂੰ ਲੱਗਦੀ ਵਾਂਗ ਉਜਾੜਾਂ ਨੀ!
ਉਪਰੋਂ ਉਪਰੋਂ ਹੱਸਦਾ ਜਾਪਾਂ ਅੰਦਰੋਂ ਧਾਹਾਂ ਮਾਰਾਂ ਨੀ!
'ਕੰਮੇਆਣਾ' ਦਾ ਪਟਿਆਲੇ ਵਿਚ
ਲੱਗਦਾ ਨਾ ਹੁਣ ਦਿਲ ਨੀ!
ਮਿਲਿਆਂ ਨੂੰ ਮੁੱਦਤਾਂ ਹੋ ਚੱਲੀਆਂ ....................

# ਤੇਰੀ ਮੇਰੀ ਗੱਲ

ਅੱਖੀਆਂ ਤੋਂ ਦੂਰ ਰਹਿਣ ਵਾਲੀਏ, ਦਿਲ ਦੇ ਤੂੰ ਰਹਿੰਦੀ ਏਂ ਕਰੀਬ।
ਤੇਰੀ ਮੇਰੀ ਗੱਲ ਸਿਰੇ ਲੱਗਦੀ, ਏਨੇ ਸਾਡੇ ਕਿੱਥੇ ਨੇ ਨਸੀਬ।

ਸਮੇਂ ਨੇ ਸੁਕਾ 'ਤੇ ਜਿਹੜੇ ਰੱਖੇ ਸੀ ਕਿਤਾਬਾਂ ਵਿਚ
ਮਹਿਕਦੇ ਹੋਏ ਸੱਜਰੇ ਗੁਲਾਬ ਨੀ!
ਪਰ ਅਸੀਂ ਜਿਗਰ ਦੇ ਖ਼ੂਨ ਨਾਲ ਸਿੰਜ ਸਦਾ
ਰੱਖੀ ਹੈ ਜਿਉਂਦੀ ਤੇਰੀ ਯਾਦ ਨੀ!
ਸਾਡੇ ਪਿਆਰ ਵਿਚ ਵਿੱਥਾਂ ਪਾ ਗਈ,
ਜ਼ਾਤ-ਪਾਤ ਵਾਲੀ ਸੀ ਜਰੀਬ।

ਸੋਹਣੀਆਂ ਤੋਂ ਸੋਹਣੀ, ਮਨਮੋਹਨੀ, ਦਿਲ ਖੋਹਣੀ
ਤੇਰੀ ਸੂਰਤ ਅਜੇ ਵੀ ਉਵੇਂ ਦਿਸਦੀ।
ਚੇਤੇ ਕਰ ਤੈਨੂੰ, ਚੈਨ ਆਉਂਦਾ ਨਹੀਂਓਂ ਮੈਨੂੰ,
ਜਿੰਦ ਬਿਰਹੋਂ ਦੀ ਚੱਕੀ ਵਿਚ ਪਿਸਦੀ।
ਅਸੀਂ ਖੁਸ਼ੀਆਂ ਉਧਾਰੀਆਂ ਸੀ ਮੰਗੀਆਂ,
ਸਾਨੂੰ ਸਮਿਆਂ ਨੇ ਟੰਗ 'ਤਾ ਸਲੀਬ।

ਭੋਲਾ ਜਿਹਾ ਮੁੱਖ, ਲਾਲ ਬੁੱਲੀਆਂ ਦੀ ਚੁੱਪ,
ਅੱਜ ਬਣ ਮੈਨੂੰ ਦੁੱਖ ਚੇਤੇ ਆਉਂਦੇ ਨੇ।
ਤੇਰੇ ਨਾਂ ਦੀ ਮਾਲਾ ਨਿੱਤ ਫੇਰੇ 'ਕੰਮੇਆਣਾ'
ਜਿਵੇਂ ਰੱਬ ਨੂੰ ਫ਼ਕੀਰ ਧਿਆਉਂਦੇ ਨੇ।
ਮੇਰੀਆਂ ਉਜਾੜ ਹੋਈਆਂ ਮਹਿਫ਼ਲਾਂ,
ਜਸ਼ਨ ਮਨਾਉਂਦੇ ਨੇ ਰਕੀਬ।



# ਮਹਿੰਦੀ ਦੇ ਅੱਥਰੂ

ਕੂਕਦੇ ਨੇ ਮੋਰ,
ਵੇ ਮਚਾਉਂਦੇ ਡਾਢਾ ਸ਼ੋਰ,
ਕੋਇਲ ਕੂ-ਕੂ ਰਹੀ ਕੁਰਲਾਅ।
ਵੇ ਮੁੜਕੇ ਬਹਾਰਾਂ ਆ ਗਈਆਂ,
ਚੰਨਾ! ਤੂੰ ਵੀ ਘਰੇ ਮੁੜ ਆ।

ਜਿੰਦ ਵਾਲੀ ਪਿਪਲੀ ਤੋਂ ਗ਼ਮ ਦੀਆਂ ਗਿਰਝਾਂ ਵੇ!
ਹੋਈਆਂ ਅੱਜ ਔਖੀਆਂ ਉਡਾਉਣੀਆਂ।
ਰੁੰਡ ਹੋਈਆਂ ਟਾਹਲੀਆਂ 'ਤੇ ਸਾਉਣ ਦੇ ਮਹੀਨੇ ਦੱਸ
ਕੁੜੀਆਂ ਨੇ ਪੀਘਾਂ ਕਿੰਜ ਪਾਉਣੀਆਂ?
ਤੀਆਂ ਵਾਲੀ ਰੁੱਤ, ਲੰਘ ਚੱਲੀ ਚੁੱਪ-ਚੁੱਪ,
ਵੇਖੀ ਨੱਚਕੇ ਧਮਾਲ ਨਾ ਮੈਂ ਪਾ।

ਲੱਗਕੇ ਜੇਠਾਣੀ ਆਖੇ ਲਾ ਲਈ ਸੀ ਮਹਿੰਦੀ
ਮੱਚੀ ਤਲੀਆਂ ਦੇ ਉੱਤੇ ਯਾਨੀ ਅੱਗ ਵੇ!
ਮਾਂਗ 'ਚ ਸੰਧੂਰ ਵਾਲੀ ਲੀਕ ਜਹੀ ਬਣ ਰਹਿਗੀ
ਤੇਰੀ ਉਹ ਸੰਧੂਰੀ ਜਹੀ ਪੱਗ ਵੇ!
ਵੇਖਾਂ ਐਲਬਮ, ਨੈਣ ਰੋਂਦੇ ਛਮ ਛਮ,
ਬੀਤੇ ਦਿਨ ਦੇਵੇ ਮੋੜ ਕੋਈ ਲਿਆ।

ਸਾਹਾਂ ਵਾਲੀ ਬੱਤੀ ਅਤੇ ਹੰਝੂਆਂ ਦਾ ਤੇਲ ਪਾ ਕੇ
ਨਿੱਤ ਬਾਲਾਂ ਯਾਦ ਦੇ ਚਿਰਾਗ਼ ਵੇ!
ਲੰਘੀ ਨਾ ਇਹ ਅੱਗ ਲੱਗੀ ਰੁੱਤ ਵੇ! ਵਿਛੋੜਿਆਂ ਦੀ
ਲੰਘ ਗਏ ਕਈ ਹਾੜ ਤੇ ਕਈ ਮਾਘ ਵੇ!
ਕਾਂ ਦਾ ਨਿੱਤ ਬੋਲਣਾ, ਬਨੇਰੇ ਉੱਤੇ ਢੋਲਣਾ,
ਵੇ ਦਿੰਦਾ ਸਗੋਂ ਜਿੰਦ ਤੜਫਾ।

# ਅੰਬਰੋਂ ਐਸੇ ਪਾਣੀ ਡੁੱਲ੍ਹੇ

ਹੜ੍ਹ ਦੇ ਪਾਣੀ ਦੇ ਵਿੱਚ ਰੁੜ੍ਹ ਗਏ,
ਸਾਡੇ ਸੰਦਲੀ ਹਾਸੇ।
ਪਾਣੀ, ਪਾਣੀ, ਪਾਣੀ ਦਿਸਦੈ,
ਸਾਡੇ ਚਾਰੇ ਪਾਸੇ।

ਕਿਸੇ ਭੈਣ ਦੀ ਰੱਖੜੀ ਡੁੱਬੀ,
ਮਾਂ ਕਿਸੇ ਦੀ ਲੋਰੀ।
ਮਾਂਗ ਦੇ ਵਿਚ ਸੰਧੂਰ ਡੁੱਬ ਗਿਆ
ਬੈਠ ਵਿਲਕਦੀ ਗੋਰੀ।
ਤਲੀਏ ਮਹਿੰਦੀ, ਝਾਂਜਰ ਡੁੱਬ ਗਈ,
ਦੇਵੇ ਕੌਣ ਦਿਲਾਸੇ ?

ਕਿਸੇ ਜੱਟ ਦੀਆ ਰੀਝਾਂ ਡੁੱਬੀਆਂ,
ਕਿਸੇ ਜੱਟੀ ਦੇ ਸੁਪਨੇ।
ਇਕ ਦੂਜੇ ਤੋਂ ਪੁੱਛਦੇ ਲੋਕੀਂ
ਇਹ ਪਾਣੀ ਕਦ ਰੁਕਣੇ।
'ਰਾਂਝਿਆਂ' ਦੇ ਹੱਥਾਂ ਵਿਚ ਯਾਰੋ
ਖਾਲੀ ਰਹਿਗੇ ਕਾਸੇ।

ਅੰਬਰੋਂ ਐਸੇ ਪਾਣੀ ਡੁੱਲ੍ਹੇ
ਜਲ, ਥਲ ਇਕੋ ਹੋਈ।
ਇਹਨਾਂ ਅੱਥਰੇ ਦਰਿਆਵਾਂ ਨੂੰ
ਕੀ ਸਮਝਾਵੇ ਕੋਈ।
ਪਸ਼ੂ-ਡੰਗਰ, ਘਰ-ਬਾਰ ਡੁੱਬ ਗਏ
ਵਿਲਕਣ ਗੀਤ ਉਦਾਸੇ।

**(ਸੰਨ 1993 'ਚ ਆਏ ਹੜ੍ਹ ਸਮੇਂ ਲਿਖੀ ਕਵਿਤਾ )**



# ਮੈਂ ਤਾਂ ਯਾਰੋ ਮੁਕ ਚੱਲਿਆ

ਮੈਂ ਤਾਂ ਯਾਰੋ ਮੁੱਕ ਚੱਲਿਆ
ਮੇਰੇ ਗੀਤ ਦਾ ਅੰਤ ਨਾ ਹੋਇਆ।

ਇਕ ਪੈੜ ਪਹੁੰਚਦੀ ਏ ਬਚਪਣ ਰਸਤੇ।
ਨਿੱਕੇ-ਨਿੱਕੇ ਕੰਧੇ ਸੀ ਤੇ ਵੱਡੇ-ਵੱਡੇ ਬਸਤੇ।
ਊੜੇ ਨਾਲ ਊਠ ਦੇਖ-ਦੇਖ ਦਿਲ ਮਸਤੇ।
ਫੱਟੀ 'ਤੇ ਪਾਉਣੇ ਅੱਖ਼ਰ ਸਿੱਖੇ,
ਬਾਅਦ ਵਿੱਚ ਦੁੱਖ ਜਿਨ੍ਹਾਂ 'ਚ ਪਰੋਇਆ।

ਇਕ ਪੈੜ, ਕਹਿੰਦੇ ਜੀਹਨੂੰ ਜੋਬਨੇ ਦੀ ਰੁੱਤ ਹੈ।
ਓਦੋਂ ਵੀ ਇਹ ਬੋਲਦੀ ਏ ਜਦੋਂ ਹੁੰਦੀ ਚੁੱਪ ਹੈ।
ਹਾਣੀ ਦੀ ਜੁਦਾਈ ਪੀਂਦੀ ਖ਼ੂਨ ਵਾਲੇ ਘੁੱਟ ਹੈ।
ਲੋਕਾਂ ਮੈਨੂੰ ਸ਼ਾਇਰ ਆਖਤਾ,
ਜਦੋਂ ਯਾਦ ਮੈਂ ਸੱਜਣ ਦੀ 'ਚ ਰੋਇਆ।

ਇਕ ਪੈੜ ਮਹਿੰਦੀ-ਰੰਗੀ, ਬਾਲੂ-ਰੇਤ ਤੇਜ਼ ਹੈ।
ਮੱਥੇ ਵਿਚ ਥੋਹਰ ਹੈ ਤੇ ਵਿਹੜੇ 'ਚ ਪੰਜ਼ੇਬ ਹੈ।
ਗਰਜ਼ਾਂ ਨੇ ਵੱਡੀਆਂ ਤੇ ਬੌਣੀ-ਬੌਣੀ ਜੇਬ੍ਹ ਹੈ।
ਇਹ ਦੌਰ ਇੰਜ ਬੀਤਦਾ,
ਕੰਢੇ ਲੱਗੇ ਜਿਵੇਂ ਹੜ੍ਹ ਦਾ ਡਬੋਇਆ।

ਮੇਰੇ ਖ਼ੂਨ ਵਿਚੋਂ ਇਕ ਨਸਲ ਵੀ ਤੁਰੀ ਹੈ।
ਜਿਵੇਂ ਕਿਸੇ ਕਲੀ 'ਚ ਖਭੋ ਕੇ ਰੱਖੀ ਛੁਰੀ ਹੈ।
ਕੋਈ ਕਹਿੰਦੀ ਚੰਗੀ ਹੈ ਤੇ ਕੋਈ ਕਹਿੰਦਾ ਬੁਰੀ ਹੈ।
ਕਦੇ-ਕਦੇ ਇੰਜ ਲੱਗਦਾ,
ਉਨ੍ਹੇ ਸੁਪਨਾ ਕੋਈ ਮਨ 'ਚ ਲਕੋਇਆ।

# ਇਸ ਤਰ੍ਹਾਂ ਹੈ ਮੇਰੀ ਜ਼ਿੰਦਗੀ

ਇਸ ਤਰ੍ਹਾਂ ਹੈ ਮੇਰੀ ਜ਼ਿੰਦਗੀ
ਖਾਲੀ-ਖਾਲੀ, ਭਰੀ-ਭਰੀ।
ਜਿਉਂ ਕਿਸੇ ਸੁੱਕੇ ਬਿਰਖ 'ਤੇ
ਇਕ ਅਧ ਟਾਹਣੀ ਹਰੀ-ਭਰੀ।

ਸੋਚਿਆ ਸੀ ਹਰ ਕਦਮ
ਕੋਈ ਰੁੱਤ ਮਹਿਕਦੀ ਮਿਲੂ।
ਕੀ ਪਤਾ ਸੀ ਇਸ ਤਰ੍ਹਾਂ
ਇਕ ਉਮਰ ਸਹਿਕਦੀ ਮਿਲੂ।
ਜੰਗਲ ਵਿੱਚ ਜਿਉਂ ਲੁਕਦੀ ਫਿਰਦੀ
ਹਿਰਨੀ ਕੋਈ ਡਰੀ-ਡਰੀ।

ਕੰਤ ਮਰੇ ਪਰ ਗਰਭਵਤੀ
ਔਰਤ ਜਿਉਂ ਹੋਵੇ ਕੋਈ।
ਇਸ ਤਰ੍ਹਾਂ ਮੈਂ ਸੀਨੇ ਅੰਦਰ
ਫਿਰਦਾਂ ਕੋਈ ਆਸ ਲਕੋਈ।
ਦਿਲ ਸਾਗਰ 'ਚ ਸੁਪਨ-ਮੁਰਗਾਬੀ
ਜਦ ਵੀ ਤਰੀ ਹੈ ਮਰੀ-ਮਰੀ।

ਇਕ ਰੁਮਾਲ, ਛੱਲਾ ਜਾਂ ਮੁੰਦਰੀ
ਜਾਂ ਲੁਕ-ਲੁਕ ਕੁੱਝ ਖ਼ਤ ਲਿਖੇ।
ਕਿਸੇ ਹੋਰ ਸੰਗ ਵਿਆਹੀ ਮਾਸ਼ੂਕਾ
ਦੇ ਜਿਉਂ ਕੋਈ ਸਾਂਭੀ ਫਿਰੇ।
ਤੇ ਚੇਤੇ ਵਿੱਚ ਵਿਲਕੇ ਕੋਈ
ਰਾਤ ਚਾਨਣੀ ਠਰੀ-ਠਰੀ।



# ਪਹਿਲੇ ਪਿਆਰ ਦਾ ਗੀਤ

ਖੌਰੇ ਕੀਹਨੇ-ਕੀਹਨੇ,
ਕੀਹਨੂੰ-ਕੀਹਨੂੰ,
ਕਿਹਾ ਹੋਏਗਾ।
ਕਈਆਂ ਦਿਲਾਂ 'ਚ ਯਾਦ ਬਣ ਰਿਹਾ ਹੋਏਗਾ।
ਤਾਂ ਵੀ ਨਵਾਂ ਨਵਾਂ ਲੱਗਦਾ ਹੈ ਯਾਰ!
ਜਦੋਂ ਤੂੰ ਮੈਨੂੰ ਕਹਿਣਾ ਏਂ,
ਮੈਂ ਤੈਨੂੰ ਕਰਦਾ ਹਾਂ ਪਿਆਰ।

ਝੱਲਿਆਂ ਦੇ ਵਾਂਗ ਇਕ ਦਿਨ 'ਚ ਕਈ ਵਾਰ ਵੇ!
ਵੰਗਾਂ ਤੋੜ-ਤੋੜ ਤੇਰਾ ਕੱਢਦੀ ਪਿਆਰ ਵੇ!
ਤੂੰ ਹੈਂ ਮੇਰਾ ਵੰਗਾਂ ਕਹਿਣ ਹਰ ਵਾਰ।

ਮਹਿੰਦੀ ਨਾਲ ਹੱਥਾਂ ਉੱਤੇ ਲਿਖਾਂ ਤੇਰਾ ਨਾਂ ਵੇ!
ਰੱਖਾਂ ਮੈਂ ਲਕੋ ਕੇ ਕਿਤੇ ਦੇਖ ਨਾ ਲਏ ਮਾਂ ਵੇ!
ਔਖਾ ਹੋਜੂ ਘਰੋਂ ਨਿਕਲਣਾ ਬਾਹਰ।

ਚਾਵਾਂ ਦੀਆਂ ਤੰਦਾਂ ਨਾਲ ਕੱਢਿਆ ਰੁਮਾਲ ਵੇ!
ਅਪਣਾ ਨਾਂ ਲਿਖ ਦਿੱਤਾ ਤੇਰੇ ਨਾਂ ਦੇ ਨਾਲ ਵੇ!
ਕੱਢੀ ਕੰਨੀ 'ਤੇ ਕਬੂਤਰਾਂ ਦੀ ਡਾਰ।

ਵੇਖੀਂ ਕਿਤੇ ਹਾਸੇ ਦੇ ਕੇ ਰੋਣਾ ਝੋਲੀ ਪਾਈਂ ਨਾ।
ਰਾਹੇ ਜਾਂਦਾ ਮਿਲਿਆ ਏਂ ਰਾਹੇ ਛੱਡ ਜਾਈਂ ਨਾ।
ਮੇਰੇ ਸੋਹਣਿਆਂ ਮੈਂ ਤੈਥੋਂ ਬਲਿਹਾਰ।

# ਗੁੰਮੇ ਵਰ੍ਹੇ ਦੀ ਭਾਲ

ਲੱਗਦਾ ਵੀਹਵੇਂ ਸਾਲ ਤੋਂ ਪਹਿਲਾ ਵਰ੍ਹਾ ਕੋਈ ਗੁੰਮਿਆਂ।
ਅੱਜ ਤਾਹੀਂ ਅੱਥਰੀ ਪ੍ਰੀਤ ਦਾ ਮੈਂ ਭੋਲਾ ਮੁੱਖੜਾ ਚੁੰਮਿਆਂ।

ਮੁਸ਼ਕ ਜਾਣ ਪਾਣੀ ਪਏ ਵਿਚ ਠੂਠੇ।
ਵਗਦੇ ਪਾਣੀ ਨਾ ਗੰਧਲੇ ਨਾ ਜੂਠੇ।
ਇਹ ਕੇਹਾ ਖ਼ਿਆਲ ਮਨ ਮੇਰੇ ਵਿਚ ਘੁੰਮਿਆਂ।
ਲੱਗਦਾ ਵੀਹਵੇਂ ਸਾਲ ਤੋਂ ਪਹਿਲਾ ਵਰ੍ਹਾ ਕੋਈ ਗੁੰਮਿਆਂ।
ਅੱਜ ਤਾਹੀਂ ਅੱਥਰੀ ਪ੍ਰੀਤ ਦਾ ਮੈਂ ਭੋਲਾ ਮੁੱਖੜਾ ਚੁੰਮਿਆਂ।

ਆ ਕੇਹਾ ਸੁਪਨਾ ਅੱਖਾਂ ਸਾਹਵੇਂ ਖੜ੍ਹਿਆ।
ਉਮਰ ਬਿਰਖ ਤੋਂ ਇਕ ਦਹਾਕਾ ਝੜਿਆ।
ਤਨ ਕਿਧਰੇ ਤੇ ਮਨ ਕਿਧਰੇ ਹੈ ਗੁੰਮਿਆਂ।
ਲੱਗਦਾ ਵੀਹਵੇਂ ਸਾਲ ਤੋਂ ਪਹਿਲਾ ਵਰ੍ਹਾ ਕੋਈ ਗੁੰਮਿਆਂ।
ਅੱਜ ਤਾਹੀਂ ਅੱਥਰੀ ਪ੍ਰੀਤ ਦਾ ਮੈਂ ਭੋਲਾ ਮੁੱਖੜਾ ਚੁੰਮਿਆਂ।

ਇਹ ਸ਼ਹਿਰ 'ਚ ਕੇਹੇ ਠੱਗ ਵਣਜਾਰੇ ਆਏ।
ਜਿਨ੍ਹਾਂ ਮੱਲੋ-ਮੱਲੀ ਮੋਹ ਦੇ ਗਜਰੇ ਪਾਏ।
ਤੇ ਮੇਰੇ ਸੋਗੀ ਗੀਤ ਦਾ ਮੱਥਾ ਚੁੰਮਿਆਂ।
ਲੱਗਦਾ ਵੀਹਵੇਂ ਸਾਲ ਤੋਂ ਪਹਿਲਾ ਵਰ੍ਹਾ ਕੋਈ ਗੁੰਮਿਆਂ।
ਅੱਜ ਤਾਹੀਂ ਅੱਥਰੀ ਪ੍ਰੀਤ ਦਾ ਮੈਂ ਭੋਲਾ ਮੁੱਖੜਾ ਚੁੰਮਿਆਂ।



# ਦਿਲ ਨੂੰ ਗੰਢ ਬੰਨ੍ਹਕੇ

ਦਿਲ ਨੂੰ ਗੰਢ ਬੰਨ੍ਹਕੇ ਬੈਠਣਾ ਮੁਸ਼ਕਲ ਬੜਾ ਸੀ।
ਤੇ ਇਕ ਟੁੱਟਦੇ ਘਰ ਦਾ ਸੁਪਨਾ ਵੀ ਸਾਹਵੇਂ ਖੜ੍ਹਾ ਸੀ।

ਇਕ ਉੱਡਦੇ ਪੰਛੀ ਦੇ ਖੰਭਾਂ ਦਿਲ 'ਤੇ ਪਿਆਰ ਲਿਖਿਆ।
ਮੈਂ ਉਸ ਨੂੰ ਮਿਟਾਉਣਾ ਚਾਹਾਂ ਜੋ ਬਾਰ-ਬਾਰ ਲਿਖਿਆ।
ਤਨ ਤੇ ਮਨ ਮੇਰਾ ਜਿਉਂ ਕੋਈ ਵਿਰੋਧੀ ਧੜਾ ਸੀ।
ਦਿਲ ਨੂੰ ਗੰਢ ਬੰਨ੍ਹਕੇ ਬੈਠਣਾ ਮੁਸ਼ਕਲ ਬੜਾ ਸੀ।
ਤੇ ਇਕ ਟੁੱਟਦੇ ਘਰ ਦਾ ਸੁਪਨਾ ਵੀ ਸਾਹਵੇਂ ਖੜ੍ਹਾ ਸੀ।

ਘਰ ਦਾ ਮੋਹ ਸੀ ਕਿ ਤੋੜਿਆਂ ਵੀ ਟੁੱਟਣਾ ਮੁਸ਼ਕਲ।
ਖਡੌਣਿਆਂ ਲਈ ਜ਼ਿਦ ਕਰਦੇ ਬੱਚੇ ਸੰਗ ਰੁੱਸਣਾ ਮੁਸ਼ਕਲ।
ਛਾਂ ਲਈ ਭਟਕਣ ਹੀ ਸੀ ਰੁੱਖ ਜਦ ਵਿਹੜੇ ਦਾ ਹਰਾ ਸੀ।
ਦਿਲ ਨੂੰ ਗੰਢ ਬੰਨ੍ਹਕੇ ਬੈਠਣਾ ਮੁਸ਼ਕਲ ਬੜਾ ਸੀ।
ਤੇ ਇਕ ਟੁੱਟਦੇ ਘਰ ਦਾ ਸੁਪਨਾ ਵੀ ਸਾਹਵੇਂ ਖੜ੍ਹਾ ਸੀ।

ਮੈਂ ਉਸਨੂੰ ਮਨ ਦੇ ਵਿਚੋਂ ਸ਼ਿੱਦਤ ਨਾਲ ਭੁਲਾ ਰਿਹਾ ਸੀ।
ਪਰ ਉਲਟਾ ਹੋਰ ਉਸਦੇ ਨੇੜੇ-ਨੇੜੇ ਜਾ ਰਿਹਾ ਸੀ।
ਮੇਰੀ ਦੁਬਿਧਾ ਦੇ ਵਿਚਕਾਰ ਕੁਈ ਖ਼ੈਬਰ ਦੱਰ੍ਹਾ ਸੀ।
ਦਿਲ ਨੂੰ ਗੰਢ ਬੰਨ੍ਹਕੇ ਬੈਠਣਾ ਮੁਸ਼ਕਲ ਬੜਾ ਸੀ।
ਤੇ ਇਕ ਟੁੱਟਦੇ ਘਰ ਦਾ ਸੁਪਨਾ ਵੀ ਸਾਹਵੇਂ ਖੜ੍ਹਾ ਸੀ।

# ਮਾਸੂਮ

ਕੇਹੀ ਲਿਖਾ ਕੇ ਕਿਸਮਤ ਲਿਆਈ ਹੈ ਇਹ ਮਾਸੂਮ ਕੁੜੀ।
ਖੂਹ ਤੋਂ ਪਾਣੀ ਭਰਨ ਗਈ ਅੱਖਾਂ ਵਿੱਚ ਅੱਥਰੂ ਭਰ ਮੁੜੀ।

ਪਹਿਲਾਂ ਅੱਥਰੂ ਏਸ ਕੁੜੀ ਦੀ ਅੱਖ ਵਿੱਚ ਉਦੋਂ ਭਰਿਆ।
ਵਿਹੜੇ ਉੱਗੀ ਧਰੇਕ ਦੇਖ ਜਦ ਬਾਬਲ ਹਉਕਾ ਭਰਿਆ।
ਮਿੱਠੀ ਗੁੜ੍ਹਤੀ ਦੀ ਥਾਂ ਜੱਗ ਸੀ ਦੇਵਣ ਆਇਆ ਜ਼ਹਿਰ ਪੁੜੀ।

ਦੂਜੀ ਅੱਥਰੂ ਇਸ ਦੀ ਅੱਖ ਵਿਚ ਨਿਰਧਨਤਾ ਨੇ ਭਰਿਆ।
ਸਿਸਕੀਆਂ ਭਰ-ਭਰ ਸਧਰਾਂ ਮੋਈਆਂ ਹਰ ਚਾਅ ਡਰਿਆ-ਡਰਿਆ।
ਮੱਥੇ ਦੀ ਮੰਮਟੀ ਤੇ ਯਾਨੀ ਗਿਰਝਾਂ ਦੀ ਆ ਡਾਰ ਜੁੜੀ।

ਤੀਜਾ ਅੱਥਰੂ ਇਸ ਦੀ ਅੱਖ ਵਿੱਚ ਪਾਵੇ ਬਾਤ ਕੁਸੈਲੀ।
ਇਸ ਦੀ ਅੱਖ ਲਿਸ਼ਕਾਰੇ ਮਾਰੇ ਜੱਗ ਦੀ ਅੱਖ ਸੀ ਮੈਲੀ।
ਨਾਲ-ਨਾਲ ਤੁਰੀ ਗੰਧਲੀ ਚਰਚਾ ਜਿਹੜੇ ਪਾਸੇ ਇਹ ਤੁਰੀ।

ਚੌਥਾ ਅੱਥਰੂ ਇਸ ਦੀ ਅੱਖ ਵਿਚ ਹੜ੍ਹ ਬਣ ਕੇ ਬਸ ਆਇਆ।
ਰੂਪ ਦੇ ਲੋਭੀ ਲੁੱਟ ਕੇ ਲੈ ਗੇ ਹੁਸਨਾਂ ਦਾ ਸਰਮਾਇਆ।
ਬੁਰਾ ਜ਼ਮਾਨਾ, ਬਲਹੀਨਾ ਸੰਗ, ਬਦ ਕਰਦੇ ਨੇ ਬਾਤ ਬੁਰੀ।



# ਉਹ ਜਦ ਵੀ

ਉਹ ਜਦ ਵੀ ਮੇਰੇ ਸ਼ਹਿਰ ਆਉਂਦੀ ਹੈ।
ਯਾਦ ਬੀਤੀ ਦੁਪਹਿਰ ਆਉਂਦੀ ਹੈ।

ਯਾਦ ਆਉਂਦੀ ਹੈ ਮੈਂ ਵੀ ਸਾਂ ਹੱਸਦਾ ਕਦੀ।
ਇਸ ਨਗਰੀ 'ਚ ਮੈਂ ਵੀ ਸਾਂ ਵਸਦਾ ਕਦੀ।
ਕੋਈ ਵੇਲਾ ਸੀ ਉਸਨੂੰ ਸਾਂ ਕਹਿੰਦਾ ਹੁੰਦਾ,
ਤੇਰੇ ਅਇਆਂ ਸਵੇਰ ਆਉਂਦੀ ਹੈ।
ਉਹ ਜਦ ਵੀ ਮੇਰੇ ਸ਼ਹਿਰ ਆਉਂਦੀ ਹੈ।
ਯਾਦ ਬੀਤੀ ਦੁਪਹਿਰ ਆਉਂਦੀ ਹੈ।

ਚੇਤਾ ਆਉਂਦਾ ਏ ਪਹਿਲੀ ਮੁਲਾਕਾਤ ਦਾ।
ਕਿੰਨਾ ਸੋਹਣਾ ਸੀ ਮੌਸਮ ਬਰਸਾਤ ਦਾ।
ਉਹ ਖ਼ਾਬਾ ਦੀ ਸਤਰੰਗੀ-ਪੀਂਘ ਸੁਹਾਵੀਂ,
ਰੁੱਤਾਂ ਆਈਆਂ ਨਾ ਫੇਰ ਆਉਂਦੀ ਹੈ।
ਉਹ ਜਦ ਵੀ ਮੇਰੇ ਸ਼ਹਿਰ ਆਉਂਦੀ ਹੈ।
ਯਾਦ ਬੀਤੀ ਦੁਪਹਿਰ ਆਉਂਦੀ ਹੈ।

ਕੋਲੋਂ ਲੰਘੇ ਤਾਂ ਲੱਗਦਾ ਹੈ ਇਸ ਤਰ੍ਹਾਂ।
ਮੈਨੂੰ ਕਹਿਕੇ ਉਹ ਲੰਘਦੀ ਹੈ ਜਿਸ ਤਰ੍ਹਾਂ।
ਮੈਂ ਤਾਂ ਆ ਗੀ ਹਾਂ 'ਧਰਮ' ਤੇਰੀ ਮੌਤ ਵੀ,
ਮੇਰੇ ਪਿੱਛੇ ਤੂੰ ਠਹਿਰ ਆਉਂਦੀ ਹੈ।
ਉਹ ਜਦ ਵੀ ਮੇਰੇ ਸ਼ਹਿਰ ਆਉਂਦੀ ਹੈ।
ਯਾਦ ਬੀਤੀ ਦੁਪਹਿਰ ਆਉਂਦੀ ਹੈ।

# ਰੰਗ-ਬੇ-ਰੰਗ

ਮੇਰੇ ਸੋਗੀ ਚਿਹਰੇ ਦੇ
ਕੋਈ ਰੰਗ ਮੇਚ ਨਾ ਆਏ,
ਹੋਲੀ ਖੇਡਦੀਓ ਸਖੀਓ!
ਨਾ ਰੰਗ ਮੇਰੇ 'ਤੇ ਪਾਓ ਨੀ!!

ਸੁੱਕੇ ਪਿੱਪਲ ਦੇ ਟਾਹਣਾਂ 'ਤੇ
ਨਾ ਝੂਟੋ ਨੀ! ਪੀਘਾਂ,
ਔਂਤਰਿਆਂ ਦੇ ਵਿਹੜੇ ਝੱਲੀਓ!
ਨਾ ਕੋਈ ਲੋਰੀ ਗਾਓ ਨੀ!!

ਮੈਂ ਬਿਰਣ ਉਦ੍ਹੀ ਯਾਦ ਦੇ ਅੰਦਰ
ਕੇਰ ਲਵਾਂ ਦੋ ਹੰਝੂ,
ਭਾਗਾਂ ਵਾਲੀਓ! ਜਾਹੋ ਆਪਣੇ
ਸੱਜਣਾਂ 'ਤੇ ਰੰਗ ਪਾਓ ਨੀ!!

ਗੁੱਸਾ ਨਾ ਕਰੋ, ਮੈਂ ਨਾ ਵਰਜਾਂ,
ਜੇ ਮੇਰੇ 'ਤੇ ਪਾਉਣਾ,
ਵਿਛੜੇ ਸੱਜਣ ਦੇ ਰੰਗ ਵਰਗਾ
ਰੰਗ ਕਿਧਰੋਂ ਲੈ ਆਓ ਨੀ!!



# ਇਕ ਝੱਲ

ਦਿਲ ਅੰਦਰ ਇਕ ਝੱਲ ਸਮਾਇਆ ਬੈਠਾ ਹੈ।
ਕਿ ਮੇਰੇ ਹੱਥ 'ਤੇ ਤੇਰੇ ਨਾਂ ਦੀ ਰੇਖਾ ਹੈ।

ਤੂੰ ਮੇਰੇ ਹਾਣਦੀ ਹੈ, ਮੈਂ ਤੇਰੇ ਹਾਣਦਾ ਹਾਂ।
ਤੇ ਤੇਰੇ ਗ਼ੈਰ ਹੋਣ ਬਾਰੇ ਵਿਚ ਵੀ ਜਾਣਦਾ ਹਾਂ।
ਮੈਂ ਫਿਰ ਕਿਉਂ ਤੇਰੇ ਵਿਚੋਂ ਅਪਣੇ ਨਕਸ਼ ਪਛਾਣਦਾ ਹਾਂ।
ਬੜਾ ਸਮਝਾਇਆ ਹੈ ਦਿਲ ਨੂੰ, ਇਹ ਇਕ ਵੀ ਸਮਝਦਾ ਨਾਹੀਂ,
ਇਹ ਚੰਦਰਾ ਬੱਚਿਆਂ ਵਾਲੀ ਜ਼ਿਦ 'ਤੇ ਆਇਆ ਬੈਠਾ ਹੈ।

ਤੂੰ ਛਾਂ ਉੱਡਦੇ ਪਰਿੰਦੇ ਦੀ, ਮੈਂ ਫੜ੍ਹਨਾ ਲੋਚਦਾ ਹਾਂ।
ਤੇ ਕਈ ਵਾਰ ਅਪਣੇ ਆਪ ਨੂੰ ਹੀ ਕੋਸਦਾ ਹਾਂ।
ਤੇਰੇ ਨੈਣਾਂ 'ਚ ਤੱਕਕੇ ਮੈਂ ਭਲਾਂ ਕੀ ਸੋਚਦਾ ਹਾਂ?
ਬੜਾ ਕੀਤਾ ਸਬਰ, ਹੁਣ ਸਬਰ ਵੀ ਹੁੰਦਾ ਨਹੀਂ,
ਘੜਾ ਸਬਰਾਂ ਦਾ ਹੁਣ ਉਛਲਣ 'ਤੇ ਆਇਆ ਬੈਠਾ ਹੈ।

ਕਈ ਕੁੱਝ ਆਏਗਾ ਚੇਤੇ, ਜਦੋਂ ਤੇਰਾ ਚੇਤਾ ਆਏਗਾ।
ਮੈਂ ਫੁੱਲ ਹਾਂ ਪੋਹਲੀ ਦਾ ਹਾਰਾਂ 'ਚ ਮੈਨੂੰ ਕੌਣ ਗੁੰਦਾਏਗਾ।
ਤੇ ਅੱਕ ਦੀ ਕੁਕੜੀ ਨੂੰ ਅੰਬੀ ਸਮਝਕੇ ਕੌਣ ਖਾਏਗਾ।
ਤੇਰੇ ਵਿਯੋਗ ਵਿੱਚ ਹੁਣ ਤੱਕ ਤਾਂ ਰੋਅ ਪੈਣਾ ਸੀ 'ਧਰਮ' ਨੇ,
ਚੁੱਪ ਹੈ ਪਤਾ ਨਹੀਂ ਕਿਸ ਦਾ ਵਰਾਇਆ ਬੈਠਾ ਹੈ।

# ਓਹਲੇ ਹੋਵੇਂ ਅੱਖੀਆਂ ਤੋਂ

ਪੁੱਛਦੀ ਏਂ ਤੂੰ ਮੈਨੂੰ,
ਕਰਾਂ ਕਿੰਨਾ ਪਿਆਰ ਤੈਨੂੰ ?
ਗੱਲ ਇਕੋ ਨੁਕਤੇ 'ਤੇ ਮੁੱਕ ਜਾਵੇ।
ਤੂੰ ਓਹਲੇ ਹੋਵੇਂ ਅੱਖੀਆਂ ਤੋਂ,
ਝੱਲੇ ਦਿਲ ਨੂੰ ਚੈਨ ਨਾ ਆਵੇ।

ਕਾਲੀ ਛਿਟੀ ਦੀ ਕਪਾਹ ਦੇ ਵਾਂਗੂੰ ਵਧ ਕੇ
ਤੂੰ ਦਿਨਾਂ 'ਚ ਜਵਾਨ ਹੋ ਗਈ।
ਨੀ ਤੂੰ ਗੁੱਡੀਆਂ ਪਟੋਲ੍ਹਿਆਂ ਨਾ ਖੇਡਦੀ
ਹਏ! ਬੱਲੀਏ ਰਕਾਨ ਹੋ ਗਈ।
ਤੂੰ ਸੱਪ ਵਾਂਗੂੰ ਤੁਰੇਂ ਮਿਹਲ ਕੇ, ਤੇਰੀ ਝਾਲ ਝੱਲੀ ਨਾ ਜਾਵੇ।

ਕੂਲੇ ਅੰਗ ਨੀ ਦਹੀਂ ਦੇ ਫੁੱਟ ਵਰਗੇ
ਤੂੰ ਨਿਰੀਂ ਏਂ ਦੁਹਾਈ ਹੀਰੀਏ!
ਇਹੇ ਗੋਰਾ ਰੰਗ ਕਿਹੜੇ ਤੂੰ ਲਲਾਰੀ ਤੋਂ
ਰੰਗਾ ਕੇ ਹੈਂ ਲਿਆਈਂ ਹੀਰੀਏ!
ਤੂੰ ਅੰਬਰਾਂ 'ਤੇ ਉੱਡਦੀ ਫਿਰੇਂ, ਤੈਨੂੰ ਧਰਤੀ ਨਜ਼ਰ ਨ ਆਵੇ।

ਤੇਰੇ ਬੋਲ ਯਾਨੀ ਸ਼ਹਿਦ ਦੀ ਕਟੋਰੀ
ਮੈਂ ਡੀਕ ਲਾ ਕੇ ਪੀਣ ਨੂੰ ਫਿਰਾਂ!
ਤੇਰੇ ਭੋਲਿਆਂ ਨੈਣਾਂ ਦੇ ਵਿਚ ਝਾਕ ਕੇ
ਮੈਂ ਕੁੱਝ ਪਲ ਜੀਣ ਨੂੰ ਫਿਰਾਂ!
ਨੀ ਵੇਖੀਂ ਕਿਤੇ ਦਿਲ ਤੋੜਦੇਂ, ਮਰ ਜਾਊਗਾ 'ਧਰਮ' ਤੇਰੇ ਹਾਵੇ।



# ਤੇਰੀ ਮੇਰੀ ਗੱਲ ਬਣਜੇ

ਮੇਰੇ ਸੀਨੇ ਵਿਚ ਉੱਠਦੇ ਹੋਏ ਭਾਂਬੜਾ ਦਾ ਸੋਹਣੀਏ ਨੀ! ਹੱਲ ਬਣਜੇ।
ਨੀ ਮੈਂ ਰੱਬ ਤੋਂ ਹੋਰ ਕੀ ਮੰਗਣਾ ਜੇ ਤੇਰੀ ਮੇਰੀ ਗੱਲ ਬਣਜੇ।

ਤੈਨੂੰ ਤੱਕਿਆ ਤਾਂ ਤੱਕਦਾ ਹੀ ਰਹਿ ਗਿਆ ਨਜ਼ਰ ਮੇਰੀ ਖੜ੍ਹੀ ਰਹਿ ਗਈ।
ਰੁੱਤ ਰੰਗਲੀ ਮੁਹੱਬਤਾਂ ਦੀ ਆਈ ਨੀ! ਕੰਨ 'ਚ ਜਵਾਨੀ ਕਹਿ ਗਈ।
ਜੇ ਅੱਜ ਨਈਂ ਕਹਾਣੀ ਸਿਰੇ ਚੜ੍ਹਦੀ ਤਾਂ ਰੱਬ ਕਰੇ ਕੱਲ੍ਹ ਬਣਜੇ।
ਨੀ ਮੈਂ ਰੱਬ ਤੋਂ .............

ਜਿਵੇਂ ਸੱਜਰਾ ਗੁਲਾਬ ਹੋਏ ਖਿੜਿਆ ਨੀ! ਇੰਜ ਤੇਰਾ ਰੂਪ ਮਹਿਕਦਾ।
ਬਣ ਸੁਪਨਾ ਬਰੂਹਾਂ ਉਤੇ ਖੜ੍ਹ ਗੀ ਨੀ ਰਹਿੰਦਾ ਝੱਲਾ ਦਿਲ ਸਹਿਕਦਾ।
ਤੈਨੂੰ ਆਪਣਾ ਬਣਾਉਣਾ ਕਿਤੇ ਗੋਰੀਏ ਨਾ ਉਮਰਾਂ ਦਾ ਝੱਲ ਬਣਜੇ।
ਨੀ ਮੈਂ ਰੱਬ ਤੋਂ .............

ਚੈਨ ਦਿਨਾਂ ਦਾ ਤੂੰ ਮੇਰੇ ਕੋਲੋਂ ਖੋਹ ਲਿਆ ਨੀ! ਰਾਤਾਂ ਵਾਲੀ ਨੀਂਦ ਲੁੱਟ ਲਈ।
ਮੇਰੇ ਮਨ 'ਚ ਸੰਧੂਰੀ ਰੰਗ ਬੀਜ ਕੇ ਨੀ! ਸਤਰੰਗੀ-ਪੀਂਘ ਲੁੱਟ ਲਈ।
ਵੈਰੀ ਪਿਆਰ ਦਾ ਨਾ ਕੋਈ ਸਾਡੇ ਰਾਹਾ ਵਿਚ ਤੁੰਮਿਆਂ ਦੀ ਵੱਲ ਬਣਜੇ।
ਨੀ ਮੈਂ ਰੱਬ ਤੋਂ .............

ਜਾਣ ਵਾਲੀਏ ਤੂੰ ਜਾਂਦੀ ਜਾਂਦੀ ਸੁਣਜਾ ਨੀ! ਜਾਨ ਹੈਂ ਤੂੰ ਕੰਮੇਆਣੇ ਦੀ।
ਜਿੰਦ ਤੇਰੀਆਂ ਮੁਹੱਬਤਾਂ ਤੋਂ ਵਾਰਨੀ ਨੀ! ਜ਼ਿਦ ਹੈ ਇਹ ਮਰਜਾਣੇ ਦੀ।
ਕਿਤੇ ਤੇਰੀਆਂ ਪ੍ਰੀਤਾਂ ਵਿਚ ਸਾਡੀ ਨੀ! ਮਜਨੂੰ ਨਾ ਅੱਲ ਬਣਜੇ।
ਨੀ ਮੈਂ ਰੱਬ ਤੋਂ .............

# ਭੋਲੀ ਉਮਰਾ

ਭੋਲੀ ਉਮਰਾ ਦੇ ਵਿਚ ਭੁੱਲ ਹੋਈ
ਨੀ ਮੇਲ ਲਈ ਮੈਂ ਅੱਖ ਭੁੱਲ ਗਈ।
ਦਿਲਜਾਨੀ ਨੂੰ ਮੈਂ ਦਿਲ 'ਚ ਵਸਾ ਕੇ
ਨੀ ਚਾਬੀ ਕਿਤੇ ਰੱਖ ਭੁੱਲ ਗਈ।

ਉਹਦੀ ਮੇਲਿਆਂ ਮੁਸ਼ਾਇਰਿਆਂ ਤੇ ਚਰਚਾ ਛਿੜੇ ਨੀ!
ਝੱਲੀ ਜਾਵੇ ਉਹਦੇ ਮੁੱਖੜੇ ਦੀ ਝਾਲ ਨਾ।
ਨੀ! ਮੈਂ ਝੱਲੀ ਹੋ ਗੀ ਝੱਲਿਆਂ ਦੇ ਵਾਂਗ ਉਹਨੂੰ ਤੱਕਾਂ
ਝੱਲੇ ਜੱਗ ਦਾ ਰਤਾ ਵੀ ਰਵ੍ਹੇ ਖਿਆਲ ਨਾ।
ਉਹਦਾ ਡੁੱਲ-ਡੁੱਲ ਪੈਂਦਾ ਰੂਪ ਤੱਕ ਕੇ
ਨੀ! ਉਹਦੇ ਉੱਤੇ ਮੈਂ ਡੁੱਲ ਗਈ।
ਭੋਲੀ ਉਮਰਾ .............

ਐਵੇਂ ਆਕੜਾਂ ਦਾ ਪੱਟਿਆ ਨੀ! ਆਕੜਾ ਵਿਖਾਵੇ
ਖੁਸ਼ ਹੁੰਦਾ ਮੇਰੀ ਜਿੰਦ ਤੜਫਾ ਕੇ ਨੀ!
ਦੂਰੋਂ ਆਵੇ ਟੁੱਟ ਪੈਣਾ ਰੋਹੀ ਦੇ ਮਿਰਗ ਵਾਂਗੂੰ
ਕੋਲ ਆ ਕੇ ਲੰਘੇ ਨੀਵੀਂ ਪਾ ਕੇ ਨੀ!
ਉਹਦੀ ਹਾਂ ਨੂੰ ਉਡੀਕਦਿਆਂ ਸਬਰਾ ਦੇ
ਨੈਣਾਂ ਵਿਚ ਸਰ੍ਹੋਂ ਫੁੱਲ ਗਈ।
ਭੋਲੀ ਉਮਰਾ .............

ਉਹਦੇ ਮਿੱਠੇ ਜਿਹੇ ਹਾਸੇ ਨੇ ਨੀ! ਮੋਹ ਲਿਆ ਮੈਨੂੰ
ਸੱਚੀਂ ਸੱਚੀ ਗੱਲ ਸੱਚ ਤੋਂ ਕੀ ਸੰਗਣਾ।
ਰੱਬ ਕਰੇ ਉਹ ਮੇਰਾ ਬਣਜੇ ਸਹੇਲੀਓ ਨੀ!
ਰੱਬ ਤੋਂ ਮੈਂ ਹੋਰ ਕੀ ਹੈ ਮੰਗਣਾ।
ਕੋਈ ਕਹੋ 'ਕੰਮੇਆਣੇ' ਤਾਈਂ ਜਾ ਕੇ
ਵੇ! ਤੇਰੇ ਰਾਹੀਂ ਉਹ ਰੁਲ ਗਈ।
ਭੋਲੀ ਉਮਰਾ .............



# ਹੀਰ

ਕੁੜੀਆਂ ਵੇਖਣ ਆਈਆਂ ਲਾੜੀ ਬਣੀ ਹੀਰ ਨੂੰ,
ਮਿੱਠੀ ਨੈਣ ਨੇ ਉਹ ਪਰੀਆਂ ਵਾਂਗ ਸ਼ਿੰਗਾਰੀ।

ਵਟਣਾ ਮਲਿਆ ਤਾਂ ਰੰਗ ਲਾਲ ਸੰਧੂਰੀ ਹੋ ਗਿਆ,
ਖਿੜੇ ਗੁਲਾਬਾਂ ਵਰਗੀ ਰੂਪ ਦੀ ਪਟਾਰੀ।

ਡਾਕ-ਬੰਗਲਾ ਬਣਾ ਤਾਂ ਸਿਰ 'ਤੇ ਗੁੰਦ ਕੇ ਮੀਢੀਆਂ,
ਉੱਤੇ ਸੋਂਹਦੀ ਪਈ ਹੈ ਘਰ ਦੀ ਕੱਢੀ ਫੁਲਕਾਰੀ।

ਇਕ ਤਾਂ ਪਹਿਲਾਂ ਹੀ ਨੈਣਾਂ ਵਿਚ ਮਸਤੀ ਲੋਹੜੇ ਦੀ,
ਦੂਜਾ ਪਾਇਆ ਸੁਰਮਾ ਖਿੱਚ ਕੇ ਲੰਮੀ ਧਾਰੀ।

ਮੱਥੇ ਟਿੱਕਾ, ਗਲ ਵਿਚ ਹਾਰ-ਹਮੇਲਾਂ ਸ਼ੋਭਦੇ,
ਕੰਨੀ ਕਾਂਟੇ, ਸਿਰ ਤੇ ਸੱਗੀ ਸ਼ਗਨਾਂ ਹਾਰੀ।

ਉਂਗਲਾਂ ਦੇ ਵਿਚ ਛਾਪਾਂ-ਛੱਲੇ, ਪੈਰੀਂ ਝਾਜਰਾਂ,
ਬਾਹੀਂ ਚੂੜਾ, ਰੰਗ ਦਾ ਗੂਹੜਾ ਲਾਲ ਅਨਾਰੀ।

ਨੱਕ ਦੀ ਨੱਥ ਦੇ ਮੋਤੀ ਤਾਰਿਆਂ ਵਾਂਗੂੰ ਚਮਕਦੇ,
ਬੰਨ੍ਹੇ ਗੁੱਟਾਂ ਉੱਤੇ ਕਲੀਰੇ ਜੜਤਾਂ ਭਾਰੀ।

ਕੁੜੀਆਂ ਕਹਿੰਦੀਆਂ ਵੇਖਿਆਂ ਲੱਥਦੀ ਏ ਭੁੱਖ ਹੀਰ ਨੂੰ,
ਤਾਹੀਂ ਤਾਂ ਲੱਗਦੀ ਏ ਸਭ ਤਾਈਂ ਏਨੀ ਪਿਆਰੀ।

ਲੋਕੋ! ਹੀਰ ਨਿਮਾਣੀ ਕਿੰਜ ਸਮਝਾਵੇ ਕੁੜੀਆਂ ਨੂੰ,
ਸੂਹੀ ਫੁਲਕਾਰੀ ਵਿਚ ਧੁਖਦੀ ਪਈ ਚੰਗਿਆੜੀ।

'ਕੰਮੇਆਣਾ' ਰਾਂਝੇ ਬਾਝੋਂ ਹੀਰ ਕੁਮਲਾਅ ਜਾਣੀ,
ਹਰਿਆਂ ਬਿਰਖਾਂ ਦੇ ਮੁੱਢ ਫੇਰ ਦਿੱਤੀ ਜਿਉਂ ਆਰੀ।

# ਜਰਨੈਲੋ

ਭੁੱਲ ਕੇ ਚੇਤਾ ਨਹੀਂ ਭੁਲਾਉਣਾ ਹੈ ਜਰਨੈਲੋ ਦਾ।
ਸੱਜੀ ਬਾਂਹ ਤੇ ਨਾਂ ਖੁਣਵਾਉਣਾ ਹੈ ਜਰਨੈਲੋ ਦਾ।

ਮੇਲੇ ਜਾ ਕੇ ਰਲ ਮਿਲ ਸਾਰੇ ਮੌਜ ਮਨਾਵਾਂਗੇ।
ਪਿੱਛੋਂ ਘੋਲ-ਕਬੱਡੀ ਪਹਿਲਾਂ ਲੱਡੂ ਖਾਵਾਂਗੇ।
ਚੂੜੀਆਂ ਨਾਲ ਪਰਾਂਦਾ ਲਿਆਉਣਾ ਹੈ ਜਰਨੈਲੋ ਦਾ।
ਭੁੱਲ ਕੇ ਚੇਤਾ .............

ਲੋਕਾਂ ਭਾਣੇ ਇਕ ਕੁੜੀ ਉਹ ਲਾਟ ਜਹੀ ਅੱਗ ਦੀ।
ਸਾਨੂੰ ਤਾਂ ਜਰਨੈਲੋ ਸਾਰੀ ਦੁਨੀਆ ਹੈ ਲੱਗਦੀ।
ਮੋਰਾਕੀਨ ਦਾ ਸੂਟ ਸਵਾਉਣਾ ਹੈ ਜਰਨੈਲੋ ਦਾ।
ਭੁੱਲ ਕੇ ਚੇਤਾ .............

ਲੋਕੀਂ ਕਹਿੰਦੇ ਸਭ ਤੋਂ ਜਾਨ ਪਿਆਰੀ ਹੁੰਦੀ ਹੈ।
ਸਾਨੂੰ ਤਾਂ ਪਰ ਜਿੰਦ ਤੋਂ ਪਿਆਰੀ ਯਾਰੀ ਹੁੰਦੀ ਹੈ।
ਚਿਹਰਾ ਪਰੀਆਂ ਵਾਂਗ ਸਜਾਉਣਾ ਹੈ ਜਰਨੈਲੋ ਦਾ।
ਭੁੱਲ ਕੇ ਚੇਤਾ .............

ਮਿਸ਼ਰੀ ਵਰਗੇ ਬੋਲ ਬੋਲ ਕੇ ਜਦੋਂ ਬਲਾਉਂਦੀ ਹੈ।
'ਕੰਮੇਆਣਾ' ਇੰਜ ਜਾਪੇ ਕੋਇਲ ਅੰਬਾਂ 'ਤੇ ਗਾਉਂਦੀ ਹੈ।
ਪਿੰਡ ਵਿਚ ਹੈ ਮਸ਼ਹੂਰ ਬੜਾ ਗਾਉਣਾ ਜਰਨੈਲੋ ਦਾ।
ਭੁੱਲ ਕੇ ਚੇਤਾ .............



# ਦਿਲ ਮੇਰਾ

ਹੋਰ ਤਾਂ ਨਹੀਓਂ ਕੋਈ ਗੱਲ ਸਜਣਾ!
ਬਸ ਤੇਰੇ ਬਿਨਾ ਦਿਲ ਮੇਰਾ ਨਹੀਓਂ ਲਗਣਾ।

ਹੁਣ ਜਾਪੇ ਤੁਰਦੇ ਜਿਉਂ ਫੁੱਲਾਂ ਦੇ ਸਫ਼ਰ 'ਤੇ।
ਤੇਰੇ ਪਿੱਛੇ ਜਾਪੂ ਬੈਠੇ ਹੋਏ ਹਾਂ ਸੱਥਰ 'ਤੇ।
ਅੰਬਰਾਂ 'ਤੇ ਸੂਰਜ ਤਾਂ ਉਵੇਂ ਉੱਗਣਾ।
ਹੋਰ ਤਾਂ ਨਹੀਓਂ .............

ਤੇਰੇ ਨਾਲ ਜ਼ਿੰਦਗੀ ਹੈ ਹਾਸੇ ਵਰਗੀ।
ਪਿੱਛੋਂ ਰਹਿਜੂ ਭੁਰ ਗਏ ਪਤਾਸੇ ਵਰਗੀ।
ਰੋਂਦਿਆਂ ਦਾ ਮੁੱਖ ਕਿਸੇ ਵੀ ਨਾ ਕਜਣਾ।
ਹੋਰ ਤਾਂ ਨਹੀਓਂ .............

ਯਾਰਾਂ ਨਾਲ ਦੁਨੀਆਂ ਦੇ ਮੇਲੇ ਫੱਬਦੇ।
ਚੰਦ, ਤਾਰੇ, ਧਰਤੀ, ਆਕਾਸ਼ ਸੱਜਦੇ।
ਭੁੱਲ ਜਾਣਾ ਸਾਰਾ ਸਜਨਾ ਤੇ ਫਬਣਾ।
ਹੋਰ ਤਾਂ ਨਹੀਓਂ .............

ਰੱਖ ਲੈ ਤੂੰ ਮਾਣ ਇਸ ਮਰਜਾਣੀ ਦਾ।
'ਕੰਮੇਆਣਾ' ਦਿਲ ਤੋੜੀਂ ਨਾ ਨਿਮਾਣੀ ਦਾ।
ਦੇਹਲੀਆਂ 'ਤੇ ਦੀਵਿਆਂ ਨੂੰ ਭੁੱਲੂ ਜਗਣਾ।
ਹੋਰ ਤਾਂ ਨਹੀਓਂ .............

# ਪਰਸ ਘੁੰਗਰੂਆਂ ਵਾਲਾ

ਤੇਰਾ ਪਰਸ ਘੁੰਗਰੂਆਂ ਵਾਲਾ
ਲੰਘਦਾ ਆਵਾਜ਼ਾਂ ਮਾਰ ਕੇ।

ਘੁੰਗਰੂ ਦੀ ਛਣ-ਛਣ ਪਾਉਂਦੀ ਏ ਬੁਝਾਰਤਾਂ।
ਗਾਉਂਦੀਆਂ ਅੱਖਾਂ ਦੇ ਵਿਚ ਗੁੱਝੀਆਂ ਸ਼ਰਾਰਤਾਂ।
ਸਾਨੂੰ ਦਿੱਲੀ ਦਾ ਤਖ਼ਤ ਲੱਗੇ ਜਿੱਤਿਆ
ਨੀ ਤੇਰੇ ਕੋਲੋਂ ਦਿਲ ਹਾਰ ਕੇ।

ਗੁੰਦਵਾਂ ਬਦਨ ਤੇਰਾ ਚੰਦਨ ਦੀ ਗੇਲੀਏ।
ਭਰਦੇ ਹਵਾਵਾਂ ਵਿਚ ਮਹਿਕਾਂ ਨੀ ਚੰਬੇਲੀਏ।
ਸੱਤੇ ਦੀਪ ਮੇਰੀ ਝੋਲੀ ਵਿਚ ਪੈ ਗੇ
ਤੇਰੇ ਤੋਂ ਇਕ ਜੱਗ ਵਾਰ ਕੇ।

ਤੇਰੇ ਮਿੱਠੇ ਬੋਲ ਬਿੱਲੋ ਸ਼ਹਿਦ ਦੀ ਕਟੋਰੀ ਏ।
ਰੂਹ ਦੀ ਸਲੇਟ ਵੀ ਚਲਾਕੀਆਂ ਤੋਂ ਕੋਰੀ ਏ।
ਤੇਰਾ ਭੋਲਾਪਣ ਅੱਖਾਂ ਦਿਆਂ ਪਾਣੀਆਂ 'ਚ
ਲੰਘ ਜਾਂਦਾ ਮੋਹ ਤਾਰ ਕੇ।

ਸਾਹਾਂ ਵਿਚ ਵਸਤੀ ਏਂ ਤੂੰ 'ਕੰਮੇਆਣੇ' ਦੇ।
ਤੈਨੂੰ ਵੇਖ ਸੁੱਤੇ ਗੀਤ ਜਾਗੇ ਮਰਜਾਣੇ ਦੇ।
ਮੇਰੀ ਜ਼ਿੰਦਗੀ ਦੇ ਵਿਚ ਹੈਂ ਤੂੰ ਆਈ
ਨੀ ਖੁਸ਼ੀਆਂ ਦਾ ਰੂਪ ਧਾਰ ਕੇ।



# ਸੁਰਮਾ

ਸੁਰਮਾ ਵਿਚਾਰਾ ਤਾਂ ਹੈ ਕਾਲੀ ਜਹੀ ਚੀਜ਼
ਜਦੋਂ ਤੇਰੀਆਂ ਅੱਖਾਂ ਦੇ ਵਿਚ ਪੈ ਗਿਆ
ਨੀ! ਸੁਰਮੇ ਦੀ ਟੌਹਰ ਬਣ ਗਈ .............

ਤੇਰਾ ਗੋਰਾ ਰੰਗ ਜਿਵੇਂ ਪੁੰਨਿਆਂ ਦਾ ਚੰਦ,
ਉੱਤੋਂ ਸੁਰਮੇ ਦੀ ਧਾਰੀ ਜਿਵੇਂ ਚਰਖੇ ਦੀ ਤੰਦ,
ਜੀਹਨੇ ਤੱਕਿਆ ਉਹ ਤੱਕਦਾ ਈ ਰਹਿ ਗਿਆ
ਨੀ! ਸੁਰਮੇ ਦੀ ਟੌਹਰ ਬਣ ਗਈ .............

ਤੇਰੇ ਕੋਲੇ ਕਿਹੜਾ ਹੈ ਸੁਹੱਪਣਾਂ ਦੀ ਥੋੜ ਨੀ!
ਸੋਹਣਿਆਂ ਨੂੰ ਹੁੰਦੀ ਕਿਹੜੇ ਗਹਿਣਿਆਂ ਦੀ ਲੋੜ ਨੀ!
ਸੌ ਦੀ ਇਕੋ ਮੈਂ ਤਾਂ ਸੱਚੀ ਗੱਲ ਕਹਿ ਗਿਆ
ਨੀ! ਸੁਰਮੇ ਦੀ ਟੌਹਰ ਬਣ ਗਈ .............

ਸੋਹਣੀ ਤੇਰੀ ਸੂਰਤ ਸਨੁੱਖੀ ਮਨਮੋਹਨੀ ਨੀ!
ਹੋਠਾਂ ਉਤੇ ਹਾਸੀ ਮੱਲੋ ਮੱਲੀ ਦਿਲ ਖੋਹਣੀ ਨੀ!
ਜੀਹਨੇ ਤੱਕਿਆ ਉਹ ਚੱਕਰਾਂ 'ਚ ਪੈ ਗਿਆ
ਨੀ! ਸੁਰਮੇ ਦੀ ਟੌਹਰ ਬਣ ਗਈ .............

ਜੁਲਫਾਂ ਦੇ ਵਿਚ ਤੇਰੇ ਸੁੱਤੀਆਂ ਘਟਾਵਾਂ ਨੀ!
ਰੂਪ ਸਤਰੰਗੀ-ਪੀਂਘ ਦਾ ਹੈ ਸਿਰਨਾਵਾਂ ਨੀ!
'ਕੰਮੇਆਣਾ' ਚੰਨੋ ਤੇਰੇ ਵਹਿਣੀ ਵਹਿ ਗਿਆ
ਨੀ! ਸੁਰਮੇ ਦੀ ਟੌਹਰ ਬਣ ਗਈ .............

# ਅਨਜੰਮੀ ਧੀ ਦੀ ਅਰਜੋਈ

ਹੋਇਆ ਕੀ ਗੁਨਾਹ ਜੇ ਤੇਰੀ ਕੁੱਖ ਵਿਚ ਆਈ।
ਏਨੀ ਛੇਤੀਂ ਰਿਸ਼ਤਾ ਨਾ ਤੋੜ ਮੇਰੀ ਮਾਈ।

ਕੁੱਖ ਵਿਚ ਮਾਏ ਮੈਨੂੰ ਮਾਰ ਨਾ ਮੁਕਾ ਨੀ!
ਸਹੁੰ ਤੇਰੀ ਮੈਨੂੰ ਜੱਗ ਵੇਖਣੇ ਦਾ ਚਾਅ ਨੀ!
ਚਹੁੰ-ਕੂੰਟੀਂ ਕਰੂੰ ਤੇਰੇ ਨਾਂ ਦੀ ਰੁਸ਼ਨਾਈ।

ਮਾਵਾਂ ਅਤੇ ਧੀਆਂ ਦਾ ਪਿਆਰ ਮਸ਼ਹੂਰ ਨੀ!
ਬਿਨਾਂ ਹੀ ਵਿਆਹ ਤੋਂ ਮੈਨੂੰ ਭੇਜ ਨਾ ਤਾਂ ਦੂਰ ਨੀ!
ਨਾ ਚੜ੍ਹੀ ਡੋਲੀ ਅਤੇ ਨਾ ਹੀ ਮੁਕਲਾਈ।

ਤੇਰੇ ਸਾਹਵੇਂ ਮੇਰੇ ਟੋਟੇ-ਟੋਟੇ ਕਰ ਦੇਣਗੇ।
ਸੁਣ ਮਾਏ ਟੋਟੇ ਛੋਟੇ-ਛੋਟੇ ਕਰ ਦੇਣਗੇ।
ਮਾਵਾਂ ਕਦੇ ਸੁਣੀਆਂ ਨਹੀਂ ਬਣੀਆਂ ਕਸਾਈ।

ਕੂੜ ਦੇ ਭੁਲਾਵੇ ਵਿਚ ਪੱਲਾ ਛੱਡੇਂ ਸੱਚ ਦਾ।
'ਕੱਲੇ ਪੁੱਤਾਂ ਨਾਲ ਨਹੀਓਂ ਜੱਗ ਰਹਿਣਾ ਵਸਦਾ।
ਖਿੜੂਗਾ ਗੁਲਾਬ ਜੇ ਕੋਈ ਕਲੀ ਮੁਸਕਾਈ।



# ਜੇ ਸੱਸ ਮਾਂ ਬਣ ਜੇ

ਜੇ ਸੱਸ ਮਾਂ ਬਣ ਜੇ
ਮੈਂ ਪੇਕੀਂ ਕਦੇ ਨਾ ਜਾਵਾਂ।
ਯਾਦ ਆਉਂਦੀ ਪਿੱਪਲਾਂ ਦੀ
ਜਦ ਕਿੱਕਰਾਂ ਦੇਣ ਨਾ ਛਾਵਾਂ।

ਬੜੇ ਚਾਵਾਂ ਨਾਲ ਘਰ ਸਹੁਰਿਆਂ ਦੇ ਆਈ ਸੀ।
ਚੜ੍ਹਦੀ ਜਵਾਨੀ ਬਿਨ ਪੀਤੇ ਨਸ਼ਿਆਈ ਸੀ।
ਉਦੋਂ ਮੈਨੂੰ ਇੰਜ ਲੱਗਿਆ
ਜਿਵੇਂ ਲੈ ਲਈਆਂ ਬਹਾਰ ਸੰਗ ਲਾਵਾਂ।

ਕੁੱਝ ਦਿਨ ਮਹਿੰਦੀ ਰੰਗਾ ਲੱਗਾ ਸਾਰਾ ਜੱਗ ਸੀ।
ਲਾਲ ਚੂੜਾ ਵੀਣੀਆਂ 'ਤੇ ਬਹਿੰਦਾ ਫੱਬ-ਫੱਬ ਸੀ।
ਜਾਗਦੀ ਵੀ ਲਵਾਂ ਸੁਪਨੇ
ਜਿਵੇਂ ਇਸ਼ਕੇ ਦੀ ਪੀਂਘ ਝੁਟਾਵਾਂ।

ਸੱਸ ਨੂੰ ਮੰਮੀ ਜੀ ਕਹਿੰਦੇ ਸੁੱਕੇ ਜਾਂਦੇ ਬੁੱਲ੍ਹ ਸੀ।
ਹੌਲੀ ਹੌਲੀ ਪਤਾ ਲੱਗਾ ਹੋਈ ਜਿਹੜੀ ਭੁੱਲ ਸੀ।
ਦਾਜ ਦੀਆਂ ਲੋਭੀ ਜਿਹੜੀਆਂ
ਕਦੇ ਕੀਲੀਆਂ ਨਾ ਜਾਣ ਬਲਾਵਾਂ।

ਮਿੱਠਾ ਜਿਹਾ ਮਾਹੀ ਬੜਾ ਸਾਊ ਦਰਵੇਸ਼ ਨੀ।
ਪਰ ਸੱਸ ਵਰਗਾ ਹੈ ਵੱਢਖਾਣਾ ਜੇਠ ਨੀ।
'ਨੇਰ੍ਹੀ ਰਾਤ ਉਮਰਾਂ ਦੀ
ਤਾਰਾ ਟਹਿਕਦਾ ਕਿਤੇ ਟਾਵਾਂ-ਟਾਵਾਂ।

# ਪਿੰਡ ਜਾ ਕੇ

ਪਿੰਡ ਨਾਲ ਚਾਵਾਂ ਦੇ ਜਾਈਦਾ।
ਪਿੰਡ ਜਾ ਕੇ ਉਦਾਸ ਹੋ ਆਈਦਾ।

ਮਿਲਣ ਲਈ ਤਾਂ ਜਾਈਦਾ ਹੈ, ਰੁੱਖਾਂ ਵਰਗੀਆਂ ਮਾਵਾਂ ਨੂੰ।
ਵੀਰਾਂ ਵਰਗੀਆਂ ਧੁੱਪਾਂ ਨੂੰ ਤੇ ਬਾਬਲ ਵਰਗੀਆਂ ਛਾਵਾਂ ਨੂੰ।
ਗਲ ਲੱਗਕੇ ਪਰ ਮਿਲਦੇ ਹਾਂ ਅਸੀਂ ਸੰਸੇ, ਝੋਰੇ, ਹਾਵਾਂ ਨੂੰ।
ਛੋਟੀ ਖੇਤੀ, ਟੱਬਰ ਵੱਡੇ, ਸੋਚੀਂ ਡੁੱਬ-ਡੁੱਬ ਜਾਈਦਾ।
ਦੂਰ ਤੀਕ ਸਾਡਾ ਪਿੱਛਾ ਕਰਦਾ ਹਉਕਾ ਵੱਡੀ ਭਰਜਾਈ ਦਾ।

ਮਿਲਣ ਲਈ ਤਾਂ ਜਾਈਦਾ ਹੈ, ਹਾਸੇ ਵਰਗਿਆਂ ਯਾਰਾਂ ਨੂੰ।
ਸੁਪਨੇ ਵਰਗੀਆਂ ਯਾਦਾਂ ਨੂੰ ਤੇ ਗੁੰਮੀਆਂ ਹੋਈਆਂ ਬਹਾਰਾਂ ਨੂੰ।
ਲੱਭਿਆਂ ਵੀ ਨਾ ਲੱਭਣ ਲੋਚਦੇ ਅਸੀਂ ਜਿਨ੍ਹਾਂ ਦਿਲਦਾਰਾਂ ਨੂੰ।
ਇਕ ਵਿਲਕਦਾ ਅੱਥਰੂ ਮਿਲਦਾ, ਸੀਨੇ ਦੇ ਸੰਗ ਲਾਈਦਾ।
ਮਨ ਦੇ ਬੇਲੀਂ ਸੁੱਤਾ ਰਾਂਝਾ, ਵੰਝਲੀ ਮਾਰ ਜਗਾਈਦਾ।

ਅਸੀਂ ਮਿਲਣ ਲਈ ਜਾਈਏ ਸ਼ਹਿਰੋਂ, ਗਿੱਧੇ, ਭੰਗੜੇ, ਰੀਤਾਂ ਨੂੰ।
ਬਾਬਿਆਂ ਵਰਗੀਆਂ ਸੱਥਾਂ ਨੂੰ ਤੇ ਮਹਿਕਾਂ ਵਾਂਗ ਪ੍ਰੀਤਾਂ ਨੂੰ।
ਪਰ ਖੇਤਾਂ ਬੰਨਿਆਂ ਤੇ ਮਿਲੀਏ, ਅਸੀਂ ਵਿਲਕਦੇ ਗੀਤਾਂ ਨੂੰ।
ਅੱਥਰਾ, ਅੱਥਰੇ ਵਹਿਣੀ ਵਹਿਜੇ, ਦਿਲ ਨੂੰ ਬੜਾ ਸਮਝਾਈਦਾ।
ਚੁੱਪ-ਚੁਪੀਤੇ ਸ਼ਹਿਰ ਨੂੰ ਤੁਰਦੇ, ਪਿੰਡ ਗੋਦੀ ਚੁੱਕ ਲਿਆਈਦਾ।



# ਪਿੰਡ ਵੱਲੀਂ ਜਾਈਦਾ

ਵਾਂਗ ਪਰਦੇਸੀਆਂ ਦੇ ਪਿੰਡ ਵੱਲੀਂ ਜਾਈਦਾ ।
ਝਾਤ ਜਿਹੀ ਪਾ ਕੇ ਸ਼ਹਿਰ ਵੱਲੀਂ ਮੁੜ ਆਈਦਾ ।

ਗਲੀਆਂ 'ਚ ਖੇਡਦੇ ਹੋਏ ਤੱਕ ਨਿੱਕੇ ਬਾਲਾਂ ਨੂੰ ।
ਕਈ ਵਰ੍ਹੇ ਪਿੱਛੇ ਲੈ ਜਾਈਦਾ ਖ਼ਿਆਲਾਂ ਨੂੰ ।
ਨਿੱਘੀ ਧੂਣੀ ਸੇਕਦੇ ਹਾਂ ਠੰਡਿਆਂ ਸਿਆਲਾਂ ਨੂੰ।
ਖੇਡਾਂ 'ਚ ਮਸਤ ਚੇਤਾ ਖਾਣ ਦਾ ਭੁਲਾਈਦਾ ।
ਆਪਣਾ ਹੀ ਘਰ ਲੱਗਦਾ ਸੀ ਚਾਚੀ-ਤਾਈ ਦਾ।

ਵੱਡੇ ਥਾਈਂ ਲੱਗਦੇ ਕਈ ਬੰਦੇ 'ਵੱਡੇ ਹੋ ਗਏ'।
ਕਈ ਵਰ੍ਹੇ ਏਸ ਦੁਨੀਆਂ ਨੂੰ ਛੱਡੇ ਹੋ ਗਏ ।
ਸਾਡੇ ਹਾਣੀ ਪਿੰਡ ਰਹਿੰਦੇ 'ਅੱਧ ਬੱਗੇ' ਹੋ ਗਏ ।
ਹੱਡੀਆਂ ਦੀ ਮੁੱਠ ਕਿਸੇ ਅੰਮਾਂ ਨੂੰ ਬੁਲਾਈਦਾ।
ਕਹਿੰਦੀ ਪੁੱਤਾਂ ਕਿਤੇ ਮੇਰਾ ਪੋਤਾ ਨਹੀਂ ਲਵਾਈਦਾ।

ਭੁੱਲੇ ਚੁੱਕੇ ਖੇਤਾਂ ਵੱਲੀਂ ਕਦੇ ਗੇੜਾ ਵੱਜ ਜੇ ।
ਆਪਣੇ ਹੀ ਖੇਤ ਤਾਂ ਪਰਾਏ ਹੋ ਗਏ ਲੱਗਦੇ।
ਜ਼ਖ਼ਮੀ ਹੋਏ ਚੇਤੇ ਖੌਰੇ ਕਿੱਥੇ-ਕਿੱਥੇ ਭੱਜਦੇ ।
ਮਨ ਪਰਦੇਸੀ ਕਿਸੇ ਥਾਂ ਨਹੀਂ ਟਿਕਾਈਦਾ ।
ਆਪਣਿਆਂ ਵਿਚ ਵੀ ਬੇਗਾਨੇ ਬਣ ਜਾਈਦਾ।

ਨਵੀ ਥਾਂ 'ਤੇ ਜੜ੍ਹ ਆਪਣੀ ਨੂੰ ਲਾਉਣ ਲੱਗੇ ਹਾਂ।
ਅੰਕਲ ਤੇ ਆਂਟੀ ਕਹਿਣ ਤੇ ਕਹਾਉਣ ਲੱਗੇ ਹਾਂ ।
ਜੈਸੀ ਤੂਤੀ ਉਹੋ ਜਿਹਾ ਰਾਗ ਗਾਉਣ ਲੱਗੇ ਹਾਂ ।
ਕੱਚੀਆਂ ਕੰਧਾਂ ਦਾ ਗੀਤ ਬਾਲਾਂ ਨੂੰ ਸੁਣਾਈਦਾ ।
ਉਹ ਕਹਿੰਦੇ ਪਾਪਾ ਕੋਲੋਂ ਝੂਠ ਨਹੀਂ ਬਣਾਈਦਾ।

# ਛੱਡ ਨਾ ਤੂੰ ਪੱਗ ਬੰਨ੍ਹਣੀ

ਛੱਡ ਨਾ ਤੂੰ ਛੱਡ ਨਾ ਵੇ ਪੱਗ ਬੰਨ੍ਹਣੀ
ਏਸੇ ਪੱਗ ਨਾਲ ਸੋਹਣ ਸਰਦਾਰੀਆਂ।
ਪੱਗ ਬਾਝੋਂ ਪੱਗ ਤੇਰੇ ਕੋਲ ਨਹੀਂ ਰਹਿਣੀ
ਤੇਰੀ ਝੋਲੀ ਵਿਚ ਪੈਣੀਆਂ ਲਾਚਾਰੀਆਂ।

ਪੰਜ ਆਬ ਤੇਰੇ ਸਿਰ ਉੱਤੇ ਨੇ ਅਸੀਸ ਵੇ!
ਕਰਦਾ ਏਂ ਕਾਹਤੋਂ ਤੂੰ ਬੇਗਾਨਿਆਂ ਦੀ ਰੀਸ ਵੇ!
ਧੌਣ ਉੱਤੇ ਸਿਰ ਅਤੇ ਸਿਰ ਉੱਤੇ ਪੱਗ
ਇਹ ਤਾਂ ਮੰਗਦੇ ਨੇ ਕੀਮਤਾਂ ਵੇ ਭਾਰੀਆਂ।

ਮਾਣ ਕਰ ਸਕੇਂ ਜੀਹਦੇ ਉੱਤੇ ਇਤਿਹਾਸ ਵੇ!
ਤੇਰਾ ਸਰਮਾਇਆ ਪਿਆ ਸਾਂਭ ਤੇਰੇ ਪਾਸ ਵੇ!
ਚੇਤਿਆਂ 'ਚ ਸਾਂਭ ਇਹਨਾਂ ਬਿਨਾਂ ਨਹੀਂ ਤੂੰ ਕੱਖ
ਬਾਬੇ ਤੇਗ਼ ਦੀਆਂ ਤੇਗ਼ਾਂ ਨੇ ਜੋ ਮਾਰੀਆਂ।

ਤੇਰੀਆਂ ਵਿਰਾਸਤਾਂ ਦੀ ਸੁੱਚੀ ਹੈ ਕਹਾਣੀ ਵੇ।
ਅੰਮ੍ਰਿਤ ਵੇਲੇ ਹੈ ਜਗਾਉਂਦੀ ਆ ਕੇ ਬਾਣੀ ਵੇ!
ਤੇਰੇ ਬੁੱਢੇ ਬਿਰਖਾਂ ਦੀ ਟੀਸੀ ਉੱਤੇ ਫੁੱਲ
ਜਿਵੇਂ ਰੱਬ ਆ ਕੇ ਤਾਣੇ ਫੁਲਕਾਰੀਆਂ।

ਵੱਖ ਵੱਖ ਮਜ਼੍ਹਬਾਂ ਦੀ ਭਾਵੇਂ ਵੱਖ ਰੀਤ ਵੇ!
ਪੱਗ ਤਾਂ ਪੰਜਾਬ ਦਾ ਹੈ ਸਾਝਾਂ ਪ੍ਰਤੀਕ ਵੇ!
ਪੱਗ ਅਬਦਾਲੀਆਂ ਤੋਂ ਮੋੜ ਕੇ ਲਿਆਵੇ
ਦਿੱਲੀ, ਆਗਰੇ 'ਚੋਂ ਇੱਜ਼ਤਾਂ ਉਤਾਰੀਆਂ।



# ਗੀਤ ਨਵਾਂ ਜ਼ਿੰਦਗੀ ਦਾ

ਪਿੱਪਲਾਂ ਦੇ ਉੱਤੇ ਪੀਘਾਂ ਪਾਓ ਨੀ ਪੰਜਾਬਣੋ!
ਗੀਤ ਨਵਾਂ ਜ਼ਿੰਦਗੀ ਦਾ ਗਾਓ ਨੀ ਪੰਜਾਬਣੋ!

ਇਹਨਾਂ ਪਿੱਪਲਾਂ ਦੇ ਹੇਠਾਂ ਮੇਲੇ ਲੱਗਦੇ ਰਹੇ।
ਇਹਨਾਂ ਪਿੱਪਲਾਂ ਦੇ ਥੱਲੇ ਧੂਣੇ ਮਘਦੇ ਰਹੇ।
ਇਹਨਾਂ ਪਿੱਪਲਾਂ ਦੇ ਹੇਠਾਂ ਲਹੂ ਵਗਦੇ ਰਹੇ।
ਵੈਣ ਪਿੱਪਲਾਂ ਦੇ ਸੀਨੇ ਵਿਚ ਵੱਜਦੇ ਰਹੇ।
ਲੂਹ ਧੋ ਕੇ ਜੜ੍ਹ ਇਨ੍ਹਾ ਦੀ ਬਚਾਓ ਨੀ ਪੰਜਾਬਣੋ!

ਪੀਂਘ, ਪਿੱਪਲ ਤੇ ਕੁੜੀ ਦੀ ਸਦੀਵੀ ਸਾਂਝ ਏ।
ਸਾਵਾ ਪਿੱਪਲ ਤਾਂ ਸਾਡੇ ਲੋਕ-ਗੀਤਾਂ ਵਾਂਗ ਏ।
ਹੁੱਲੇ ਮਾਰਕੇ ਹੁਲਾਰੇ ਹੁੱਲੇ ਇਹਦੀ ਤਾਂਘ ਏ।
ਕੁੱਝ ਸਮਿਆਂ ਤੋਂ ਰੁੱਤ ਤੀਆਂ ਵਾਲੀ ਬਾਂਝ ਏ।
ਕੋਈ ਪਪੀਸਿਆਂ ਨੂੰ ਲੋਰੀ ਹੀ ਸੁਣਾਓ ਨੀ ਪੰਜਾਬਣੋ!

ਇਹਨਾਂ ਪਿੱਪਲਾਂ ਦੇ ਉੱਚੇ-ਉੱਚੇ ਕਹਿੰਦੇ ਨੇ ਥੜੇ।
ਅਸੀਂ ਜਾਤਾਂ-ਪਾਤਾਂ, ਮਜ਼੍ਹਬਾਂ ਤੋਂ ਉੱਚੇ ਹਾਂ ਬੜੇ।
ਗੱਲ ਵੱਖਰੀ ਕਿ ਅਸੀਂ ਵੱਖ-ਵੱਖ ਹਾਂ ਖੜ੍ਹੇ।
ਮੂਲ ਇਕੋ ਸਾਡਾ ਦੋਖੀਆਂ ਬਣਾ ਤੇ ਕਈ ਧੜੇ।
ਸਾਝਾਂ ਮੋੜਕੇ ਪੁਰਾਣੀਆਂ ਲਿਆਓ ਨੀ ਪੰਜਾਬਣੋ।

ਇਹਦਾ ਦੁੱਧ, ਪੁੱਤ, ਪਾਣੀ ਤੇ ਮਧਾਣੀ ਗੁੰਮ ਹੈ।
ਚਿਰ ਹੋਇਆ ਇਹਦੀ ਗਿੱਧਿਆਂ ਦੀ ਰਾਣੀ ਗੁੰਮ ਹੈ।
ਇਹਦੀ ਪਹਿਲੇ-ਪਹਿਲੇ ਪਿਆਰ ਦੀ ਕਹਾਣੀ ਗੁੰਮ ਹੈ।
ਹਾਣੀ ਹਾਸਿਆਂ ਦੀ ਰੁੱਤ ਮਰਜਾਣੀ ਗੁੰਮ ਹੈ।
ਤੁਸੀਂ ਸੁੱਤੇ ਪਏ ਪੰਜਾਬ ਨੂੰ ਜਗਾਓ ਨੀ ਪੰਜਾਬਣੋ!

# ਉਮਰਾਂ ਦੀ ਫੁਲਕਾਰੀ

ਉਮਰਾਂ ਦੀ ਫੁਲਕਾਰੀ ਉੱਤੇ ਰੰਗਲਾ ਤੋਪਾ ਭਰੀਏ
ਵੇ ਸੱਜਣਾ!
ਗੱਲ ਕੋਈ ਪਿਆਰ ਦੀ ਕਰੀਏ।

ਅੱਜ ਇੱਥੇ ਹਾਂ ਕੱਲ੍ਹ ਨਹੀਂ ਹੋਣਾ।
'ਕੱਠਾ ਕਰਨਾ ਪਊ ਵਿਛਾਉਣਾ।
ਚਾਰ ਦਿਹਾੜੇ ਰੱਜ ਕੇ ਜੀਵੀਏ ਫਿਰ ਮਰੀਏ ਤਾਂ ਮਰੀਏ।
ਵੇ ਸੱਜਣਾਂ!
ਗੱਲ ਕੋਈ ਪਿਆਰ ਦੀ ਕਰੀਏ।

ਇਹ ਦੁਨੀਆਂ ਰੰਗਾਂ ਦਾ ਮੇਲਾ।
ਝੰਗ ਸਿਆਲਾਂ ਵਾਲਾ ਬੇਲਾ।
ਚਿੱਕੜ ਬਣੇ ਪਾਣੀਆਂ ਉੱਤੇ ਕੰਵਲ ਵਾਂਗਰਾਂ ਤਰੀਏ।
ਵੇ ਸੱਜਣਾਂ!
ਗੱਲ ਕੋਈ ਪਿਆਰ ਦੀ ਕਰੀਏ।

ਤੂੰ ਮੇਰੇ ਲਈ ਬਣਜਾ ਹਾਸਾ।
ਮੈਂ ਤੇਰੇ ਲਈ ਬਣਾਂ ਦਿਲਾਸਾ।
ਸਾਹਾਂ ਦੇ ਮੁੱਕ ਜਾਣ ਤੋਂ ਪਹਿਲਾਂ ਸਾਹਾਂ ਵਿਚ ਸਾਹ ਭਰੀਏ।
ਵੇ ਸੱਜਣਾਂ!
ਗੱਲ ਕੋਈ ਪਿਆਰ ਦੀ ਕਰੀਏ।



# ਕਲਾਮ ਹੀਰ

ਇਹ ਇਸ਼ਕ ਅਵੱਲੜੀ ਫਾਹੀ ਗਲ ਵਿਚ ਪੈ ਗਈ ਨੀ!
ਨਾ ਏਧਰ ਦੀ, ਨਾ ਓਧਰ ਦੀ ਰਹਿ ਗਈ ਨੀ!

ਤਨ ਮੇਰਾ ਖੇੜਿਆਂ ਦੇ ਵਿਹੜੇ, ਮਨ ਰਾਂਝਣ ਦੇ ਡੇਰੇ।
ਸੋਚ ਮੇਰੀ ਬੋਲੇ ਵਿੱਚ ਭਟਕੇ, ਮੈਂ ਭਟਕਾਂ ਇਸ ਵਿਹੜੇ।
ਸਹਿਤੀ ਨਣਦ ਪੁੱਛੇ ਨਿੱਤ ਮੈਨੂੰ,
ਭਾਬੀਏ ਦੱਸ ਨੀ ਕੀ ਦੁੱਖ ਤੈਨੂੰ?
ਤੂੰ ਕਿਹੜੇ ਵਹਿਣੀ ਵਹਿ ਗਈ ਨੀ ..........

ਜਦ ਬਾਬਲ ਵਰ ਢੂੰਡਣ ਤੁਰਿਆ, ਲੱਭਿਆ ਨਾ ਉਸ ਹਾਣੀ।
ਉਸ ਨੇ ਤਾਂ ਬੱਸ ਭੋਇੰ ਲੱਭੀ, ਅੜੀਓ! ਖ਼ਸਮਾ ਖਾਣੀ।
ਕੌਣ ਬਾਬਲ ਨੂੰ ਸਮਝਾਉਂਦਾ,
ਉਹ ਤਾਂ ਆਪਣੀ ਅੜੀ ਪਗਾਉਂਦਾ,
ਵਿਲਕਦੀ ਡੋਲੀ ਬਹਿ ਗਈ ਨੀ ............

ਇਕ ਤਾਂ ਚੋਰ ਹੈ ਚਹੁੰ ਆਇਤਾਂ ਦਾ, ਦੂਜਾ ਚੋਰ ਹੈ ਦਿਲ ਦਾ।
ਤਨ ਮੇਰੇ ਨੂੰ ਲਾੜਾ ਜੁੜਿਆ, ਮਨ ਨੂੰ ਮੀਤ ਨਾ ਮਿਲਦਾ।
ਇਕ ਹੀਰ ਵਿਆਹ ਚਿਰਦੀ,
ਤੇ ਇਕ ਹੀਰ ਕਵਾਰੀ ਫਿਰਦੀ,
ਮੈਂ ਗੱਲ ਅਖ਼ੀਰੀ ਕਹਿ ਗਈ ਨੀ .............

# ਯੁੱਧ ਜਦੋਂ ਵੀ ਕਰਦੇ ਹਾਂ

ਅਸੀਂ ਮਹਿਰਮ ਹਾਂ ਮਨੁੱਖਤਾ ਦੇ
ਜੰਗਬਾਜ਼ਾਂ ਦੇ ਭਿਆਲ ਨਹੀਂ।
ਇਹਦਾ ਇਹ ਮਤਲਬ ਨਾ ਕੱਢ ਲੈਣਾ
ਸਾਡੇ ਲਹੂ ਦੇ ਵਿਚ ਉਬਾਲ ਨਹੀਂ।
ਅਸੀਂ ਨਾ ਡਰਾਈਏ ਹੋਰਾਂ ਨੂੰ
ਤੇ ਨਾ ਕਿਸੇ ਤੋਂ ਡਰਦੇ ਹਾਂ
ਲੜਦੇ ਹਾਂ ਵਤਨ ਦੀ ਰਾਖੀ ਲਈ
ਅਸੀਂ ਯੁੱਧ ਜਦੋਂ ਵੀ ਕਰਦੇ ਹਾਂ।

ਜਦ ਕੋਈ ਨੀਤ ਕੁਲਹਿਣੀ ਸਾਡੀ ਸਰਹੱਦ ਸੰਗ ਟਕਰਾਉਂਦੀ ਹੈ।
ਮੂੰਹ ਖੁੱਲ੍ਹਦੇ ਸਾਡੀਆਂ ਤੋਪਾਂ ਦੇ ਦੁਸ਼ਮਣ ਨੂੰ ਤ੍ਰੇਲੀ ਆਉਂਦੀ ਹੈ।
ਫੰਨ ਚੁੱਕਦਾ ਹੈ ਜਦ ਨਾਗ ਕੋਈ,
ਅਸੀਂ ਪੈਰ ਸਿਰੀ 'ਤੇ ਧਰਦੇ ਹਾਂ।

ਸੱਚ ਬੀਜੀਏ ਸੁੱਚੀ ਧਰਤੀ ਵਿਚ ਸਾਡੇ ਪੱਲੇ ਨੇਕ ਕਮਾਈ ਹੈ।
ਜਦ ਲਲਕਾਰੇ ਕੋਈ ਅਣਖਾਂ ਨੂੰ ਫਿਰ ਸਾਰਾ ਦੇਸ਼ ਸਿਪਾਹੀ ਹੈ।
ਕਦੇ ਫ਼ਸਲ ਦਈਏ, ਕਦੇ ਖ਼ੂਨ ਦਈਏ,
ਇੰਜ ਦੇਸ਼ ਦੇ ਭੰਡਾਰੇ ਭਰਦੇ ਹਾਂ।

ਅਸੀਂ ਯੁੱਧ 'ਚ ਨਗਾਰੇ ਬਣ ਜਾਈਏ, ਘੁੰਗਰੂ ਬਣ ਅਮਨ 'ਚ ਛਣਕੇ ਹਾਂ।
ਭਾਰਤ ਮਾਤਾ ਦੀ ਗਾਨੀ ਵਿਚ ਅਸੀਂ ਰੰਗ-ਬਰੰਗੇ ਮਣਕੇ ਹਾਂ।
ਅਸੀਂ ਦੇਸ਼ ਦੀ ਖਾਤਰ ਜਿਉਂਦੇ ਹਾਂ
ਤੇ ਦੇਸ਼ ਦੀ ਖਾਤਰ ਮਰਦੇ ਹਾਂ।



# ਉਦਾਸੀ

ਉਦਾਸੀ ਦੇ ਕਾਲੇ ਸਾਏ।
ਮਨ ਵਿਚ ਡੂੰਘੇ ਉਤਰ ਆਏ ॥

ਆਖਣ ਨੂੰ ਤਾਂ ਬਹੁਤ ਸੁਖਾਲਾ ਜੀਵਨ ਮੇਰਾ।
ਪਰ ਮੇਰੇ ਚਾਨਣ ਦਾ ਸਾਥੀ ਬਣੇ ਹਨੇਰਾ।
ਆਪਣਿਆਂ ਦੀ ਭੀੜ ਨੂੰ ਤੱਕਿਆ
ਜਾਪੇ ਸਭ ਪਰਾਏ।

ਆਪਾ-ਧਾਪੀ ਦੇ ਵਿਚ ਬੇ-ਪਛਾਣ ਚਿਹਰਾ।
ਸਾਜ਼ਿਸ਼ ਕੋਈ ਰਚ ਰਿਹਾ ਜਿਉਂ ਚਾਰ-ਚੁਫ਼ੇਰਾ।
ਖੁੰਢੀਆਂ ਛੁਰੀਆਂ ਨਾਲ ਝਰੀਟਿਆ
ਤਨ-ਮਨ ਮੇਰਾ ਜਾਏ।

ਮੋਹ-ਮਿੱਟੀ ਤੇ ਰੰਗ ਦੀਆਂ ਬਾਤਾਂ।
ਕਿਸ ਸੰਗ ਤੁਰੀਆਂ ਸੰਗ ਦੀਆਂ ਬਾਤਾਂ।
'ਕੱਲਿਆਂ ਬਹਿਣਾ ਤੇ ਚੁੱਪ ਰਹਿਣਾ
ਮੂਲ ਨਾ ਮੈਨੂੰ ਭਾਏ।

ਹੋਂਦ ਹੁੰਦੇ ਅਣਹੋਂਦ ਹੋ ਜਾਣਾ।
ਔਖਾ ਲੱਗਦਾ ਮੰਨਣਾ ਭਾਣਾ।
ਸੁਪਨਿਆਂ ਵਿਚ ਕੋਈ ਗੁੰਮਿਆ ਹਾਸਾ
ਆ ਗਲਵੱਕੜੀ ਪਾਏ।

# ਜ਼ਿੰਦਗੀ ਜੇਕਰ

ਜ਼ਿੰਦਗੀ ਜੇਕਰ ਇਕ ਰੁਟੀਨ ਹੈ।
ਮੈਂ ਸਮਝਦਾਂ ਜ਼ਿੰਦਗੀ ਦੀ ਤੌਹੀਨ ਹੈ।

ਅੱਖਾਂ ਉੱਤੇ ਖੋਪੇ ਕੋਈ ਕੋਹਲੂ ਦਾ ਬੈਲ।
ਦਿਵਸ-ਰੈਨ ਪਿਆ ਘੁੰਮ ਰਿਹਾ ਕੋਹਲੂ ਦੇ ਗੈਲ।
ਪੈਰਾਂ ਥੱਲੇ ਘੁੰਮ ਰਹੀ ਜ਼ਮੀਨ ਹੈ।

ਦੇਖੇ ਨੂੰ ਹੀ ਮੁੜ ਮੁੜ ਕੇ ਫਿਰ ਦੇਖਣਾ।
ਇਕੋ ਥਾਂ ਤੇ ਆ ਕੇ ਨਿਸ-ਦਿਨ ਬੈਠਣਾ।
ਇਹ ਵਰਤਾਰਾ ਜਾਪਦਾ ਰੰਗ-ਹੀਨ ਹੈ।

ਮਨ 'ਚੋਂ ਉੱਡਦੀ ਜੇ ਨਹੀਂ ਖਿਆਲਾਂ ਦੀ ਡਾਰ।
ਜ਼ਿੰਦਗੀ ਦੇ ਰਾਹਾਂ 'ਚੋਂ ਮਨਫ਼ੀ ਛਣਕਾਰ।
ਫਿਰ ਤਾਂ ਆਦਮੀ ਵੀ ਕੋਈ ਮਸ਼ੀਨ ਹੈ।

ਸੀਨੇ ਦੇ ਵਿਚ ਪਾ ਧਮਾਲਾਂ ਨੱਚਣ ਚਾਅ।
ਨਵਿਓਂ ਨਵਾਂ ਬਣ ਜਾਣ ਦਾ ਹੋਵੇ ਉਮਾਹ।
ਜ਼ਿੰਦਗੀ ਦੀ ਡਗਰ ਫਿਰ ਰੰਗੀਨ ਹੈ।



# ਤੇਰੇ ਸ਼ਹਿਰ ਵਿਚ

ਤੇਰੇ ਸ਼ਹਿਰ ਵਿਚ ਸੱਜਣਾ ਵੇ ਮੇਰਿਆ
ਉਮਰਾਂ ਨੂੰ ਘੁਣ ਖਾ ਗਿਆ।

ਅਸੀਂ ਹਰਿਆਂ ਖੇਤਾਂ ਦੇ ਵਿਚ ਸੁੱਕ ਗਏ
ਕੰਡਿਆਂ ਦੀ ਵਾੜ ਬਣਕੇ।
ਸਾਡੇ ਕੋਲੇ ਤਾਂ ਸਾਉਣ ਵੀ ਆਇਆ
ਅੱਗ ਲੱਗਾ ਹਾੜ ਬਣ ਕੇ।
ਸਾਡੇ ਮੱਥੇ ਵਿਚ ਚੰਦਰਾ ਕੋਈ ਮੱਲੋ-ਮੱਲੀ
ਗ਼ਮ ਦੀ ਲਕੀਰ ਵਾਹ ਗਿਆ।

ਸਾਡੇ ਪੈਰਾਂ ਹੇਠਾਂ ਵਿਛੀਆਂ ਨੇ ਬਰਫ਼ਾਂ
ਤੇ ਦਿਲ 'ਚ ਤੰਦੂਰ ਬਲਦੇ।
ਰੁੱਖ ਸਾਡਿਆਂ ਚਾਵਾਂ ਦੇ ਜਿੱਥੋਂ ਲੰਘਦੇ
ਨਾਲ-ਨਾਲ ਆਰੇ ਚੱਲਦੇ।
ਸਾਡੇ ਸੁਪਨੇ ਦੇ ਸੋਹਲ ਜਿਹੇ ਚੰਦ 'ਤੇ
ਸ਼ਹਿਰ ਦਾ ਹਨੇਰਾ ਛਾ ਗਿਆ।

ਘਸੇ ਸੂਟ ਦੀ ਪੁਰਾਣੀ ਲੀਰ ਵਾਂਗੂੰ
ਗਲੀਆਂ 'ਚ ਰੁਲਦੇ ਫਿਰੇ।
ਤੇਜ਼ ਝੱਖੜਾਂ 'ਚ ਆਲ੍ਹਣੇ 'ਚੋਂ ਡਿੱਗ ਕੇ
ਕੀੜਿਆਂ 'ਚ ਬੋਟ ਜਿਉਂ ਘਿਰੇ।
ਸਾਰੇ ਦੁੱਖਾਂ ਦੀ ਜਗੀਰ ਇੰਜ ਲੱਗਦਾ
ਜਿਵੇਂ ਕੋਈ ਸਾਡੇ ਨਾਂ ਲਾ ਗਿਆ।

ਬੁਰੇ ਮੌਸਮਾਂ ਨੇ ਹੋਲਾਂ ਵਾਂਗੂੰ ਭੁੰਨਤਾ
ਹੈ ਕਾਸਾ ਚੂਰੋ-ਚੂਰ ਦਿਲ ਦਾ ।
ਦੋਧਾ ਛੱਲੀਆਂ ਤੋਤਿਆਂ ਟੁੱਕੀਆਂ
ਨਾ ਕਿਤੋਂ ਧਰਵਾਸ ਮਿਲਦਾ।
ਸਾਨੂੰ ਅੱਗ ਦੇ ਪੰਘੂੜੇ 'ਤੇ ਬਿਠਾ ਕੇ
ਬਰਫ਼ ਕੋਈ ਝੋਲੀ ਪਾ ਗਿਆ।

# ਸਾਵਣ ਆ ਗਿਆ

ਆ ਗਿਆ ਸੱਜਣਾ ਵੇ ਸਾਵਣ ਆ ਗਿਆ।
ਮਨ ਵਿਚ ਸੁੱਤੇ ਸੁਪਨੇ ਕਈ ਜਗਾ ਗਿਆ।

ਧਰਤੀ ਹਰੀ-ਕਚੂਚ ਹੋ ਗਈ
ਪਾ ਸਾਵਣ ਦੀਆਂ ਵੰਗਾਂ ਵੇ!
ਸਖੀਆਂ ਰੰਗ ਲਏ ਲਾਲ ਦੁਪੱਟੇ
ਮੈਂ ਕਿਹੜਾ ਰੰਗ ਰੰਗਾਂ ਵੇ!
ਉਮਰੋਂ ਵੱਡਾ ਲਾਰਾ ਦਿਲ ਨੂੰ ਢਾਹ ਗਿਆ।

ਨਦੀਆਂ ਨਾਲੇ ਭਰ-ਭਰ ਉਛਲਣ
ਮੈਂ ਸੁੱਕੀ ਦੀ ਸੁੱਕੀ ਵੇ!
ਕਈ ਸਾਵਣ ਅੱਖੀਆਂ ਚੋਂ ਗੁਜ਼ਰੇ
ਜਲਣ ਅਜੇ ਨਾ ਮੁੱਕੀ ਵੇ!
ਰੂਹ ਦੇ ਅੰਬਰੀ ਘੁੱਪ ਹਨੇਰਾ ਛਾ ਗਿਆ।

ਸਾਵਣ ਵਿਚ ਨਾ ਫੁੱਟੇ ਕਰੂੰਬਲ
ਕੀ ਬਿਰਖਾਂ ਦਾ ਜੀਣਾ ਵੇ!
ਮੋਹ ਦੇ ਪਾਣੀ ਦੂਰ-ਦੁਰੇਡੇ
ਘੁੱਟ ਸਬਰ ਦਾ ਪੀਣਾ ਵੇ!
ਪੁੱਠੀਆਂ ਲੀਕਾਂ ਕੌਣ ਹੱਥਾਂ 'ਤੇ ਵਾਹ ਗਿਆ।

ਸਾਵਣ ਤੋਂ ਹੀ ਸਿੱਖਿਆ ਲੈ ਲਾ
ਮੁੜ-ਮੁੜ ਕੇ ਜੋ ਆਉਂਦਾ ਵੇ!
ਧਰਤ- ਕੁੜੀ ਨੂੰ ਤੇਰੇ ਵਾਂਗੂੰ
ਇਹ ਤਾਂ ਨਹੀਂ ਤੜਪਾਉਂਦਾ ਵੇ।
ਹਰ ਵਰ੍ਹੇ ਹੀ ਕੀਤੇ ਕੌਲ ਪੁਗਾ ਗਿਆ।



# ਅੱਖਾਂ 'ਚੋਂ ਵਰ੍ਹਦਾ ਸਾਉਣ

ਮਾਂਗ 'ਚ ਸੰਧੂਰ ਭਰ ਕੇ ਵੇ ਲਾ ਕੇ ਬਹਿ ਗਿਓਂ ਬਦੇਸ਼ ਵਿਚ ਡੇਰੇ।
ਇਕ ਸਾਉਣ ਅੰਬਰੋਂ ਵਰ੍ਹੇ ਵੇ ਦੂਜਾ ਵਰ੍ਹਦਾ ਅੱਖਾਂ 'ਚੋਂ ਮੇਰੇ।

ਚੋਇਆ ਮੇਰੇ ਆਉਣ ਦੇ ਉੱਤੇ ਅਜੇ ਦੇਹਲੀ ਤੋਂ ਤੇਲ ਨਾ ਸੁੱਕਿਆ।
ਫੁੱਲਾਂ ਉੱਤੋਂ ਭੌਰ ਉੱਡਗੇ ਵੇ ਤਾਰਾ ਮੋਹ ਦਾ ਆਕਾਸ਼ੋਂ ਟੁੱਟਿਆ।
ਡਾਲਰਾਂ ਉਧਾਲ ਲਿਆ ਵੇ ਪੈਰ ਮੁੜੇ ਨਾ ਪਿਛਾਂਹ ਨੂੰ ਤੇਰੇ।

ਕਦ ਬਨਵਾਸੀਆਂ ਨੇ ਵੇ ਸੁਣੀ ਉਰਮਿਲ ਦੀ ਅਰਜੋਈ।
ਸੁੱਤੀ ਪਈ ਯਸ਼ੋਧਰਾ ਨੂੰ ਵੇ ਛੱਡ ਤੁਰਿਆ ਮਹਾਤਮਾ ਕੋਈ।
ਤੇਰੇ ਬਾਝ ਇੰਜ ਜਿੰਦੜੀ ਵੇ ਜਿਵੇਂ ਦੀਵਿਆਂ ਦੇ ਬਾਝ ਬਨੇਰੇ।

ਕਿਣ-ਮਿਣ ਕਣੀਆਂ ਦੀ ਵੇ ਜਿਵੇਂ ਝਾਂਜਰ ਦਾ ਛਣਕਾਉਣਾ।
ਕਾਲਿਆਂ ਰੁਮਾਲਾਂ ਨੂੰ ਵੇ ਯਾਨੀ ਲੰਘੀਆਂ ਨਿਚੋੜ ਕੇ ਪੌਣਾ।
ਹਉਕਿਆਂ 'ਚ ਰਾਤਾਂ ਡੁੱਬੀਆਂ ਵੇ ਹੋ ਗੇ ਉਮਰਾਂ ਤੋਂ ਦਿਨ ਨੇ ਲੰਬੇਰੇ।

ਭਿੱਜਣ ਨੂੰ ਚਿੱਤ ਕਰਦਾ ਵੇ ਕਿਤੋਂ ਆ ਕੇ ਬੱਦਲ ਬਣ ਵਰ੍ਹਜਾ।
ਰੂਹ ਤੇ ਜੇ ਪੈਣ ਕਣੀਆਂ ਵੇ ਮੇਰਾ ਦਿਲ ਤੱਤੜੀ ਦਾ ਠਰਦਾ।
ਤੂੰ ਵੀ ਘਰ ਮੁੜ ਸੋਹਣਿਆਂ ਵੇ ਰੁੱਤਾ ਬੰਨ੍ਹ ਕੇ ਆ ਗਈਆਂ ਸਿਹਰੇ।

# ਕੁਦਰਤ ਦਾ ਗੀਤ

ਸੋਹਣੇ ਫੁੱਲ ਤ੍ਰੇਲ 'ਚ ਧੋਤੇ ਲੱਗਦੇ ਨੇ।
ਗਹਿਣੇ ਪਾ ਕੇ ਬਿਰਖ ਖਲੋਤੇ ਲੱਗਦੇ ਨੇ ।

ਕੁਦਰਤ ਜਦ ਵੀ ਰੂਪ ਵੰਡਣ 'ਤੇ ਆਉਂਦੀ ਹੈ ।
ਘੁੱਗੀਆਂ ਦੇ ਗਲ ਵਿਚ ਵੀ ਗਾਨੀ ਪਾਉਂਦੀ ਹੈ।
ਮੋਰਾਂ ਦੇ ਖੰਭਾਂ ਵਿਚ ਕਿਸੇ ਸੁਚੱਜੀ ਨੇ,
ਮੋਤੀ ਰੀਝਾਂ ਨਾਲ ਪਰੋਤੇ ਲੱਗਦੇ ਨੇ।

ਮਿੱਠੀ, ਸੋਹਣੀ, ਨਖਰੇਲੋ, ਅਨਭੋਲ ਜਿਹੀ।
ਕੁਦਰਤ ਜਾਪੇ ਕਿਸੇ ਗੀਤ ਦੇ ਬੋਲ ਜਿਹੀ।
ਵਣ, ਤ੍ਰਿਣ, ਪ੍ਰਾਨੀ, ਸੂਰਜ, ਚੰਦ, ਸਿਤਾਰੇ ਸਭ,
ਵਜਦਾਂ ਦੇ ਵਿਚ ਮੁਗਧ ਸਰੋਤੇ ਲੱਗਦੇ ਨੇ।

ਪੀਂਘ ਸਤਰੰਗੀ ਕੰਜਕਾਂ ਨੇ ਪਾਈ ਹੈ।
ਚੰਦ 'ਤੇ ਚਰਖਾ ਕੱਤਦੀ ਬੁੱਢੀ ਮਾਈ ਹੈ।
ਖੰਭਾਂ ਹੇਠਾਂ ਬੋਟ ਲਕੋਏ ਚਿੜੀਆਂ ਨੇ,
ਦਾਦੀ ਦੀ ਬੁੱਕਲ ਵਿਚ ਪੋਤੇ ਲੱਗਦੇ ਨੇ।

ਚੁੰਘੀਆਂ ਭਰਦੇ ਹਿਰਨ ਤੋਂ ਸਿੱਖ ਲੈ ਹਾਸੀ ਨੂੰ।
ਢੱਠੇ ਖੂਹ ਵਿਚ ਸੁੱਟ ਦੇ 'ਧਰਮ' ਉਦਾਸੀ ਨੂੰ ।
ਇਸ ਕਰਤਾਰੀ ਕੁਦਰਤ ਦੇ ਵਿਚ ਰਚ-ਮਿਚ ਜਾਹ
ਸੰਸੇ, ਝੋਰੇ ਸਾਰੇ ਧੋਤੇ ਲੱਗਦੇ ਨੇ।



# ਸੜੀਆਂ ਛਾਵਾਂ ਤੇ ਸ਼ਾਇਰ

ਚੱਲ ਮਨਾਂ ਚੱਲ ਚੱਲੀਏ ਏਥੋਂ ਚਾਰ ਰੋਜ਼ ਜੇ ਜਿਉਣਾ।
ਸੜੀਆਂ ਛਾਵਾਂ ਵਾਲੇ ਬਿਰਖਾਂ ਹੇਠ ਬੈਠ ਨਾ ਹੋਣਾ।

ਹਾਸੇ ਚੁੱਪ ਤ੍ਰਿੰਝਣੀ ਹੋ ਗਏ ਗਿੱਧੇ ਜ਼ਖ਼ਮੀ ਹੋਏ।
ਮਾਂ, ਬੱਚਾ ਤੇ ਲੋਰੀ ਤਿੰਨੇ ਇਕ ਗੋਲੀ ਸੰਗ ਮੋਏ।
ਹੁਣ ਨਾ ਕੋਈ ਮਾਹੀਏ ਦੇ ਟੱਪੇ ਗਾਉਂਦਾ ਤਾਰਿਆਂ ਲੋਏ।
ਜ਼ੁਲਮ ਵੇਖ ਕੇ ਥੋਹਰਾਂ ਵੀ ਨੈਣਾਂ 'ਚੋਂ ਹੰਝੂ ਚੋਏ।
ਇਸ ਨਗਰੀ ਵਿਚ ਰਹਿ ਕੇ ਕਾਹਨੂੰ ਆਪਣਾ ਆਪ ਗਵਾਉਣਾ।

ਸਾਰੀ ਧਰਤੀ ਬੰਜਰ ਹੋਈ ਵਗੇ ਖ਼ੂਨ ਦੇ ਪਾਣੀ।
ਚੂੜਾ ਕਿਸੇ ਦਾ ਭੰਨ ਕੇ ਸੁੱਟ ਗਈ ਇਕ ਖ਼ਬਰ ਮਰਜਾਣੀ।
ਨਾ ਕਿਧਰੇ ਸਖੀਆਂ ਦੇ ਝੁਰਮਟ ਨਾ ਮਿੱਤਰਾਂ ਦੀ ਢਾਣੀ।
ਹਰ ਘਰ ਦੇ ਵਿਚ ਸੱਥਰ ਵਿਛਾ ਗਈ, ਇਕ ਡੈਣ ਪੁੱਤ ਖਾਣੀ।
ਇੰਜ ਲੱਗਦੈ ਜਿਉਂ ਵੇਖ ਰਹੇ ਹੋਈਏ ਸੁਪਨਾ ਕੋਈ ਡਰਾਉਣਾ।

ਆਪਣੇ ਘਰੀਂ ਹੀ ਇੰਜ ਲੱਗਦੈ ਹੋਈਏ ਜਿਵੇਂ ਪਰਾਏ।
ਮੋਹ ਦੇ ਪਾਣੀ ਸੁੱਕਦੇ-ਸੁੱਕਦੇ ਮੁੱਕਣ ਤੱਕ ਨੇ ਆਏ।
ਬੁੱਢੇ ਘਰ ਦੀ ਹਰ ਕੰਧ ਕੱਲਰੀ ਅੱਖਾਂ ਕੱਢ ਡਰਾਏ।
ਹਰ ਰਿਸ਼ਤੇ ਦੇ ਸਾਹ ਦੇ ਵਿਚੋਂ ਬੂਅ ਪੈਸੇ ਦੀ ਆਏ।
ਇਸ ਨਗਰੀ ਵਿਚ ਦਿਲ ਨੂੰ ਲੋਕੀਂ ਸਮਝਣ ਇਕ ਖਿਡਾਉਣਾ।

ਪਰ ਮਨਾਂ ਇਹ ਨਗਰੀ ਛੱਡ ਕੇ ਕਿਸ ਨਗਰੀ ਵਿਚ ਜਾਏਗਾ?
ਬੰਦਿਆਂ ਵਾਂਗੂੰ ਜੀਣ ਦਾ ਸੁਪਨਾ ਕਿਥੋਂ ਲੱਭ ਲਿਆਏਂਗਾ?
ਹਰ ਨਗਰੀ ਤੈਨੂੰ ਖਾਣ ਨੂੰ ਲੋਚੂ ਹਰ ਥਾਂ ਧੱਕੇ ਖਾਏਂਗਾ।
ਝੱਖੜ ਝੁੰਬੇ ਬਿਰਖ ਦੇ ਵਰਗਾ ਪਰਤ ਘਰੀਂ ਫਿਰ ਆਏਂਗਾ।
ਕਿਸੇ ਨਹੀਂ ਸੁਣਨਾ ਤੂੰ ਚਾਹੇਂਗਾ ਦਿਲ ਦਾ ਦਰਦ ਸੁਣਾਉਣਾ।

ਠੀਕ ਤਾਂ ਇਹ ਹੈ ਮਨਾਂ ਬੈਠ ਕੇ ਸੋਚ ਵਿਚਾਰਾਂ ਕਰੀਏ।
ਕਿੰਜ ਇਹ ਛਾਵਾਂ ਹਰੀਆਂ ਹੋਵਣ ਕਿ ਆਪਾਂ ਨਾ ਸੜੀਏ।
ਸਮਿਆਂ ਦੇ ਸ਼ਿਕਾਰੀ ਹੱਥੋਂ ਬਿਨ ਆਈ ਨਾ ਮਰੀਏ।
ਲੋੜ ਹੈ 'ਨ੍ਹੇਰੇ ਰਾਹਾਂ ਦੇ ਵਿਚ ਦੀਵੇ ਬਾਲ ਕੇ ਧਰੀਏ।
ਚਾਹੀਦਾ ਹੁਣ ਚਿਰ ਤੋਂ ਸੁੱਤੇ ਬਿਰਖਾਂ ਤਾਈਂ ਜਗਾਉਣਾ।

ਆ ਮਨਾਂ ਆ ਵਸੀਏ ਏਥੇ, ਮਰਨਾ ਚਾਹੇ ਜਿਉਣਾ।
ਆਪਾਂ ਹੀ ਇਸ ਨਗਰੀ ਤਾਈਂ ਜੀਣ ਦੇ ਯੋਗ ਬਣਾਉਣਾ।



## ਸੋਹਣੀ ਧਰਤੀ ਪੰਜ ਦਰਿਆਵਾਂ ਦੀ

ਸੋਹਣੀ ਧਰਤੀ ਪੰਜ ਦਰਿਆਵਾਂ ਦੀ।

ਇਹ ਸੋਹਣੀਆਂ, ਸੱਸੀਆਂ, ਹੀਰਾਂ ਦੀ।
ਗੁਰੂਆਂ ਦੀ, ਪੀਰ-ਫ਼ਕੀਰਾਂ ਦੀ।
ਤੇ ਭਗਤ ਸਿੰਘ ਜਿਹੇ ਵੀਰਾਂ ਦੀ।
ਮਾਂ ਗੁਜਰੀ ਵਰਗੀਆਂ ਮਾਵਾਂ ਦੀ।
ਸੋਹਣੀ ਧਰਤੀ ਪੰਜ ਦਰਿਆਵਾਂ ਦੀ।

ਇਹਦੇ ਖੇਤਾਂ ਵਿਚ ਹਰਿਆਲੀ ਏ।
ਇਹ ਭੁੱਖਿਆਂ ਦੀ ਰਖਵਾਲੀ ਏ।
ਇੱਜ਼ਤਾਂ ਤੇ ਅਣਖਾਂ ਵਾਲੀ ਏ।
ਹਿੰਦੂ-ਮੁਸਲਿਮ-ਸਿੱਖ ਭਰਾਵਾਂ ਦੀ।
ਸੋਹਣੀ ਧਰਤੀ ਪੰਜ ਦਰਿਆਵਾਂ ਦੀ।

ਇਹ ਧਰਤੀ ਵਾਰਿਸ ਸ਼ਾਹ ਦੀ ਏ।
ਪ੍ਰੀਤਾਂ ਦੇ ਸੱਚੇ ਗਵਾਹ ਦੀ ਏ।
ਤੇ ਸਾਹ ਵਿਚ ਮਿਲਦੇ ਸਾਹ ਦੀ ਏ
ਯਾਰਾ ਗਲ ਪਾਈਆ ਬਾਹਵਾਂ ਦੀ।
ਸੋਹਣੀ ਧਰਤੀ ਪੰਜ ਦਰਿਆਵਾਂ ਦੀ।

ਇਹ ਧਰਤੀ ਦੁੱਲੇ ਭੱਟੀ ਦੀ।
ਲੱਜ਼ ਰੱਖਦੀ ਏ ਪੱਗ ਵੱਟੀ ਦੀ।
ਭੱਤਾ ਲੈ ਕੇ ਚੱਲੀ ਜੱਟੀ ਦੀ।
ਬੇਲੀਂ ਚਰਦੀਆ ਮੱਝੀਆਂ ਗਾਵਾਂ ਦੀ।
ਸੋਹਣੀ ਧਰਤੀ ਪੰਜ ਦਰਿਆਵਾਂ ਦੀ।
ਜਦ ਕਾਗ ਬਨੇਰੇ ਬੋਲਦਾ ਏ।

ਕਿਸੇ ਬਿਰਹਣ ਦਾ ਚਿੱਤ ਡੋਲਦਾ ਏ।
ਉਹਨੂੰ ਚੇਤਾ ਆਉਂਦਾ ਢੋਲ ਦਾ ਏ
ਲੱਜ਼ ਰੱਖਦੀਆਂ ਕੁੜੀਆਂ ਲਾਵਾਂ ਦੀ।
ਸੋਹਣੀ ਧਰਤੀ ਪੰਜ ਦਰਿਆਵਾਂ ਦੀ।

ਜਦ ਆਉਂਦੀ ਏ ਰੁੱਤ ਸਾਵਣ ਦੀ।
ਪਿੱਪਲਾਂ 'ਤੇ ਪੀਂਘਾਂ ਪਾਵਣ ਦੀ।
ਨੱਚ-ਨੱਚ ਕੇ ਧਰਤ ਹਿਲਾਵਣ ਦੀ।
ਗੱਲ ਛਿੜਦੀ ਅੱਥਰੇ ਚਾਵਾਂ ਦੀ।
ਸੋਹਣੀ ਧਰਤੀ ਪੰਜ ਦਰਿਆਵਾਂ ਦੀ।

(ਇਹ) ਜਦ ਆਪਣੀ ਆਈ 'ਤੇ ਆਉਂਦੀ ਏ।
ਤਖ਼ਤਾਂ ਸੰਗ ਜਾ ਟਕਰਾਉਂਦੀ ਏ।
ਨੀਹਾਂ ਵਿਚ ਪੁੱਤ ਚਨਾਉਂਦੀ ਏ।
ਸਰਬੱਤ ਲਈ ਨੇਕ ਦੁਆਵਾਂ ਦੀ
ਸੋਹਣੀ ਧਰਤੀ ਪੰਜ ਦਰਿਆਵਾਂ ਦੀ।

ਕੰਮੇਆਣੇ ਦਾ ਸੱਚ ਕਹਿਣਾ ਏ।
ਜਿਸ ਇਸ ਧਰਤੀ 'ਤੇ ਰਹਿਣਾ ਏ।
ਉਹਨੇ ਸੁਰਗਾਂ ਤੋਂ ਕੀ ਲੈਣਾ ਏ।
ਮਿੱਟੀ ਸੰਦਲੀ ਇਹਦਿਆਂ ਰਾਹਵਾਂ ਦੀ।
ਸੋਹਣੀ ਧਰਤੀ ਪੰਜ ਦਰਿਆਵਾਂ ਦੀ।



# ਪੰਜਾਬ ਲਈ ਦੁਆ

ਨਾ ਮੈਂ ਮੰਗਾਂ ਸੋਨਾ ਚਾਂਦੀ,
ਨਾ ਮੈਂ ਮੰਗਾਂ ਹੀਰੇ ਮੋਤੀ,
ਨਾ ਕਿਸੇ ਅੰਬਰ ਤੋਂ ਮੰਗਦਾ
ਕੋਈ ਆਫ਼ਤਾਬ।
ਮੈਨੂੰ ਤਾਂ ਬੱਸ ਮੋੜ ਦਿਓ
ਮੇਰਾ ਘੁੱਗ ਵਸਦਾ ਪੰਜਾਬ।

ਜਿਸ ਧਰਤੀ ਦਾ ਧਰਮ ਪ੍ਰੀਤਾਂ।
ਪਾਕਿ ਨਿਗਾਹਾਂ, ਉੱਚੀਆਂ ਨੀਤਾਂ।
ਜੰਮਦੀ ਮਰਦੀ ਸੀ ਵਿੱਚ ਗੀਤਾਂ।
ਜਿਸ ਦੀ ਹਿੱਕ 'ਤੇ ਹੱਸਣ ਕਪਾਹਾਂ
ਲਹਿ-ਲਹਿ ਕਰਨ ਕਮਾਦ।
ਮੈਨੂੰ ਤਾਂ ਬੱਸ ਮੋੜ ਦਿਓ
ਮੇਰਾ ਘੁੱਗ ਵਸਦਾ ਪੰਜਾਬ।

ਪਿਤਾ ਸੀ ਜਿਸਦਾ ਤੇਗ਼ ਬਹਾਦਰ।
ਜੋ ਬਣਿਆ ਸੀ ਹਿੰਦ ਦੀ ਚਾਦਰ।
ਜਿਸ ਤੋਂ ਥਰ-ਥਰ ਕੰਬਿਆ ਨਾਦਰ।
ਜਿਸ ਦੇ ਯੋਧਿਆਂ ਦੇ ਪੈਰਾਂ ਨੂੰ
ਚੁੰਮਦੀ ਰਹੀ ਰਕਾਬ।
ਮੈਨੂੰ ਤਾਂ ਬੱਸ ਮੋੜ ਦਿਓ
ਮੇਰਾ ਘੁੱਗ ਵੱਸਦਾ ਪੰਜਾਬ।

ਹਿੰਦੂ, ਮੁਸਲਿਮ, ਸਿੱਖ, ਈਸਾਈ।
ਰਹਿੰਦੇ ਸੀ ਰਲ ਭਾਈ-ਭਾਈ।
ਦੂਜ-ਦਵੈਤ ਮੂਲ ਨਾ ਕਾਈ।
ਮੁੜਕੇ ਮੈਨੂੰ ਜੋੜ ਦਿਓ

ਇਹ ਲੀਰਾਂ ਹੋਈ ਕਿਤਾਬ।
ਮੈਨੂੰ ਤਾਂ ਬੱਸ ਮੋੜ ਦਿਓ
ਮੇਰਾ ਘੁੱਗ ਵਸਦਾ ਪੰਜਾਬ।

ਜਿਥੇ ਲਹੂ ਨਿਰਦੋਸ਼ਾ ਡੁੱਲ੍ਹੇ।
ਜ਼ੁਲਮ ਸਿਤਮ ਦੇ ਝੱਖੜ ਝੁੱਲੇ।
ਲੋਕਾਂ ਨੂੰ ਮੋਹ-ਮਮਤਾ ਭੱਲੇ।
ਇਹ ਪੰਜਾਬ ਪੰਜਾਬ ਨਾ ਮੇਰਾ
ਮੇਰਾ ਹੋਰ ਪੰਜਾਬ।
ਮੈਨੂੰ ਤਾਂ ਬੱਸ ਮੋੜ ਦਿਓ
ਮੇਰਾ ਘੁੱਗ ਵਸਦਾ ਪੰਜਾਬ।

ਕੱਲ੍ਹ ਸੀ ਜਿਸ ਨੇ ਜੱਗ ਨੂੰ ਮੋਹਿਆ।
ਅੱਜ ਲਾਸ਼ਾਂ ਦੀ ਮੰਡੀ ਹੋਇਆ।
ਕੰਮੇਆਣਾ ਅੱਜ ਤਾਹੀਂ ਰੋਇਆ।
ਰੋਂਦੇ ਪਏ ਨੇ ਰਾਵੀ, ਸਤਲੁਜ,
ਜਿਹਲਮ, ਬਿਆਸ, ਚਨਾਬ।
ਮੈਨੂੰ ਤਾਂ ਬੱਸ ਮੋੜ ਦਿਓ
ਮੇਰਾ ਘੁੱਗ ਵਸਦਾ ਪੰਜਾਬ।



# ਮਿੱਟੀ ਦਾ ਮੋਰ

ਕੱਲ੍ਹ ਜਦੋਂ ਮਿੱਟੀ ਲਾਉਣ ਲੱਗੀ ਮੈਂ ਕੰਧੋਲੀ ਉੱਤੇ
ਮਿੱਟੀ ਦਾ ਬਣਾ ਬੈਠੀ ਮੋਰ।
ਪਹਿਲਾਂ ਹੱਸੀ, ਫਿਰ ਰੋਈ ਝੱਲਿਆਂ ਦੇ ਵਾਂਗ
ਗੱਲਾਂ ਸੁੱਝੀਆਂ ਹੋਰ ਦੀਆਂ ਹੋਰ।

ਕਈ ਰੁੱਤਾਂ ਸਿਰ ’ਤੋਂ ਦੀ ਲੰਘੀਆਂ ਅਛੋਪਲੇ ਹੀ
ਰੁੱਤ ਸਾਡੇ ਚਾਵਾਂ ਦੀ ਨਾ ਆਈ।
ਖੇਤ ਗਹਿਣੇ, ਸੋਚ ਗਹਿਣੇ, ਜਿਸਮ ਵੀ ਗਹਿਣੇ
ਅਸੀਂ ਸਦੀਆਂ ਤੋਂ ਹੋਏ ਕਰਜ਼ਾਈ।
ਉਵੇਂ ਖੁਰ ਜਾਣਾ ਸਾਡੀ ਜ਼ਿੰਦਗੀ ਦਾ ਸੱਚ
ਜਿਵੇਂ ਕਣੀਆਂ ਨੇ ਮੋਰ ਦੇਣਾ ਖੋਰ।

ਵਾਢੀ ਵੱਢਦਿਆਂ ਸਾਡਾ ਉੱਡ ਜਾਂਦਾ ਰੰਗ
ਸਿਲੇ ਚੁਗਦਿਆਂ ਉੱਡ ਜੇ ਜਵਾਨੀ।
ਖੇਤਾਂ ਵਿਚੋਂ ਲੱਭੀ ਕਿਸੇ ਮੈਲੀ ਜਿਹੀ ਚੁੰਨੀ ਕੋਲੋਂ
ਪੁੱਛ ਲੈਣੀ ਅਸਾਂ ਦੀ ਕਹਾਣੀ।
ਸਾਡਾ ਛੋਹਿਆ ਭਿੱਟਿਆ ਕਹਿ ਪੀਣ ਨਾ ਜੋ ਪਾਣੀ
ਪੀ ਗੇ ਅੰਗਾਂ ਵਾਲੀ ਮਹਿਕ ਨੂੰ ਨਿਚੋੜ।

ਰੁੱਤ ਮੁਕਲਾਵੇ ਵਾਲੀ, ਗੋਹੇ ਦਿਆਂ ਬੱਠਲਾਂ ਦੇ
ਹੇਠਾਂ ਸਾਡੀ ਮਰ ਗਈ ਅਬੋਲ।
ਕੱਲ੍ਹ ਜਦੋਂ ਲਾਵਾਂ ਵਾਲਾ ਪਾਏਗਾ ਕੋਈ ਬਾਤ
ਦੱਸੋ ਭਰੂੰ ਕੀ ਹੁੰਗਾਰਾ ਉਹਦੇ ਕੋਲ ?
ਹੁਣ ਮੇਰੇ ਪੈਰਾਂ ਵਿਚ ਝਾਂਜਰਾਂ ਵੀ ਰੋਣ
ਮੇਰੀ ਵਿਧਵਾ ਦੇ ਹਉਕੇ ਜਿਹੀ ਤੋਰ।

## ਜਿੰਨਾ ਚਿਰ

ਕਾਹਦੀਆਂ ਨੇ ਯਾਰੀਆਂ
ਤੇ ਕਾਹਦੇ ਨੇ ਪਿਆਰ ਵੇ!
ਜਿੰਨਾ ਚਿਰ ਸ਼ਹਿਰ ਉੱਤੇ
ਛਾਏ ਸ਼ਾਹੂਕਾਰ ਵੇ!

ਇਸ ਸ਼ਹਿਰ ਦਿਲਾ ਗੱਲ ਪਿਆਰ ਦੀ ਨਾ ਤੋਰ ਵੇ!
ਇਥੇ ਸਭ ਵਸਦੇ ਨੇ ਜਿਸਮਾਂ ਦੇ ਚੋਰ ਵੇ!
ਅੱਜ ਕੁੱਝ ਹੋਰ ਨੇ ਤੇ ਕੱਲ੍ਹ ਕੁੱਝ ਹੋਰ ਵੇ!
ਇਥੇ ਹਰ ਮੋੜ 'ਤੇ ਉਡੀਕਦੀ ਏ ਹਾਰ ਵੇ!

ਪੈਸੇ ਵਾਲਿਆਂ ਦੇ ਸ਼ਹਿਰ ਪੈਸੇ ਬਿਨਾਂ ਜੀਣਾ ਵੇ!
ਜਿਵੇਂ ਕਿਸੇ ਪਿਆਸੇ ਨੇ ਖ਼ਿਆਲੀਂ ਪਾਣੀ ਪੀਣਾ ਵੇ!
ਇਸ ਸ਼ਹਿਰ ਰੀਝਾਂ ਦੇ ਬੁੱਲ੍ਹਾਂ ਨੂੰ ਪੈਂਦਾ ਸੀਣਾ ਵੇ!
ਬਿਰਖਾਂ ਤੇ ਰੁੱਸੀ-ਰੁੱਸੀ ਆਉਂਦੀ ਏ ਬਾਹਰ ਵੇ!

ਭਾਵੇਂ ਅਸੀਂ ਅੱਜ ਡਾਢੇ ਹੋਏ ਹਾਂ ਨਿਰਾਸ਼ ਵੇ!
ਪਰ ਕਿਸੇ ਕੋਨੇ ਵਿਚ ਸਹਿਕਦੀ ਏ ਆਸ ਵੇ!
ਬਦਲੇ ਗੀ ਰੁੱਤ ਸਾਡਾ ਪੱਕਾ ਵਿਸ਼ਵਾਸ ਵੇ!
ਧੁਖ-ਧੁਖ ਦੇਹੀ ਬਣ ਚੱਲੀ ਅੰਗਿਆਰ ਵੇ!



## ਧਰਤੀ ਦੀ ਧੀ ਦੀ ਵੇਦਨਾ

ਦੱਸ ਕੀ ਤੇਰੀ ਵਾਹੀ
ਵੇ ਸਾਨੂੰ ਤਾਰ ਗਈ?
ਸਿਰ ਉੱਤੋਂ ਦੀ ਲੰਘ ਚਾਵਾਂ ਦੀ ਡਾਰ ਗਈ।

ਤੂੰ ਜਦ ਖੇਤਾਂ ਵਿਚ ਹਲ ਵਾਹਵੇਂ
ਜੀਅ ਕਰਦਾ ਏ ਮੇਰਾ।
ਮਖਣੀ ਵਿਚ ਕੁੱਟ ਲਿਆਵਾਂ ਚੂਰੀ
ਘਰ ਜੇ ਹੋਏ ਲਵੇਰਾ।
ਹਉਕਾ ਲੈ ਕੇ ਪੂੰਝਲਾਂ ਹੰਝੂ
ਕਰੜਾ ਕਰਕੇ ਜੇਰਾ।
ਸਾਨੂੰ ਸਾਡੇ ਘਰ ਦੀ ਤੰਗੀ ਮਾਰ ਗਈ।

ਸਾਡੀ ਗ਼ੁਰਬਤ ਵਾਂਗੂੰ
ਸਾਡੀ ਲਾਜ਼ੋ ਵਧਦੀ ਜਾਵੇ।
ਹਰ ਦਿਹੁੰ ਦਾ ਸੂਰਜ ਤੱਕ ਕੇ
ਉਹ ਗਿੱਠ ਉੱਚੀ ਹੋ ਜਾਵੇ।
ਹਾਣ ਉਹਦੇ ਦੀਆਂ ਕੁੜੀਆਂ-ਚਿੜੀਆਂ
ਸਭ ਤੁਰੀਆਂ ਮੁਕਲਾਵੇ।
ਮੈਂ ਲੋਕਾਂ ਦੀਆਂ ਗੱਲਾਂ ਸੁਣ-ਸੁਣ ਹਾਰ ਗਈ।

ਸ਼ਾਹਾਂ ਦੇ ਨਾਂ ਬੋਲਣ ਲੱਗਦੇ
ਸਿੱਟਿਆਂ ਵਿਚ ਹੀ ਦਾਣੇ।
ਹਾੜ੍ਹ-ਸਿਆਲ ਕੱਢਣ ਭੁੱਖ-ਨੰਗ 'ਚ
ਫੁੱਲਾਂ ਜਿਹੇ ਨਿਆਣੇ।
ਤੂੰ ਚੁੱਪ ਕਰਕੇ ਮੰਨੀ ਜਾਵੇਂ
ਅੰਨ੍ਹੇ ਰੱਬ ਦੇ ਭਾਣੇ।
ਸਾਡਾ ਹਰ ਸਰਕਾਰ ਵੇ ਗੱਲੀਂ ਸਾਰ ਗਈ।

# ਆਵੇ ਨੀ ਕੋਈ

ਆਵੇ ਨੀ!
ਮੇਰੇ ਕੰਨ 'ਚ ਕੋਈ
ਸ਼ਬਦ ਅਜਿਹਾ ਬੋਲ ਦਏ।
ਜੋ ਮੇਰੀ
ਨੀਰਸ ਜ਼ਿੰਦਗੀ ਵਿੱਚ
ਕੂਜਾ ਮਿਸ਼ਰੀ ਘੋਲ ਦਏ।

ਸਹਿਮੀ-ਸਹਿਮੀ ਜ਼ਿੰਦਗੀ ਮੇਰੀ
ਬੀਤ ਰਹੀ ਹੈ ਇਸ ਤਰ੍ਹਾਂ।
ਇਸ ਨਗਰੀ ਦੇ ਰਾਜੇ ਦੀ ਨੀ
ਕੈਦਣ ਹੋਵਾਂ ਜਿਸ ਤਰ੍ਹਾਂ।
ਭਿੜ ਚੱਲੇ
ਸਾਹਾਂ ਦੇ ਬੂਹੇ
ਆਵੇ ਨੀ ਕੋਈ ਖੋਲ੍ਹ ਦਏ।
ਆਵੇ ਨੀ!
ਮੇਰੇ ਕੰਨ 'ਚ ਕੋਈ
ਸ਼ਬਦ ਅਜਿਹਾ ਬੋਲ ਦਏ।

ਸਖੀਆਂ ਵਿਚ ਬੈਠੀ ਨੂੰ ਲੱਗਦਾ
ਹੋਵਾਂ ਜਿਵੇਂ ਇਕੱਲੀ ਨੀ।
ਤੇ ਇਕੱਲੀ ਨੂੰ ਇੰਜ ਜਾਪੇ
ਭੀੜ 'ਚ ਜਿਉਂ ਰਲ ਚੱਲੀ ਨੀ।
ਜਿੰਦ ਦੇ ਨੇੜ੍ਹੇ
ਰਾਹਾਂ ਵਿੱਚ ਕੋਈ
ਚਾਨਣ ਦਾ ਬੁੱਕ ਡੋਲ੍ਹ ਦਏ।
ਆਵੇ ਨੀ!
ਮੇਰੇ ਕੰਨ 'ਚ ਕੋਈ
ਸ਼ਬਦ ਅਜਿਹਾ ਬੋਲ ਦਏ।



# ਇਹ ਕਿਹੜੀ ਰੁੱਤ ਦਾ ਪਹਿਰਾ ਹੈ ?

ਅੜੀਏ ਨੀ!
ਇਹ ਕਿਹੜੀ ਰੁੱਤ ਦਾ ਪਹਿਰਾ ਹੈ ?
ਸੂਰਜ ਦੇ ਹੁੰਦਿਆਂ ਵੀ ਘੁੱਪ ਹਨੇਰਾ ਹੈ।

ਪੈਰਾਂ ਦੇ ਵਿੱਚ
ਨੱਚ ਰਹੀਆਂ ਰੀਝਾਂ ਬੜੀਆਂ।
ਮੱਥੇ ਦੇ ਵਿੱਚ
ਲਟਕ ਰਹੀਆਂ ਨੇ ਹੱਥਕੜੀਆਂ।
ਸਮੇਂ ਦੀਆਂ ਅੱਖਾਂ 'ਚ ਲਾਲੀ ਆ ਗਈ,
ਜਦ ਕਦੀ ਵੀ ਨਾਂ ਲਿਆ ਮੈਂ ਤੇਰਾ ਹੈ।
ਅੜੀਏ ਨੀ! ਇਹ ਕਿਹੜੀ ਰੁੱਤ ਦਾ ਪਹਿਰਾ ਹੈ ?

ਇਸ ਘੁੱਟਣ ਵਿੱਚ
ਅਸੀਂ ਤਾਂ ਪਲ-ਪਲ ਮਰਦੇ ਹਾਂ।
ਤਾਂਹੀਂ ਇਸ ਮੌਸਮ ਨੂੰ
ਨਫ਼ਰਤ ਕਰਦੇ ਹਾਂ।
ਜਿਥੋਂ ਤਾਈਂ ਤੱਕ ਸਕਦੀ ਏ ਨਜ਼ਰ ਮੇਰੀ,
ਹਰ ਥਾਂ ਮਾਤਮ ਲਾਈ ਬੈਠਾ ਡੇਰਾ ਹੈ।
ਅੜੀਏ ਨੀ! ਇਹ ਕਿਹੜੀ ਰੁੱਤ ਦਾ ਪਹਿਰਾ ਹੈ ?

ਅੰਬਰ 'ਤੇ ਐਟਮ ਦੇ
ਬੱਦਲ ਛਾਏ ਨੇ।
ਸੁਣਿਆਂ ਹੈ ਕੁੱਝ ਲੋਕ
ਲਹੂ ਦੇ ਤਿਹਾਏ ਨੇ।
ਲੁਕ ਗਿਆ ਸੋਨੇ ਦੀ ਕੰਧ ਓਹਲੇ ਪਿਆਰ,
ਪਾ ਲਿਆ ਨਫ਼ਰਤ ਨੇ ਸਾਨੂੰ ਘੇਰਾ ਹੈ।
ਅੜੀਏ ਨੀ! ਇਹ ਕਿਹੜੀ ਰੁੱਤ ਦਾ ਪਹਿਰਾ ਹੈ ?

## ਇਹ ਮੇਰਾ ਗੀਤ

ਇਹ ਮੇਰਾ ਗੀਤ
ਉਹਨਾਂ ਗਲੀਆਂ ਦੇ ਨਾਂ
ਜਿਨ੍ਹਾਂ ਨੂੰ ਛੱਡ ਆਇਆਂ,
ਪਰ ਉਹਨਾਂ ਸੰਗ ਆਪਣੇ ਨਾਤੇ
ਨਹੀਓਂ ਗਏ ਭੁਲਾਏ।

ਜਾਂ ਫਿਰ
ਉਸ ਕੁੜੀ ਦੇ ਨਾਂ
ਜੋ ਬਣ ਸਬਰਾਂ ਦੀ ਮੂਰਤ,
ਸੰਸਕਾਰਾਂ ਦੀ ਮੜ੍ਹੀ ਅੱਗੇ
ਨਿੱਤ ਆਪਣਾ ਸੀਸ ਝੁਕਾਏ।

ਜਾਂ ਫਿਰ
ਆਪਣੇ ਆਪੇ ਦੇ ਨਾਂ
ਜੋ ਹੰਝੂਆਂ ਦੀ ਗਾਥਾ,
ਹਿਜ਼ਰਾਂ ਦੇ ਮੂਹੜੇ 'ਤੇ ਬਹਿ ਕੇ
ਉੱਚੀ-ਉੱਚੀ ਗਾਏ।

ਜਾਂ ਫਿਰ
ਨਾਂ ਹੈ ਉਸ ਨਗਰੀ ਦੇ
ਜਿਸਦਾ ਹਾਕਮ ਕਹਿੰਦਾ,
ਇਸ ਨਗਰੀ ਦੇ ਅੰਦਰ ਨਾ ਕੋਈ
ਬਾਤ 'ਸੱਚ' ਦੀ ਪਾਏ।



## ਦੀਵੇ ਨੂੰ

ਸਾਡੇ ਕੱਚੇ ਕੋਠੇ ਵਿਚ ਜਗਦੇ ਹੋਏ ਦੀਵਿਆ ਵੇ
ਮਿੰਨੀ-ਮਿੰਨੀ ਤੇਰੀ ਹੈ ਜੋ ਲੋਅ।
ਜਾਪਦੀ ਏ ਮੈਨੂੰ ਗੋਰੇ ਸੱਜਣਾਂ ਦੇ ਮੁੱਖ ਜਿਹੀ
ਲਿਆ ਸੀ ਜਿਨ੍ਹਾਂ ਨੇ ਮਨ ਮੋਹ।

ਸੱਜਣਾਂ ਨੂੰ ਅਲਵਿਦਾ ਕਹਿੰਦੇ ਹੋਏ ਹੱਥ ਵਾਂਗ
ਹਵਾ ਵਿੱਚ ਹਿੱਲੇ ਤੇਰੀ ਲਾਟ।
ਲਾਟ ਉੱਤੇ ਘੁੰਮਦਾ ਪਤੰਗਾ ਜਿਉਂ ਬਨੇਰੇ ਬਹਿ ਕੇ
ਤੱਕਦੀ ਕੋਈ ਯਾਰੜੇ ਦੀ ਵਾਟ।
ਛੱਤ ਜਿਵੇਂ ਧੂੰਏਂ ਨੇ ਵੇ ਗ਼ਮੀਆਂ ਧੁਆਂਖ ਦਿੱਤਾ
ਰੰਗ ਮੇਰਾ ਗੋਰਾ ਸੀ ਨਿਸ਼ੋਹ।

ਸਾਡੇ ਵਿਹੜੇ ਰੋਟੀ ਦੇ ਸਵਾਲ ਸਾਹਵੇਂ ਗੱਲ
ਮਹਿਬੂਬ ਦੀ ਹੈ ਜਾਂਦੀ ਦਮ ਤੋੜ।
ਨਾ ਹੀ ਕਦੀ ਚਾਵਾਂ ਦੇ ਵੇ ਚਾਂਬੂਲੇ ਨਿਆਣਿਆਂ ਨੇ
ਵਿਹੜੇ ਸਾਡੇ ਵਿਚ ਕੀਤੀ ਚੌੜ।
ਵੇਖ ਅੱਖਾਂ ਭੋਲੀਆਂ ਵੇ ਸੰਗਣ੍ਹ ਨਾ ਮੂਲ
ਤੇਰੇ ਚਾਨਣੇ 'ਚ ਵੀ ਨੇ ਪਈਆਂ ਰੋਅ।

ਜ਼ਿੰਦਗੀ ਦੇ ਹੋਠਾਂ ਉੱਤੇ ਗਿੱਠ-ਗਿੱਠ ਸਿੱਕਰੀ ਵੇ
ਮੈਂ ਹਾਂ ਬੌੜੇ ਖੂਹ ਦੀ ਨਿਸਾਰ।
ਉਂਜ ਹਾਂ ਮਸੀਹਾ ਪਰ ਤੇਰੇ ਵਾਂਗ ਥੱਲੇ ਮੇਰੇ
'ਨੇਰ੍ਹਿਆਂ ਦਾ ਹੋਇਆ ਹੈ ਪਸਾਰ।
ਤੇਰਿਆਂ ਵੇ ਚਾਨਣਾਂ ਦੇ ਕੋਲੋਂ ਅਸੀਂ ਪੁੱਛਣੀ ਏਂ
ਮੰਜ਼ਿਲਾਂ ਦੀ ਅਜੇ ਕਨਸੋਅ।

## ਤੇਰਾ ਪਿੰਡ ਮੇਰਾ ਪਿੰਡ

ਤੇਰੇ ਪਿੰਡ ਤੋਂ ਮੇਰੇ ਪਿੰਡ ਦੀ
ਭਾਵੇਂ ਕਿੰਨੀ ਦੂਰੀ ਹੈ।
ਜੋ ਤੇਰੀ ਮਜਬੂਰੀ ਹੈ
ਉਹ ਮੇਰੀ ਵੀ ਮਜਬੂਰੀ ਹੈ।

ਤੇਰੇ ਪਿੰਡ ਜੇ ਤੋਪਾਂ ਅੱਗ ਵਰ੍ਹਾਉਂਦੀਆਂ ਨੇ।
'ਵਾਜ਼ਾਂ ਮੇਰੇ ਪਿੰਡ ਤੀਕ ਵੀ ਆਉਂਦੀਆਂ ਨੇ।
ਤੇਰੀ ਗਾਥਾ, ਮੇਰੀ ਗਾਥਾ
ਪਰ ਇਹ ਅਜੇ ਅਧੂਰੀ ਹੈ।

ਸਾਡੇ ਪਿੰਡਾਂ ਦੇ ਭਾਵੇਂ ਅੱਡ-ਅੱਡ ਖ਼ਾਕੇ ਨੇ।
ਪਰ ਹਰ ਥਾਂ ਕ੍ਰਿਤਾਂ 'ਤੇ ਪੈਂਦੇ ਡਾਕੇ ਨੇ।
ਤੇਰੀ ਸਾਂਝ ਮੇਰੇ ਸੰਗ
ਹੋਣੀ ਅਤੀ ਜ਼ਰੂਰੀ ਹੈ।

ਤੇਰੇ ਪਿੰਡ ਪ੍ਰੀਤ ਜੇ ਹਉਕੇ ਭਰਦੀ ਹੈ।
ਮੇਰੇ ਪਿੰਡ ਵੀ ਹੰਝੂਆਂ ਵਿੱਚ ਡੁੱਬ ਮਰਦੀ ਹੈ।
ਕੈਦੋਂ ਦੇ ਪਹਿਰੇ ਦੇ ਹੇਠਾਂ
ਹਰ ਥਾਂ ਹੀਰ ਦੀ ਚੂਰੀ ਹੈ।



## ਤੇਰਾ ਵਸਦਾ ਰਹੇ ਗਰਾਂ

ਤੇਰਾ ਵਸਦਾ ਰਹੇ ਗਰਾਂ
ਢੋਲਣਾ!
ਤੇਰਾ ਵਸਦਾ ਰਹੇ ਗਰਾਂ ............

ਖ਼ੁਸ਼ੀ ਪੈਰੀਂ ਜਿੱਥੇ ਘੁੰਗਰੂ ਬੱਝੇ
ਤੇ ਫਿਰ ਲੁੱਟੀ ਗਈ।
ਅਹਿਸਾਸ ਦੇ ਪਿੰਡੇ 'ਤੇ ਜਿੱਥੇ
ਸੋਗ ਦੀ ਲਾਸ ਪਈ।
ਸੁੱਚੇ ਇਸ਼ਕਾਂ ਦੀ ਵੇ ਸੁੱਚੀ ਥਾਂ
ਢੋਲਣਾ!

ਸਖੀਆਂ ਵਰਗੀਆਂ ਗਲੀਆਂ ਇਹਦੀਆਂ
ਵੀਰਾਂ ਵਰਗੇ ਰਾਹ।
ਜਦ ਮੈਂ ਇਹਨਾਂ ਵਿਚ ਦੀ ਲੰਘਾਂ
ਚੜ੍ਹ ਜੇ ਨਸ਼ਾ ਜਿਹਾ।
ਤੇਰੇ ਪਿੰਡ ਦਾ ਤੇਰੇ ਵਰਗਾ ਨਾਂ
ਢੋਲਣਾ!

ਪਰ ਸੱਜਣਾ ਇਸ ਨਗਰੀ ਦੀ
ਇਹ ਰੀਤ ਨਾ ਮੈਨੂੰ ਭਾਏ।
ਪੁੱਤਾਂ ਵਰਗੇ ਬੋਹਲ ਜੱਟਾਂ ਦੇ
ਸ਼ਾਹ ਚੁੱਕ ਕੇ ਲੈ ਜਾਏ।
ਕੁੱਝ ਲੋਕਾਂ ਦੀ ਹੈ ਕਿਉਂ ਧਰਤੀ ਮਾਂ
ਢੋਲਣਾ!

## ਕਿਸ ਨਗਰੀ ਵਿੱਚ ਆਏ

ਅਸੀਂ ਕਿਸ ਨਗਰੀ ਦੇ ਵਿੱਚ
ਆਏ ਹਾਣੀਆਂ!
ਇਸ ਨਗਰੀ ਬੰਦੇ ਨੂੰ ਬੰਦਾ
ਖਾਏ ਹਾਣੀਆਂ!

ਪਿਆਰ ਵਾਲੇ ਸੁੱਚੜੇ ਤੇ
ਸੂਹੇ ਜਿਹੇ ਫੁੱਲ ਵੇ!
ਸਹੁੰ ਤੇਰੀ ਜਾਂਦੇ ਵੱਟੇ
ਹੀਰਿਆਂ ਦੇ ਤੁੱਲ ਵੇ!
ਧਾਹੀਂ ਰੋਂਦੇ ਇਸ਼ਕੇ ਦੇ
ਘਰ ਜਾਏ ਹਾਣੀਆਂ!
ਅਸੀਂ ਕਿਸ ਨਗਰੀ ਦੇ ਵਿੱਚ
ਆਏ ਹਾਣੀਆਂ!

ਬੋਹਲਾਂ ਦੇ ਸਿਰ੍ਹਾਣੇ
ਪਏ ਰੋਣ ਕ੍ਰਿਸਾਨ ਵੇ!
ਉਂਗਲਾਂ 'ਤੇ ਸਾਬ੍ਹ ਸ਼ਾਹੂਕਾਰ ਦਾ
ਜਾਂ ਲਾਣ ਵੇ!
ਰਹਿੰਦੇ ਰੀਝਾਂ ਵਾਲੇ ਫੁੱਲ
ਕੁਮਲਾਏ ਹਾਣੀਆਂ!
ਅਸੀਂ ਕਿਸ ਨਗਰੀ ਦੇ ਵਿੱਚ
ਆਏ ਹਾਣੀਆਂ!
ਪਲਕਾਂ 'ਤੇ ਚੁੱਕ ਲੋਕੀਂ
ਗ਼ਮਾਂ ਦੇ ਪਹਾੜ ਵੇ!
ਕਰਦੇ ਨੇ ਜ਼ਿੰਦਗੀ ਦਾ
ਮਾਰੂਥਲ ਪਾਰ ਵੇ!



ਰਹਿੰਦੇ ਮਨਾਂ ਵਿੱਚ
ਕਬਰਾਂ ਦੇ ਸਾਏ ਹਾਣੀਆਂ!
ਅਸੀਂ ਕਿਸ ਨਗਰੀ ਦੇ ਵਿੱਚ
ਆਏ ਹਾਣੀਆਂ!

ਇੱਥੇ ਕੋਈ ਜ਼ਿੰਦਗੀ ਦੀ
ਕੀ ਪਾਏ ਬਾਤ ਵੇ!
ਹਰ ਮੋੜ ਉੱਤੇ
ਮੌਤ ਨਾਲ ਮੁਲਾਕਾਤ ਵੇ!
ਨਿੱਤ ਸੂਰਜ ਲਹੂ 'ਚ ਡੁੱਬ
ਜਾਏ ਹਾਣੀਆਂ!
ਅਸੀਂ ਕਿਸ ਨਗਰੀ ਦੇ ਵਿੱਚ
ਆਏ ਹਾਣੀਆਂ!

# ਕਰਦੇ ਕਮਾਈਆਂ ਹਾਰੇ

ਜੱਟੀ :- ਅਸੀਂ ਕਰਦੇ ਕਮਾਈਆਂ ਹਾਰੇ ਵੇ!
ਸਾਡੇ ਉਹੀਓ ਕੱਚੇ ਢਾਰੇ ਵੇ!
ਲੰਬੜਾਂ ਛੱਤ ਲਏ ਚੁਬਾਰੇ ਵੇ!
ਇਹ ਗੱਲ ਕੀ ਹੋਈ?
ਹਾਣੀਆਂ ਵੇ!

ਜੱਟ :- ਅਸੀਂ ਦੱਬ ਕੇ ਕਰਾਂਗੇ ਵਾਹੀ ਨੀ!
ਹੋਊ ਫ਼ਸਲ ਵੀ ਦੂਣ ਸਵਾਈ ਨੀ!
ਤੇਰੇ ਵਾਂਗ ਜਦ ਸਰ੍ਹੋਂ ਮੁਸਕਾਈ ਨੀ!
ਆਪਾਂ ਘਰ ਭਰ ਲੈਣਾ
ਗੋਰੀਏ ਹੀਰੇ!

ਜੱਟੀ :- ਕਿਉਂ ਖ਼ੁਦ ਨਾ ਮਾਰਦਾਂ ਠੱਗੀਆਂ ਵੇ!
ਅੱਗੇ ਕਿਹੜਾ ਨਾ ਫ਼ਸਲਾਂ ਲੱਗੀਆਂ ਵੇ!
ਸਾਡੇ ਸਿਰ ਨੋਟਾਂ ਦੀਆਂ ਥੱਬੀਆਂ ਵੇ!
ਵਿਆਜਾਂ ਨੇ ਪੱਟ ਤਾ
ਹਾਣੀਆਂ ਵੇ!

ਜੱਟ :- ਇਹ ਗੱਲ ਤਾਂ ਤੇਰੀ ਸੱਚ ਅੜੀਏ!
ਸਾਡੇ ਲੇਖੀਂ ਚੋਇਆ ਅੱਕ ਅੜੀਏ!
ਪਰ ਤੂੰ ਜਿਗਰਾ ਰੱਖ ਅੜੀਏ!
ਰੱਬ ਸੁਣੇਗਾ ਸਾਡੀ
ਗੋਰੀਏ ਹੀਰੇ!

ਜੱਟੀ :- ਅਸੀਂ ਜਿਗਰਾ ਕੀਤਾ ਬਥੇਰਾ ਵੇ!
ਤਾਹੀਂ ਵਧਦਾ ਜਾਏ ਹਨੇਰਾ ਵੇ!
ਰੱਖਣਾ ਪਊ ਡਾਂਗ 'ਤੇ ਡੇਰਾ ਵੇ!
ਐਵੇਂ ਨਹੀਂ ਸਰਨਾ
ਹਾਣੀਆਂ ਵੇ!

ਜੱਟ :- ਐਵੇਂ ਨਹੀਂ ਸਰਨਾ
ਗੋਰੀਏ ਹੀਰੇ!



# ਇਸ ਨਗਰੀ ਦਾ ਹਾਕਮ

ਕੰਨਾਂ ਦੇ ਬੂਹੀਂ ਤਾਲੇ ਲੱਗੇ
ਅੱਖਾਂ ਸਾਹਵੇਂ ਪਰਦੇ ਤਾਣੇ।
ਇਸ ਨਗਰੀ ਦਾ ਹਾਕਮ
ਨੀ ਬਸ ਬੋਲਣ ਜਾਣੇ।

ਏਧਰ ਸੀਖਾਂ
ਓਧਰ ਸੀਖਾਂ
ਚਾਰ-ਚੁਫ਼ੇਰੇ ਸੀਖਾਂ।
ਬਿਨਾਂ ਗੁਨਾਹ ਤੋਂ ਕੈਦੀ ਹੋਏ
ਲੋਕੀਂ ਮਾਰਨ ਚੀਕਾਂ।
ਢਿੱਡ ਨੂੰ ਗੰਢਾਂ ਦੇ ਕੇ
ਸੌਂਅ ਜਾਂਦੇ ਨੇ ਭੁੱਖਣ-ਭਾਣੇ।
ਇਸ ਨਗਰੀ ਦਾ ਹਾਕਮ
ਨੀ ਬਸ ਬੋਲਣ ਜਾਣੇ।

ਏਧਰ ਕਬਰਾਂ
ਓਧਰ ਕਬਰਾਂ
ਚਾਰ-ਚੁਫ਼ੇਰੇ ਕਬਰਾਂ।
ਇਸ ਨਗਰੀ ਦਾ ਹਰ ਪੱਤ ਪੀਲਾ
ਮੁਰਝਾਈਆਂ ਨੇ ਲਗਰਾਂ।
ਹੋਰ ਕਦੋਂ ਤੱਕ ਇਹ ਆਖਾਂਗੇ
ਉਹਦੀਆਂ ਉਹੀਓ ਜਾਣੇ?
ਇਸ ਨਗਰੀ ਦਾ ਹਾਕਮ
ਨੀ ਬਸ ਬੋਲਣ ਜਾਣੇ।

# ਮੇਰੇ ਯਾਰੋ ! ਗੀਤਕਾਰੋ !!

ਮੇਰੇ ਯਾਰੋ !
ਗੀਤਕਾਰੋ !!
ਆਪਣਾ ਫ਼ਰਜ਼ ਨਿਭਾਓ।
ਕਿ ਮਘਦੀ ਹੋਈ ਗੱਲ ਨੂੰ
ਅੱਗੇ ਵਧਾਓ।

ਤੋਰੋ ਵੇ ਤੋਰੋ ਚਰਚਾ
ਸੱਸੀ ਦੇ ਛਾਲਿਆਂ ਦੀ।
ਪਿੰਡਾਂ ਦੇ ਮੂੰਹ ਤੋਂ ਲਾਹਵੋ
ਜੰਮੀ ਤਹਿ ਜਾਲਿਆਂ ਦੀ।
ਰਾਤਾਂ 'ਚ ਹੋਏ ਕਤਲਾਂ ਦੇ
ਮੌਕੇ ਦੇ ਗਵਾਹੋ।
ਮੇਰੇ ਯਾਰੋ !
ਗੀਤਕਾਰੋ !!
ਆਪਣਾ ਫ਼ਰਜ਼ ਨਿਭਾਓ।

ਹੋਸ਼ਾਂ 'ਚ ਲਿਆਓ
ਦੇਸ਼ ਦੀ ਸੁੱਤੀ ਜਵਾਨੀ ਨੂੰ।
ਤੋਰਨਾ ਉਸ ਨੇ ਅੱਗੇ
ਸੱਚ ਦੀ ਕਹਾਣੀ ਨੂੰ।
ਕਿਰਤੀ ਦੇ ਜ਼ਿਹਨ ਅੰਦਰ
ਕੋਈ ਦੀਪ ਜਗਾਓ।
ਮੇਰੇ ਯਾਰੋ !
ਗੀਤਕਾਰੋ !!
ਆਪਣਾ ਫ਼ਰਜ਼ ਨਿਭਾਓ।



# ਫੁੱਟਦੀ ਪਹੁ ਜਿਹੇ ਗੀਤ

ਅਸੀਂ ਫੁੱਟਦੀ ਪਹੁ ਜਿਹੇ
ਗੀਤ ਗਾਉਣ ਆਏ ਹਾਂ।
ਅਸੀਂ ਸੁੱਤੇ ਪਏ ਫ਼ਰੀਦ ਨੂੰ
ਜਗਾਉਣ ਆਏ ਹਾਂ।

ਅਸੀਂ ਕੱਸੀ ਉੱਤੇ ਬਹਿ ਕੇ ਲਾਈਆਂ ਦੁੱਲੇ ਦੀਆਂ ਸੱਦਾਂ
ਅਸੀਂ ਸਰਵਾਂ 'ਚ ਗਾਏ ਗੀਤ ਪਿਆਰ ਦੇ।
ਉੱਥੇ ਸਾਡੇ ਦਿਲਾਂ ਵਿਚ ਲੋਕਤਾ ਦੀ ਪੀੜ ਵੀ ਏ
ਜਿੱਥੇ ਜਹੇ ਸਾਂਝੇ ਨੇ ਗ਼ਮ ਯਾਰ ਦੇ।
ਅਸੀਂ ਲੁੱਟੇ ਜਾਂਦੇ ਬੋਹਲਾਂ ਨੂੰ
ਬਚਾਉਣ ਆਏ ਹਾਂ।

ਸਾਡੇ ਸੁੱਚੇ ਹਾਸੇ ਦੀਏ ਕਾਤਿਲ ਰੁੱਤੇ ਨੀ
ਜਾਹ ਤੂੰ ਰੱਖ ਪਰ੍ਹਾਂ ਹਾੜਾਂ ਦਾ ਗ਼ਰੂਰ।
ਛਾਲਿਆਂ ਦੀ ਕੋਈ ਪਰਵਾਹ ਨਹੀਂ ਪੈਰ
ਟਿੱਬਿਆਂ ਦੀ ਹਿੱਕ ਉੱਤੇ ਧਰਨੇ ਜ਼ਰੂਰ।
ਅਸੀਂ ਮੱਥਾ ਰਾਜਧਾਨੀ ਨਾਲ
ਲਾਉਣ ਲਾਏ ਹਾਂ।

ਕਿਰਤੀ ਕਿਸਾਨ ਅਸੀਂ ਸੱਚੇ ਸੁੱਚੇ ਲੋਕ
ਸਾਡੀ ਜਿੱਤ 'ਤੇ ਹੈ ਸਾਨੂੰ ਵਿਸ਼ਵਾਸ।
ਅੱਜ ਭਾਵੇਂ ਵੈਰੀਆ ਦਾ ਕੱਲ੍ਹ ਸਾਡਾ ਹੋਊ
ਸਾਡੇ ਸੀਨੇ ਵਿਚ ਮਘਦੀ ਹੈ ਆਸ।
ਸੂਹੇ ਸੱਚ ਦਿਆਂ ਬੋਲਾਂ ਨੂੰ
ਫੈਲਾਉਣ ਆਏ ਹਾਂ।

## ਮਾਹੀ ਵੇ !

ਬਦਲੂ ਕਦੋਂ ਸਮਾਜ ਇਹ ਜੋ
ਪਿਆਰਾਂ 'ਤੇ ਜ਼ੁਲਮ ਕਮਾਏ
ਮਾਹੀ ਵੇ!
ਰੋਂਦਿਆਂ ਨੂੰ ਵਰਾਵੇ ਨਾ ਚੰਦਰਾ
ਹੋਰ ਵੀ ਸਗੋਂ ਰਵਾਏ
ਮਾਹੀ ਵੇ!

ਬੰਦੇ ਦੀ ਇੱਥੇ ਕਦਰ ਨਾ ਕੋਈ।
ਦੁਨੀਆਂ ਹੈ ਪੈਸੇ ਨੇ ਮੋਹੀ।
ਨਦੀ ਕਿਨਾਰੇ ਰਹਿੰਦੇ ਹੋਏ ਵੀ ਹਾਂ ਅਸੀਂ ਤਿਹਾਏ
ਮਾਹੀ ਵੇ!
ਬਦਲੂ ਕਦੋਂ ਸਮਾਜ ਇਹ ਜੋ
ਪਿਆਰਾਂ 'ਤੇ ਜ਼ੁਲਮ ਕਮਾਏ
ਮਾਹੀ ਵੇ!

ਚੌਧਰੀ ਇੱਥੇ ਲੰਡੇ ਲੁੱਚੇ।
ਭਲੇ ਮਨੁੱਖ ਨੂੰ ਨਾ ਕੋਈ ਪੁੱਛੇ।
ਸੱਚ ਨੂੰ ਫਾਂਸੀ ਦਿੱਤੀ ਜਾਂਦੀ ਇੱਥੇ ਵਿਚ ਚੁਰਾਹੇ
ਮਾਹੀ ਵੇ!
ਬਦਲੂ ਕਦੋਂ ਸਮਾਜ ਇਹ ਜੋ
ਪਿਆਰਾਂ 'ਤੇ ਜ਼ੁਲਮ ਕਮਾਏ
ਮਾਹੀ ਵੇ!



ਰਹਿ ਜਾਂਦੇ ਨੇ ਪਿਆਰ ਅਧੂਰੇ।
ਹੁੰਦੇ ਨਹੀਂ ਅਰਮਾਨ ਹਏ ਪੂਰੇ।
ਇੱਥੇ ਹਰ ਜਵਾਨੀ ਰੋਂਦੀ ਗੀਤ ਗ਼ਮਾਂ ਦੇ ਗਾਏ
ਮਾਹੀ ਵੇ!
ਬਦਲੂ ਕਦੋਂ ਸਮਾਜ ਇਹ ਜੋ
ਪਿਆਰਾਂ 'ਤੇ ਜ਼ੁਲਮ ਕਮਾਏ
ਮਾਹੀ ਵੇ!

ਕਿਰਤ ਕੁੜੀ ਮਰਦੀ ਹੈ ਭੁੱਖੀ।
ਦਿਨ ਦੀਵੇ ਹੀ ਜਾਂਦੀ ਲੁੱਟੀ।
ਹੀਰ ਰੰਝੇਟੇ ਦੀ ਸੈਦਾ ਕਾਣਾ ਵਿਆਹ ਕੇ ਲੈ ਜਾਏ
ਮਾਹੀ ਵੇ!
ਬਦਲੂ ਕਦੋਂ ਸਮਾਜ ਇਹ ਜੋ
ਪਿਆਰਾਂ 'ਤੇ ਜ਼ੁਲਮ ਕਮਾਏ
ਮਾਹੀ ਵੇ!

# ਕੋਈ-ਕੋਈ ਦੀਵਾ ਬਲੇ

ਕਾਲੀ ਰਾਤ ਹੈ ਸੱਜਣਾਂ!
ਕੋਈ-ਕੋਈ ਦੀਵਾ ਬਲੇ।

ਦਿਲ 'ਚ ਵਸਾ ਕੇ ਮੈਂ ਸੰਧੂਰੀ ਜਹੇ ਸੁਪਨੇ ਵੇ
ਤੱਕਦੀ ਹਾਂ ਰਾਹ ਤੇਰਾ।
ਪਰ ਸੋਚਾਂ ਕਿੰਨ੍ਹੀਂ ਰਾਹੀਂ ਆਵੇਗਾ ਤੂੰ ਮਿੱਤਰਾ ਵੇ
ਕਦਮ-ਕਦਮ 'ਤੇ ਪਹਿਰਾ।
ਘੂਕ ਸੁੱਤੀ ਵੀਹੀ ਨੂੰ ਵੇ ਘੂਰ-ਘੂਰ ਲੰਘਦੇ ਨੇ
ਕਿੱਲਾਂ ਵਾਲੇ ਬੂਟਾਂ ਦੇ ਤਲੇ।
ਕਾਲੀ ਰਾਤ ਹੈ ਸੱਜਣਾਂ!
ਕੋਈ-ਕੋਈ ਦੀਵਾ ਬਲੇ।

ਦਬੀ-ਦਬੀ ਰੋਹੀ 'ਚੋਂ ਆਵਾਜ਼ ਆਵੇ ਉੱਲੂਆਂ ਦੀ
ਚੀਰਦੀ ਹੋਈ ਪਿਪਲੀ ਦੇ ਰੁੱਖ ਨੂੰ।
ਜਾਂ ਕਦੇ-ਕਦੇ ਗੋਲੀ ਚੱਲਦੀ ਕੋਈ ਬਾਹਰ
ਕਰੇ ਜ਼ਖ਼ਮੀ ਵੇ ਰਾਤ ਵਾਲੀ ਚੁੱਪ ਨੂੰ।
ਰਾਤ ਦੀ ਕੁੱਖ ਵਿਚ ਸੱਜਣਾਂ ਵੇ! ਸੋਹਣਿਆਂ ਵੇ!!
ਕੱਲ੍ਹ ਦਾ ਸੂਰਜ ਪਲੇ।
ਕਾਲੀ ਰਾਤ ਹੈ ਸੱਜਣਾਂ!
ਕੋਈ-ਕੋਈ ਦੀਵਾ ਬਲੇ।

ਹਰ ਸਾਹ ਦੇ ਨਾਲ ਤੈਨੂੰ ਕਰਦੀ ਹਾਂ ਯਾਦ
ਮੈਨੂੰ ਜਿੰਦ ਤੋਂ ਪਿਆਰਾ ਤੇਰਾ ਪਿਆਰ ਵੇ!
ਰੱਖੀਂ ਮੇਰੇ ਪਿਆਰ ਦੀ ਤੂੰ ਲਾਜ਼ ਸਦਾ ਮਹਿਰਮਾ ਵੇ
ਲੋਕਾਂ ਦਾ ਰਹੀਂ ਤੂੰ ਵਫ਼ਾਦਾਰ ਵੇ!
ਜਿਨ੍ਹਾਂ ਦੇ ਪਿਆਰਾਂ ਵਿਚ ਖੋਟ ਹੁੰਦੀ ਢੋਲਣਾ ਵੇ
ਉਹੀਓ ਲੋਕ ਜਾਂਦੇ ਨੇ ਛਲੇ।
ਕਾਲੀ ਰਾਤ ਹੈ ਸੱਜਣਾਂ!
ਕੋਈ-ਕੋਈ ਦੀਵਾ ਬਲੇ।



# ਮੇਰਾ ਕੀ ਹੈ ?

ਮੇਰਾ ਕੀ ਹੈ ?
ਇਕ ਕੁਸੈਲਾ ਬੋਲ ਹਾਂ।
ਜਿਸ 'ਚੋਂ ਰਾਅ-ਤੋਤੇ ਉਡਾਰੀ ਮਾਰ ਗਏ,
ਮੈਂ ਕਿਸੇ ਬੁੱਢੇ ਬਿਰਖ ਦੀ ਪੋਲ ਹਾਂ।

ਕੱਲ੍ਹ ਤੱਕ ਕਿਸੇ ਕਵਾਰੇ ਹੱਥ ਦੀ ਛੋਹ ਪਾ ਕੇ,
ਪਿੰਡ ਦੇ ਖੂਹ ਦੀ ਮਣ 'ਤੇ ਖੜਕਦਾ ਡੋਲ ਸਾਂ।
ਅੱਜ ਲਹਿਣੇਦਾਰਾਂ ਦੀ ਅੱਖ 'ਚ ਰੜਕਦਾ,
ਮੈਂ ਕਿਸੇ ਕਰਜ਼ਾਈ ਜੱਟ ਦਾ ਬੋਹਲ ਹਾਂ।
ਜੋ ਕਦੀ ਸੰਗ-ਸੰਗ ਸੀ ਤੁਰਿਆ ਸੰਗ-ਸੰਗ,
ਮੈਂ ਆਪਣੇ ਤੋਂ ਦੂਰ ਉਸ ਦੇ ਕੋਲ ਹਾਂ।

ਝੱਖੜ ਦੇ ਵਿਚ ਆਲ੍ਹਣੇ 'ਚੋਂ ਦੋਸਤੋ,
ਮੈਂ ਕੀੜਿਆਂ ਦੇ ਭੌਣ 'ਤੇ ਡਿੱਗਿਆ ਬੋਟ ਹਾਂ।
ਮੈਂ ਕਿਸੇ ਵਿਧਵਾ ਫ਼ੌਜਣ ਦੀ ਉਮਰ ਹਾ,
ਏਸ ਰਾਜ ਵਿਚ ਵੱਧ ਤੋਂ ਵੱਧ ਇਕ ਵੋਟ ਹਾਂ।
ਮੈਂ ਬਾਪੂ ਦੇ ਸੁਪਨਿਆਂ ਦੀ ਕਬਰ ਹਾਂ,
ਮੈਂ ਜ਼ਿੰਦਗੀ ਨੂੰ ਕੀਤਾ ਕੋਈ ਮਖ਼ੌਲ ਹਾਂ।

ਹੀਰ ਨੂੰ ਖੇੜਿਆਂ ਦੇ ਪਿੰਡ ਆਉਂਦੀ ਜੋ ਯਾਦ,
ਰਾਂਝੇ ਨਾਲ ਮੁਲਾਕਾਤ ਦੀ ਮੈਂ ਉਹ ਗੱਲ ਹਾਂ।
ਜੋ ਸੂਰਜ ਨੂੰ ਚੁੰਮ ਕੇ ਵੇਖਣਾ ਚਾਹੁੰਦਾ ਹੈ,
ਮੈਂ ਓਸ ਅਲਬੇਲੇ ਗੱਭਰੂ ਦਾ ਝੱਲ ਹਾਂ।
ਦੁਸ਼ਮਣਾਂ ਲਈ ਮੈਂ ਖੰਡੇ ਦੀ ਧਾਰ ਹਾਂ,
ਦੋਸਤਾਂ ਲਈ ਫੁੱਲਾਂ ਤੋਂ ਵੀ ਸੋਹਲ ਹਾਂ।

# ਪੁੱਤ ਖਾਣੀ ਲਾਮ ਨਾ ਲੱਗੇ

ਪੁੱਤ ਖਾਣੀ ਲਾਮ ਨਾ ਲੱਗੇ
ਚੂੜੇ ਭੰਨ ਕੇ ਨਾ ਰੋਣ ਮੁਟਿਆਰਾਂ।

ਐਟਮਾਂ ਨੂੰ ਅੱਗ ਲੱਗ ਜੇ
ਇਹਨਾਂ ਅੱਗ ਹੈ ਧਰਤ ਨੂੰ ਲਾਉਣੀ।
ਸੋਨੇ ਦੇ ਵਪਾਰੀਆਂ ਨੇ
ਸੁੱਚੀ ਮਹਿਕ ਹੈ ਫੁੱਲਾਂ ਤੋਂ ਖੋਹਣੀ।
ਆਲ੍ਹਣੇ 'ਚ ਬੋਟ ਚੀਕਦੇ
ਜਦੋਂ ਲੰਘਣ ਜਹਾਜ਼ਾਂ ਦੀਆਂ ਡਾਰਾਂ।

ਮਿਹਨਤਾਂ ਦਾ ਮੁੱਲ ਮਿਲ ਜੇ
ਭੁੱਖਾ ਕਿਰਤੀ ਕੋਈ ਨਾ ਹੋਵੇ।
ਐਸਾ ਕੋਈ ਸੂਰਜ ਚੜ੍ਹੇ
ਕਾਲੇ ਵਰਕੇ ਨਸੀਬਾਂ ਦੇ ਜੋ ਧੋਵੇ।
ਮੌਤ ਪਏ ਪੱਤਝੜ ਨੂੰ
ਸ਼ਾਲਾ! ਜੁੱਗ-ਜੁੱਗ ਜੀਣ ਬਹਾਰਾਂ।

ਉਮਰਾਂ ਤੋਂ ਹੋਣ ਲੰਮੀਆਂ
ਰੱਬ ਵਰਗਿਆਂ ਯਾਰਾਂ ਦੀਆਂ ਯਾਰੀਆਂ।
ਅੱਗ ਲਾਓ ਪੈਸਿਆਂ ਨੂੰ
ਸਾਨੂੰ ਯਾਰੀਆਂ ਤਾਂ ਜਾਨ ਤੋਂ ਪਿਆਰੀਆਂ।
'ਧਰਮ' ਜਿੱਤ ਹੋਵੇ ਸੱਚ ਦੀ
ਸਦਾ ਹੁੰਦੀਆ ਕੂੜ ਨੂੰ ਹਾਰਾਂ।



# ਜਾਗ ਕਿਸਾਨਾ ਜਾਗ

ਜੇ ਤੂੰ ਮਿਹਨਤ ਦਾ ਮੁੱਲ ਲੈਣਾ,
ਇੱਜ਼ਤ ਨਾਲ ਦੁਨੀਆਂ ਵਿੱਚ ਰਹਿਣਾ,
ਆ ਜ਼ਾਲਮ ਸੰਗ ਜ਼ੁਲਮਾਂ ਦਾ ਹੁਣ
ਕਰੀਏ ਸਾਫ਼-ਕਿਤਾਬ!
ਜਾਗ ਕਿਸਾਨਾ ਜਾਗ! ਜਾਗ ਓ ਜੱਟਾ ਜਾਗ!!
ਜਾਗ ਜਵਾਨਾ ਜਾਗ! ਜਾਗ ਓ ਸ਼ੇਰਾ ਜਾਗ!!

ਦਿਨੇਂ ਰਾਤ ਤੂੰ ਕਰੇਂ ਕਮਾਈ
ਫਿਰ ਵੀ ਹੈਂ ਤੂੰ ਭੁੱਖਾ ਮਰਦਾ।
ਤੇਰੀਆਂ ਪੁੰਗਰ ਦੀਆਂ ਫ਼ਸਲਾਂ ਦੇ
ਸਿਰ ਉੱਤੇ ਸ਼ਾਹਾਂ ਦਾ ਕਰਜ਼ਾ।
ਲਾਲ ਵਹੀ ਵਿੱਚ ਬੰਦੇ ਨੇ ਤੇਰੇ
ਸਦੀਆਂ ਤੋਂ ਹੀ ਭਾਗ!
ਜਾਗ ਕਿਸਾਨਾ ਜਾਗ!

ਆਪਸ ਦੇ ਵਿੱਚ ਲੜਨਾ ਛੱਡ ਕੇ
ਆਪਸ ਦੇ ਵਿੱਚ ਏਕਾ ਕਰੀਏ।
ਸਾਡੇ ਹਾਸੇ ਦਾ ਜੋ ਕਾਤਿਲ
ਆ ਉਸ ਵੈਰੀ ਦੇ ਸੰਗ ਲੜੀਏ।
ਬਦਲੀਏ ਇਹਨੂੰ ਜੀਣ ਵਾਸਤੇ
ਇਹ ਨਹੀਂ ਠੀਕ ਸਮਾਜ!
ਜਾਗ ਹੋ ਜੱਟਾ ਜਾਗ!

ਧਨੀਆਂ ਦੀ ਗਾਨੀ ਵਿਚ ਗੁੰਦੇ
ਤੇਰੇ ਮੁੜ੍ਹਕੇ ਦੇ ਨੇ ਮੋਤੀ।
ਤੇਰੇ ਬੱਚਿਆਂ ਦੇ ਹੱਥਾ 'ਚੋਂ
ਚੰਦਰੇ ਕਾਵਾਂ ਖੋਹ ਲਈ ਰੋਟੀ।
ਤੇਰੇ ਕੋਲੋਂ ਖੋਹ ਲਿਆ ਬੰਦਿਆ
ਵਾਂਗ ਜੀਣ ਦਾ ਖ਼ਾਬ!
ਜਾਗ ਕਿਸਾਨਾ ਜਾਗ!

ਕਈ ਰੁੱਤਾਂ ਆ ਆ ਕੇ ਲੰਘੀਆਂ
ਸਾਡੇ ਹਾਣ ਦੀ ਰੁੱਤ ਨਾ ਆਈ।
ਹਰ ਰੁੱਤ ਨੇ ਸਾਡੀ ਚਮੜੀ ਲਾਹੀ,
ਹਰ ਰੁੱਤ ਬਣਕੇ ਮਿਲੀ ਕਸਾਈ।
ਹਰ ਰੁੱਤ ਨੇ ਸਾਡੀ ਤਲੀ 'ਤੇ ਰੱਖੇ
ਮੁਰਝਾਏ ਗੁਲਾਬ!
ਜਾਗ ਕਿਸਾਨਾ ਜਾਗ!

ਖੇਤਾਂ ਤੋਂ ਲੈ ਇੱਜ਼ਤ ਦੇ ਤੱਕ
ਤੇਰਾ ਸਭ ਕੁੱਝ ਗਹਿਣੇ ਟਿਕਿਆ।
ਪੈਸੇ ਦੀ ਇਸ ਮੰਡੀ ਅੰਦਰ
ਤੂੰ ਪੈਰਾਂ ਤੋਂ ਸਿਰ ਤੱਕ ਵਿਕਿਆ।
ਆ ਇਹਨਾਂ ਵਹਿਸ਼ੀ ਸਮਿਆਂ ਨੂੰ
ਦੇਈਏ ਕੋਈ ਜਵਾਬ!

ਜਾਗ ਕਿਸਾਨਾ ਜਾਗ! ਜਾਗ ਓ ਜੱਟਾ ਜਾਗ!!
ਜਾਗ ਜਵਾਨਾ ਜਾਗ! ਜਾਗ ਓ ਸ਼ੇਰਾ ਜਾਗ!!



## ਨਿੱਕੀ ਉਮਰੇ

ਨਿੱਕੀ ਉਮਰੇ ਮੇਰੀ ਨੈਣੀਂ
ਨਕਸ਼ ਕਿਸੇ ਦੇ ਚੜ੍ਹ ਗਏ,
ਸੱਚ ਪੁੱਛੋਂ ਤਾਂ ਉਹਨਾਂ ਨਕਸ਼ਾਂ
ਮੈਨੂੰ ਸ਼ਾਇਰ ਬਣਾਇਆ।

ਜਿਉਂ ਘਾਹ ਉੱਤੇ ਤਰੇਲ ਦੇ ਤੁਪਕੇ
ਕੁੱਝ ਪਲ ਖੁਸ਼ੀ ਸੀ ਆਈ,
ਗ਼ਮ ਦੇ ਸਿਖਰ ਦੁਪਹਿਰੇ ਨੇ
ਉਸ ਨੂੰ ਵੀ ਸਾੜ ਮੁਕਾਇਆ।

ਦੀਦੇ ਮੇਰੇ ਸਾਉਣ ਦੇ ਬੱਦਲ
ਲੱਪ-ਲੱਪ ਹੰਝੂ ਡੋਲ੍ਹਣ,
ਐਸਾ ਸੰਗ-ਦਿਲ ਬੇ-ਕਦਰਾਂ ਨੇ
ਹਾਏ! ਕੀ ਦਗ਼ਾ ਕਮਾਇਆ।

ਲਾਜਵੰਤੀ ਦੇ ਬੂਟੇ ਵਾਂਗੂੰ
ਜੋਬਨ ਰੁੱਤ ਕੁਮਲਾ ਗਈ,
ਥੰਮੀਆਂ ਦੇ ਗਲ ਲੱਗ ਜਾਂ ਰਾਤੀਂ
ਦਰਦ ਦਿਲੇ ਦਾ ਗਾਇਆ।

ਫੁੱਲ-ਫਲ ਬਣਕੇ ਲੱਗ ਗਏ ਇਸ ਨੂੰ
ਗੀਤ, ਗ਼ਜ਼ਲ, ਕਵਿਤਾਵਾਂ,
ਮੈਂ ਪਿਆਰ ਦੇ ਬੂਟੇ ਦੇ ਮੁੱਢ
ਖ਼ੂਨ ਆਪਣਾ ਪਾਇਆ।

## ਵੇ ਪ੍ਰਦੇਸੀਆ !

ਸੱਜਣਾ ਵੇ!
ਪ੍ਰਦੇਸੀਆ!!
ਕਦੀ ਆ ਬਹਿ ਮੇਰੇ ਕੋਲ ਵੇ!!!
ਸੋਨੇ ਵਰਗੀ ਜਿੰਦ ਮੇਰੀ ਨਾ
ਕੱਖਾਂ ਵਾਂਗੂੰ ਰੋਲ ਵੇ!

ਸੂਰਜੋਂ ਸੱਖਣੇ ਦਿਨ ਮੇਰੇ
ਤੇ ਚੰਦ ਦੇ ਬਾਝੋਂ ਰਾਤਾਂ ਵੇ!
ਮੈਨੂੰ ਮੇਰੀ ਚੁੱਪ ਸਣਾਉਂਦੀ
ਰਹਿੰਦੀ ਲੱਖਾਂ ਬਾਤਾਂ ਵੇ!
ਅੱਧੀ-ਅੱਧੀ ਰਾਤੀਂ ਉੱਠ ਕੇ
ਮਾਰਾ ਤੈਨੂੰ ਹਾਕਾਂ ਵੇ!
ਸੱਜਣਾ ਵੇ!
ਪ੍ਰਦੇਸੀਆ!!

ਕਿਸ ਨੇ ਮਿਲਾਪ ਦੇ ਵਿਹੜੇ ਦੱਬੇ
ਹਿਜ਼ਰਾਂ ਦੇ ਤਵੀਤ ਵੇ!
ਕਿਸ ਨੇ ਮੇਰੇ ਲੇਖੀਂ ਲਿਖ 'ਤੇ
ਇਹ ਬਿਰਹੋਂ ਦੇ ਗੀਤ ਵੇ!
ਬਿਰਹਾ ਗਾਉਂਦੇ ਗਾਉਂਦੇ ਮੇਰੀ
ਅਉਧ ਨਾ ਜਾਏ ਬੀਤ ਵੇ!
ਸੱਜਣਾ ਵੇ!
ਪ੍ਰਦੇਸੀਆ!!



ਹਾਣ ਦੀਆਂ ਸਭ ਕੰਤ ਹੰਢਾਵਣ
ਮੈਂ ਹੰਢਾਵਾਂ ਪੀੜਾਂ ਵੇ!
ਸਖੀਆਂ ਰੁੱਠੜੇ ਯਾਰ ਮਨਾਵਣ
ਮੈਂ ਮਨਾਵਾਂ ਪੀੜਾਂ ਵੇ!
ਪਹਿਨਾ, ਪੱਚਰਾਂ, ਹੇਠ ਵਿਛਾਵਾਂ,
ਪੀਵਾਂ, ਖਾਵਾਂ ਪੀੜਾਂ ਵੇ!
ਸੱਜਣਾ ਵੇ!
ਪ੍ਰਦੇਸੀਆ!!
ਕਦੀ ਆ ਬਹਿ ਮੇਰੇ ਕੋਲ ਵੇ!
ਸੋਨੇ ਵਰਗੀ ਜਿੰਦ ਮੇਰੀ ਨਾ
ਕੱਖਾਂ ਵਾਂਗੂੰ ਰੋਲ ਵੇ!

# ਇਹ ਕੇਹਾ ਹੈ ਹਾਦਸਾ

ਮੈਂ ਉਹਨੂੰ ਆਪਣੀ ਬਣਾ ਵੀ ਨਾ ਸਕਿਆ।
ਮੈਂ ਉਹਨੂੰ ਦਿਲ 'ਚੋਂ ਭੁਲਾ ਵੀ ਨਾ ਸਕਿਆ।
ਇਹ ਕੇਹਾ ਹੈ ਹਾਦਸਾ ਦੋਸਤੋ!
ਮੈਂ ਜਿਸ ਕੋਲੋਂ ਖ਼ੁਦ ਨੂੰ ਬਚਾ ਵੀ ਨਾ ਸਕਿਆ ..........

ਚੰਗਾ ਹੁੰਦਾ ਅਸੀਂ ਨਾ ਹੀ ਮਿਲਦੇ
ਲੱਗਦਾ ਨਾ ਰੋਗ ਜਵਾਨੀ ਨੂੰ।
ਉਂਗਲੀ 'ਚੋਂ ਲਾਹਵਾਂ ਤੇ ਮੁੜ-ਮੁੜ ਕੇ ਪਾਵਾਂ
ਚੰਦਰੀ ਦੀ ਦਿੱਤੀ ਨਿਸ਼ਾਨੀ ਨੂੰ।
ਮੈਂ ਪੀੜਾਂ ਦੇ ਪੰਛੀ ਉਡਾ ਵੀ ਨਾ ਸਕਿਆ।
ਤੇ ਚੋਗ ਮਹਿੰਗੀ ਚੁਗਾ ਵੀ ਨਾ ਸਕਿਆ ..............

ਚੇਤੇ ਦੇ ਵਿਚ ਵਿਲਕ ਰਹੀਆਂ ਨੇ
ਉਹਦੀਆਂ ਬਾਤਾਂ ਤੇ ਮੁਲਾਕਾਤਾਂ।
ਮੈਂ ਰਾਤਾਂ ਦੇ ਗਲ ਲੱਗ ਰੋਵਾਂ
ਮੇਰੇ ਗਲ ਲੱਗ ਰੋਵਣ ਰਾਤਾਂ।
ਮੈਂ ਨ੍ਹੇਰੇ ਦੇ ਨਾਲ ਨਿਭਾਅ ਵੀ ਨਾ ਸਕਿਆ।
ਤੇ ਕਿਤੋਂ ਚਾਨਣ ਲਿਆ ਵੀ ਨਾ ਸਕਿਆ .............

ਮੈਨੂੰ ਪਤਾ ਹੈ ਪੀੜ ਮੇਰੀ ਦਾ
ਅੰਤ ਬੁਰਾ ਹੀ ਹੋਏਗਾ।
ਖ਼ੂਨ ਜਿਗਰ ਦਾ ਬਣ-ਬਣ ਹੰਝੂ
ਅੱਖੀਆਂ ਥਾਣੀ ਚੋਏਗਾ।
ਮੈਂ ਹੰਝੂਆਂ ਦੇ ਨਾਲ ਨਿਭਾਅ ਵੀ ਨਾ ਸਕਿਆ।
ਤੇ ਕਿਤੋਂ ਹਾਸੇ ਲਿਆ ਵੀ ਨਾ ਸਕਿਆ ...........



# ਛਣ-ਛਣ ਛਣਕਣ ਵੰਗਾਂ

ਸਿਖਰ ਦੁਪਹਿਰਾ ਉਮਰਾਂ ਉੱਤੇ
ਛਣ-ਛਣ ਛਣਕਣ ਵੰਗਾਂ।
ਪੌਣ ਪੁਰੇ ਦੀ ਬਣ ਕੇ ਆ ਜਾ
'ਵਾਜ਼ ਮਾਰਦੀ ਸੰਗਾਂ।

ਕੱਟਦੀ ਪਈ ਆਂ ਹਿਜ਼ਰਾਂ ਦੇ ਪਲ
ਯਾਦ ਤੇਰੀ ਗਲ ਲਾ ਕੇ।
ਚਿੱਤ ਪਰਚਾਵਾਂ
ਚਿੱਟੀ ਚਾਦਰ ਉੱਤੇ ਬੂਟੀਆਂ ਪਾ ਕੇ।
ਜਾਗ ਪੈਣ ਨਾ ਸੁੱਤੀਆਂ ਪੀੜਾਂ
ਡਰਦੀ-ਡਰਦੀ ਖੰਘਾਂ .............

ਸੱਜਣਾ ਵੇ!
ਉਮਰਾਂ ਦੇ ਵਿਹੜੇ ਮਹਿਕਾਂ ਦੀ ਰੁੱਤ ਆਈ।
ਮੈਂ ਝੱਲੀ, ਮੈਂ ਬਉਰੀ ਹੋ ਗੀ
ਮੈਂ ਫਿਰਾਂ ਨਸ਼ਿਆਈ।
ਜ਼ਿੰਦਗੀ ਦਾ ਇਹ ਸੱਚ ਸੁਨਹਿਰੀ
ਕਿਸ ਕਿੱਲੀ 'ਤੇ ਟੰਗਾ .............

ਸੱਜਣਾ! ਮੈਂ ਜੀਣਾ ਚਾਹੁੰਦੀ
ਜੂਨੀ ਭੋਗਣ ਨਹੀਂ ਆਈ।
ਪਰ ਇਹ ਜੀਣਾ ਕੀ ਜੀਣਾ ਹੈ
ਤੂੰ ਨਾ ਦਏਂ ਦਿਖਾਈ।
ਸਖੀਆਂ ਰੰਗ ਲਏ ਲਾਲ ਦੁਪੱਟੇ
ਮੈਂ ਕਿਹੜਾ ਰੰਗ ਰੰਗਾਂ .............

## ਰਹਿੰਦਾ ਉਦਾਸ ਹਾਂ

ਅਕਸਰ ਹੀ ਹੁਣ ਮੈਂ ਦੋਸਤੋ!
ਰਹਿੰਦਾ ਉਦਾਸ ਹਾਂ।
ਤੇ ਇਕ ਗਵਾਚੇ ਗੀਤ ਦੀ ਕਰਦਾ ਤਲਾਸ਼ ਹਾਂ।

ਬਲਦੇ ਸਿਵੇ ਦੀ ਰਾਖ਼ ਹਾਂ, ਖੰਡਰਾਂ ਦੀ ਚੁੱਪ ਹਾਂ ਦੋਸਤੋ!
ਹਉਕਿਆਂ ਦੀ ਦਰਦੀਲੀ ਕਥਾ, ਹੰਝੂਆਂ ਦਾ ਬੁੱਕ ਹਾ ਦੋਸਤੋ!
ਸੱਤ ਸਮੁੰਦਰ ਡੀਕ ਲਾ ਕੇ ਪੀ ਲਏ ਨਾ ਬੁਝ ਸਕੀ,
ਹੋਂਠਾ ਨੂੰ ਲੱਗੀ ਹਾਣੀਓਂ
ਚੰਦਰੀ ਪਿਆਸ ਹਾਂ .............

ਛਾਈ ਹੈ ਰੁੱਤ ਜੋ ਸ਼ਹਿਰ 'ਤੇ ਇਹ ਰੁੱਤ ਨਾ ਮੇਰੇ ਹਾਣਦੀ।
ਮੇਰੇ ਦਰਦ ਨੂੰ ਇਸ ਸ਼ਹਿਰ ਦੀ ਹਰ ਇਕ ਗਲੀ ਹੈ ਜਾਣਦੀ।
ਇਕ ਮੁਹੱਬਤੀ ਬੋਲ ਦੇ ਤੁਰ ਜਾਣ ਦਾ ਗ਼ਮ ਖਾ ਗਿਆ,
ਚੁੰਝਾਂ ਦੀ ਟੁੱਟੀ ਸਾਂਝ ਦਾ
ਮੈਂ ਵਿਲਕਦਾ ਅਹਿਸਾਸ ਹਾਂ...............

ਉਹ ਮਿਲ ਜਾਏ ਤਾਂ ਜੀਣ ਲਈ ਮਿਲ ਜੇ ਬਹਾਨਾ ਦੋਸਤੋ!
ਉਹਦੇ ਬਿਨਾ ਖ਼ੁਦ ਲਈ ਵੀ ਮੈਂ ਹੋਇਆ ਬੇਗਾਨਾ ਦੋਸਤੋ!
ਕਦੀ-ਕਦੀ ਲੱਗਦਾ ਹੈ ਉਸ ਤੋਂ ਦੂਰ ਹਾਂ ਕੋਹਾਂ,
ਕਦੀ-ਕਦੀ ਲੱਗਦਾ ਹੈ
ਕਿ ਬਸ ਆਸ-ਪਾਸ ਹਾਂ ..................



## ਕਿਹੜੇ ਇਸ਼ਕ ਦੀ ਕਿਹੜੀ ਕਹਾਣੀ

ਕਿਹੜੇ ਇਸ਼ਕ ਦੀ, ਕਿਹੜੀ ਕਹਾਣੀ ਸੁਣਾਉਂਦੇ ਹੋਂ ਯਾਰੋ!
ਮਸਾਂ ਵਰਾ ਕੇ ਸਵਾਈਆਂ ਨੇ ਪੀੜਾਂ, ਜਗਾਉਂਦੇ ਹੋਂ ਯਾਰੋ!

ਮੈਂ ਚੁੱਪ ਹਾਂ ਤਾਂ ਮੈਨੂੰ ਚੁੱਪ ਰਹਿਣ ਦੇਵੋ
ਤੁਸੀਂ ਬਲਾ ਕੇ ਕੀ ਹੈ ਲੈਣਾ?
ਸ਼ਾਮ ਢਲੀ ਤੁਸੀਂ ਮਹਿਫ਼ਲ 'ਚ ਜਾਓ
ਮੈਂ ਤਾਂ ਉਜਾੜਾਂ ਵਿਚ ਜਾ ਬਹਿਣਾ।
ਅੰਦਰੋਂ ਕੋਈ ਆਵਾਜ਼ ਨਹੀਂ ਆਉਣੀ,
ਕੀਹਦੇ ਲਈ ਦਰ ਖੜਕਾਉਂਦੇ ਹੋਂ ਯਾਰੋ!

ਬੀਤੇ ਦੇ ਕਾਲੇ ਪੱਤਰੇ ਨਾ ਫੋਲੋ
ਜਦ ਕੋਈ ਆ ਕੇ ਦਿੰਦਾ ਏ ਫੋਲ।
ਗੀਤਾਂ ਦੀ ਉੱਜੜੀ ਰੂਹ ਰੋਂਦੀ ਹੈ
ਪੀੜ ਮੇਰੀ ਨੂੰ ਪੈ ਜਾਏ ਹੌਲ।
ਜਦੋਂ ਪਤਾ ਉਨ੍ਹੇ ਮੁੜ ਨਹੀਂ ਆਉਣਾ,
ਕੀਹਦੇ ਲਈ ਘਰ ਇਹ ਸਜਾਉਂਦੇ ਹੋ ਯਾਰੋ!

ਮੈਂ ਰੂਹ 'ਚ ਵਸਾ ਲਈ ਫ਼ੱਕਰਾਂ ਦੀ ਮਸਤੀ
ਮੈਂ ਦਰਿਆਵਾਂ ਜਿਹਾ ਕਰ ਲਿਆ ਜੇਰਾ।
ਮੈਂ ਹਉਕਿਆਂ ਨੂੰ ਆਪਣਾ ਨਸੀਬ ਕਹਿ ਬੈਠਾ
ਹਾਸਿਆਂ ਨਾਲ ਕੀ ਨਾਤਾ ਹੈ ਮੇਰਾ।
'ਧਰਮ' ਨੂੰ ਬੀਤੇ ਦੀ ਯਾਦ ਦਵਾ ਕੇ
ਕਿਉਂ ਤੀਰ ਦਿਲ 'ਤੇ ਚਲਾਉਂਦੇ ਹੋ ਯਾਰੋ!

# ਪੱਥਰਾਂ ਦੇ ਕੋਲ

ਪੱਥਰਾਂ ਦੇ ਕੋਲ ਦੁੱਖ ਫੋਲਦੈਂ ਦਿਲਾ ਵੇ!
ਇਥੇ ਫੁੱਲ ਵੀ ਤਰਸ ਨਹੀਓਂ ਕਰਦੇ।
ਤੂੰ ਕੱਚਿਆਂ 'ਤੇ ਤਰਨੇ ਦਾ ਝੱਲ ਛੱਡ ਦੇ ਵੇ!
ਇੱਥੇ ਪੱਕੇ ਵੀ ਘੜੇ ਨਹੀਓਂ ਤਰਦੇ .............

ਇੱਥੇ ਲੱਗਦੇ ਮੁਹੱਬਤਾਂ ਦੇ ਬੁੱਲ੍ਹਾਂ ਤਾਈਂ ਤਾਲੇ।
ਇੱਥੇ ਸੱਸੀ ਦਿਆਂ ਪੈਰਾਂ ਨੂੰ ਨਸੀਬ ਹੁੰਦੇ ਛਾਲੇ।
ਸਾਰੀ ਉਮਰਾ ਲੰਘੇ ਵੇ ਜਿਵੇਂ ਤਪਦਾ ਤੰਦੂਰ
ਲੋਕੀਂ ਸਿਵਿਆਂ 'ਚ ਜਾ ਕੇ ਹੀ ਨੇ ਠਰਦੇ ...........

ਅੱਜ ਦੋਸਤਾਂ ਦੀ ਦੋਸਤੀ ਵੀ ਹੋ ਗਈ ਏ ਬੌਣੀ।
ਤੇਰੇ ਨਾਲ ਕਿਸੇ ਮਾਰੂਥਲ ਤੀਕ ਨਹੀਂ ਨਿਭਾਉਣੀ।
ਸੁੱਕੇ ਕਿਆਰਿਆਂ ਦੇ ਵੱਲ ਜਾਂਦਾ ਕਿਸ ਦਾ ਧਿਆਨ
ਇਥੇ ਬੱਦਲ ਵੀ ਗਿੱਲੀ ਥਾਂ 'ਤੇ ਵਰ੍ਹਦੇ ............

ਗਲ ਹੰਝੂਆਂ ਦੇ ਲੱਗ ਘੁੱਟ ਸਬਰਾਂ ਦੇ ਪੀ ਲਾ।
ਮਨਾਂ ਪੀੜਾਂ ਨੂੰ ਤੂੰ ਆਪਣਾ ਨਸੀਬ ਕਹਿ ਕੇ ਜੀ ਲਾ।
ਇਹੇ ਜ਼ਖ਼ਮ ਵਿਛੋੜੇ ਵਾਲੇ ਹੋਣ ਏਨੇ ਡੂੰਘੇ
ਸਾਹ ਤਾਂ ਮੁੱਕ ਜਾਂਦੇ ਇਹ ਨਹੀਓਂ ਭਰਦੇ .............



# ਸੁਣ ਵੇ ਪਿੱਪਲਾ !

ਸੁਣ ਵੇ ਪਿੱਪਲਾ! ਪੀਘਾਂ ਵਾਲਿਆ ਮੇਰੀ ਦਰਦ ਕਹਾਣੀ।
ਸਿਖਰ ਦੁਪਹਿਰੇ ਤੇਰੀ ਛਾਵੇਂ ਛਾਂ ਮੈਂ ਜਿਸ ਦੀ ਮਾਣੀ।
ਤੂੰ ਤਾਂ ਉਹੋ ਜਿਹਾ ਖਲੋਤੈਂ ਨਜ਼ਰ ਨਾ ਆਵੇ ਹਾਣੀ।
ਅੱਖੀਆਂ ਵਿਚੋਂ ਆਪ-ਮੁਹਾਰੇ ਵਹਿ ਤੁਰਦਾ ਹੈ ਪਾਣੀ।

ਚੜ੍ਹੀ ਜਵਾਨੀ ਪੀਂਘ ਝੁਟੇਂਦੀ
ਅੰਬਰ ਨਿਉਂ-ਨਿਉਂ ਕਰੇ ਸਲਾਮਾਂ।
ਫੁੱਟਦੀ ਪਹੁ ਮੇਰੇ ਪੈਰ ਸੀ ਚੁੰਮਦੀ
ਮੱਥਾ ਚੁੰਮਣ ਆਈਆਂ ਸ਼ਾਮਾਂ।
ਕਿਹੜੇ ਹੜ੍ਹ ਵਿਚ ਰੁੜ੍ਹ ਗਈ ਅੜਿਆ ਹੁੰਦੜ-ਹੇਲ ਜਵਾਨੀ.....

ਭਲਿਆਂ ਲੋਕਾਂ! ਭੁੱਲ ਕੀ ਤੈਥੋਂ
ਤੂੰ ਸਭ ਗੁੱਝੀਆਂ ਗੱਲਾਂ ਜਾਣੇ।
ਕਿਸ ਨੂੰ ਦੱਸਣ ਦਰਦ ਦਿਲੇ ਦਾ
ਭੱਠੀ ਦੇ ਵਿੱਚ ਭੁੱਜਦੇ ਦਾਣੇ।
ਤੂੰ ਹੀ ਦੱਸ ਵੇ! ਪੀੜਾਂ ਜੋਗੀ ਸੀ ਇਹ ਜਿੰਦ ਨਿਮਾਣੀ...........

ਜਿਨ੍ਹਾਂ ਸੰਗ ਮੈਂ ਹੱਸੀ ਖੇਡੀ
ਨਜ਼ਰ ਕਿਤੇ ਨਾ ਆਵਣ ਸਈਆਂ।
ਜਿੱਥੇ-ਜਿੱਥੇ ਸੀ ਚੋਗ ਖਿਲਾਰੀ
ਵਾਰੋ ਵਾਰੀ ਚੁਗਣ ਨੇ ਗਈਆਂ।
ਤੇਰੇ ਮੁੱਢੀਂ ਮੁੜ ਨਾ ਜੁੜਨੀ ਸਖੀਆਂ ਦੀ ਉਹ ਢਾਣੀ .......

# ਉਹ ਨਹੀਂ ਮਿਲਿਆ

ਜਿਸ ਨੂੰ ਸ਼ਿੱਦਤ ਨਾਲ ਮੈਂ ਦਿਲ 'ਚੋਂ ਚਾਹਿਆ ਸੀ,
ਉਹ ਨਹੀਂ ਮਿਲਿਆ ਕਿਸੇ ਨੂੰ ਕੀ ਕਹੀਏ।
ਸਾਨੂੰ ਇਕ ਵੀ ਬਿਰਖ ਚੁਫ਼ੇਰੇ ਨਹੀਂ ਦੀਂਹਦਾ,
ਬਲਦੇ ਪੈਰੀਂ ਜਿਸ ਦੀ ਛਾਵੇਂ ਜਾ ਬਹੀਏ।

ਜੇਕਰ ਜ਼ਖ਼ਮ ਬੇਗਾਨਾ ਕੋਈ ਦੇਵੇ ਤਾਂ,
ਲੱਖ ਉਜਰ, ਲੱਖ ਦਾਵੇ, ਲੱਖਾਂ ਦਿਲਾਸੇ।
ਪਰ ਜਿਨ੍ਹਾਂ ਨੂੰ ਮਾਰਨ ਮਹਿਰਮ ਦਿਲ ਦੇ ਹੀ,
ਉਹ ਨਿਕਰਮੇ ਜਾਣ ਭਲਾਂ ਹਏ! ਕਿਸ ਪਾਸੇ।
ਲੋਕੀਂ ਸਾਥੋਂ ਪੁੱਛਦੇ ਨੇ ਨਾਂ ਕਾਤਿਲ ਦਾ,
ਉਸ ਦੀ ਬਦਨਾਮੀ ਦਾ ਡਰ ਕੀ ਨਾਂ ਲਈਏ ..........

ਗਲੀਆਂ ਵਿੱਚ ਸੁੰਨ-ਸਾਨ ਚੁਫ਼ੇਰੇ ਚੁੱਪ ਪਸਰੀ,
ਕਿਸ ਨੇ ਆ ਕੇ ਸਾਡਾ ਦਰ ਖੜਕਾਇਆ ਹੈ।
ਜੀ ਆਇਆਂ ਨੂੰ ਪੀੜੋ, ਆਓ ਲੰਘ ਆਓ,
ਸਾਡੇ ਘਰ ਵਿੱਚ ਚਲੋ ਕੋਈ ਤਾਂ ਆਇਆ ਹੈ।
ਇਸ ਮੌਸਮ ਵਿੱਚ ਸਾਹ ਵੀ ਲੈਣਾ ਔਖਾ ਹੈ,
ਇਸ ਮੌਸਮ ਵਿੱਚ ਰਹੀਏ ਤਾਂ ਅਸੀਂ ਕਿੰਜ ਰਹੀਏ ..........

ਸਾਉਣ ਮਹੀਨਾ ਰੁੱਤ ਪੈਲਾਂ ਪਾਵਨ ਦੀ ਹੈ,
ਬੈਠਾ ਹੈ ਪਰ ਉਦਾਸ ਹਏ! ਸੋਚਾਂ ਦਾ ਮੋਰ।
ਬਣਕੇ ਰਹਿ ਗੀ ਦੋਸਤੋ! ਕੀੜਿਆਂ ਦਾ ਭੌਣ,
ਮਿੱਠੀ ਜਹੀ ਜ਼ਿੰਦਗੀ, ਪਤਾਸਿਆਂ ਦਾ ਭੋਰ।
ਸਾਨੂੰ ਸਾਡੀ ਆਪਣੀ ਚੁੱਪ ਹੀ ਖਾ ਗਈ,
ਆ ਨਾ ਜਿੰਦੇ! ਕੁੱਝ ਨਾ ਕੁੱਝ ਤਾਂ ਕਹਿ ਦਈਏ ..........



# ਚਾਰ ਕੋਸੇ ਹੰਝੂ

ਅਸੀਂ ਉਮਰਾ ਗੁਜ਼ਾਰੀ ਜਿਵੇਂ ਭੁਗਤੀ ਦੀ ਕੈਦ,
ਸਾਡੇ ਰਾਹਾਂ ਵਿੱਚ ਰੁਲੀਆਂ ਪਿਆਰ ਦੀਆਂ ਗੱਲਾਂ।
ਅਸਾਂ ਫ਼ੱਕਰਾਂ ਦੀ ਪੂੰਜੀ ਬਸ ਚਾਰ ਕੋਸੇ ਹੰਝੂ,
ਤੇ ਜਾਂ ਚੇਤਿਆਂ 'ਚ ਸਾਂਭੀਆਂ ਦੋ ਯਾਰ ਦੀਆ ਗੱਲਾਂ।

ਸਾਡੇ ਵੈਰੀਆਂ ਨੇ ਸਾਡੇ ਨਾਲ ਖੇਡੇ ਹੱਥਕੰਡੇ।
ਸਾਡੇ ਰਾਹਾਂ 'ਚ ਖਿਲਾਰ ਦਿੱਤੇ ਭੱਖੜੇ ਦੇ ਕੰਡੇ।
ਉਹੋ ਰੁਕੀਆਂ ਵੀ ਨਹੀਂ, ਅਸੀਂ ਰੋਕ ਵੀ ਨਾ ਸਕੇ,
ਸਾਡੇ ਬੂਹਿਓਂ ਆ ਕੇ ਮੁੜੀਆਂ ਬਹਾਰ ਦੀਆ ਗੱਲਾਂ।

ਇਸ ਦੰਮਾਂ ਦਿਆਂ ਲੋਭੀਆਂ ਦੇ ਸ਼ਹਿਰ ਵਿੱਚ ਜੀਣਾ।
ਜਾਣੀ ਮੁਸ਼ਕੇ ਹੋਏ ਛੱਪੜਾਂ ਦੇ ਪਾਣੀਆਂ ਨੂੰ ਪੀਣਾ।
ਇਸ ਭੀੜ ਵਿੱਚ ਸਾਨੂੰ ਕੋਈ ਆਪਣਾ ਨਾ ਦਿਸੇ,
ਕੀਹਨੂੰ ਦੱਸੀਏ ਹਏ! ਦਿਲ ਦੇ ਲੰਗਾਰ ਦੀਆਂ ਗੱਲਾਂ।

ਮੀਂਹ ਪੈਣ ਪਿਛੋਂ ਵਗਦੀ ਪੁਰੇ ਦੀ ਜਦੋਂ ਪੌਣ।
ਸਾਨੂੰ ਟੁੱਟਪੈਣੀ ਇਕ ਪਲ ਵੀ ਨਾ ਦਿੰਦੀ ਸੌਣ।
ਸਾਡੇ ਨਾਲ ਬਾਤਾਂ ਪਾਉਂਦੀ ਰਹੀ ਕਬਰਾਂ ਦੀ ਚੁੱਪ,
ਸਾਥੋਂ ਦੂਰ ਰਹੀਆਂ ਕਿਸੇ ਮੁਟਿਆਰ ਦੀਆਂ ਗੱਲਾਂ।

ਸਾਨੂੰ ਭੁੱਲ ਗਏ ਨੇ ਹਾਸੇ ਅਤੇ ਰੋਣਾ ਵੀ ਨਾ ਆਏ।
ਅਸੀਂ ਪੱਥਰਾਂ ਜਏ੍ਹੇ ਜੇਰੇ ਕਰ ਵਕਤ ਲੰਘਾਏ।
ਸਾਡੇ ਗੀਤਾਂ ਗਲ ਹਾਰ ਯਾਰੋ ਪਾਏ ਉਨ੍ਹਾਂ ਹਾਰਾਂ,
ਸਾਡੀ ਜ਼ਿੰਦਗੀ 'ਚ ਬੀਤੀਆਂ ਜੋ ਹਾਰ ਦੀਆਂ ਗੱਲਾਂ।

## ਸਾਡੇ ਨਾਲ ਮੁਹੱਬਤਾਂ ਪਾ ਕੇ

ਸਾਡੇ ਨਾਲ ਮੁਹੱਬਤਾਂ ਪਾ ਕੇ
ਬਹਿ ਗਿਓਂ ਵਿੱਚ ਪ੍ਰਦੇਸਾਂ ਜਾ ਕੇ
ਵੇ ਮੈਂ ਮਰਜਾਂਗੀ ਕੁੱਝ ਖਾ ਕੇ
ਜੇ ਨਾ ਆਇਆ ਵੈਰੀਆ!
ਸਾਰੇ ਜੱਗ ਦਾ ਬਿਰਹਾ ਮੇਰੀ
ਝੋਲੀ ਪਾਇਆ ਵੈਰੀਆ!

ਮੇਰੇ ਨਾਲ ਦੀਆਂ ਸਭ ਸਈ੍ਆਂ
ਪਿੱਪਲੀਂ ਪੀਘਾਂ ਝੂਟ੍ਣ ਗਈਆਂ
ਮੇਰੇ ਦਿਲ ਦੀਆਂ ਦਿਲ ਵਿੱਚ ਰਹੀਆਂ
ਪੈਂਦੇ ਹੌਲ ਹਾਣੀਆਂ!
ਤੈਨੂੰ ਦੇਸ਼ ਬਿਗਾਨੇ ਜਾ ਕੇ
ਭੁੱਲ ਗਏ ਕੌਲ ਹਾਣੀਆਂ!

ਤੁਰ ਗਏ ਬਾਗ਼ਾਂ ਦੇ ਰਖਵਾਲੇ
ਕੱਚੇ ਫ਼ਲ ਤੋਤਿਆਂ ਖਾ ਲੇ
ਇੰਜ ਨਹੀਂ ਕਰਦੇ ਮੁਹੱਬਤਾਂ ਵਾਲੇ
ਕੁੱਝ ਤਾਂ ਸੋਚ ਸੋਹਣਿਆਂ!
ਮੇਰੇ ਮਰਨ ਪਿਛੋਂ ਹੀ ਆਊ
ਤੈਨੂੰ ਹੋਸ਼ ਸੋਹਣਿਆਂ!



ਪਾਣੀ ਇਹਨਾਂ ਖ਼ੂਹਾਂ ਦੇ ਖਾਰੇ
ਸਾਡੇ ਲਿਖਦੇ ਨਸੀਬੀਂ ਤਾਰੇ
ਧਰਕੇ ਤਲੀਆਂ 'ਤੇ ਅੰਗਿਆਰੇ
ਵੇ ਤੁਰ ਜਾਣ ਵਾਲਿਆ!
ਕੱਚੇ ਘੜੇ ਵਾਂਗ ਅਧ ਵਾਟੇ
ਹੀ ਖੁਰ ਜਾਣ ਵਲਿਆ!

ਮੇਰੀ ਭੁੱਬਾਂ ਮਾਰਦੀ ਚੁੱਪ ਵੇ!
ਸਮਝਣ ਬਸ ਰੋਹੀਆਂ ਦੇ ਰੁੱਖ ਵੇ!
ਕੋਈ ਵਿਰਲਾ ਜਾਣਦੈ ਦੁੱਖ ਵੇ!
ਦਿਲ ਦੇ ਮਰੀਜ਼ ਦਾ!
'ਧਰਮ' ਦਿਲ ਨਹੀਂ ਤੋੜਨਾ ਚੰਗਾ
ਹੁੰਦਾ ਕਿਸੇ ਗ਼ਰੀਬ ਦਾ!

## ਮੁੜ ਸ਼ਹਿਰ ਸਾਡੇ ਆਈਂ

ਮੈਨੂੰ ਰੋਂਦੇ ਨੂੰ ਵਰਾ ਕੇ
ਹਮਦਰਦੀ ਜਤਾ ਕੇ
ਹੱਸ ਪਈ ਸੈਂ ਹਸਾ ਕੇ
ਬੁਝੇ ਭਾਂਬੜ ਮਚਾ ਕੇ
ਤੁਰ ਜਾਣ ਵਾਲੀਏ!
ਨੀ ਮੁੜ ਸ਼ਹਿਰ ਸਾਡੇ ਆਈਂ।
ਗੋਰੇ ਮੁੱਖੜੇ 'ਤੇ ਤਿਲ ਦੇ ਨਿਸ਼ਾਨ ਵਾਲੀਏ!
ਨੀ ਮੁੜ ਸ਼ਹਿਰ ਸਾਡੇ ਆਈਂ।

ਮੈਨੂੰ ਆਪਣੇ ਸਾਹਾਂ 'ਚੋਂ
ਮਹਿਕ ਤੇਰੇ ਸਾਹ ਦੀ ਆਏ।
ਜਦੋਂ ਯਾਦ ਤੇਰੀ ਆਏ
ਨੀ ਕਲੇਜਾ ਚੀਰ ਜਾਏ।
ਮੇਰੀ ਹੋ ਕੇ ਮੈਨੂੰ ਆਪਣਾ ਬਣਾਨ ਵਾਲੀਏ!
ਨੀ ਮੁੜ ਸ਼ਹਿਰ ਸਾਡੇ ਆਈਂ।

ਤੇਰੇ ਬਿਨਾ ਸਾਡੇ
ਸ਼ਹਿਰ ਦੀਆਂ ਗਲੀਆਂ ਉਦਾਸ।
ਆਪਾਂ ਜਿਨ੍ਹਾਂ ਉੱਤੇ ਤੁਰੇ ਸੀ
ਕਦੇ ਨੀ ਸਾਥ-ਸਾਥ।
ਗੁੰਮੇ ਹਾਸੇ ਮੇਰੀ ਝੋਲੀ ਵਿੱਚ ਪਾਣ ਵਾਲੀਏ!
ਨੀ ਮੁੜ ਸ਼ਹਿਰ ਸਾਡੇ ਆਈਂ।
ਇੰਜ ਲੱਗਾ ਜਦੋਂ ਨਾਲ ਤੇਰੇ



ਨੈਣ ਸੀ ਮਿਲਾਏ।
ਜਿਵੇਂ ਸੁੱਤੇ ਪਏ ਪਾਣੀ 'ਚ
ਜਵਾਰਭਾਟਾ ਆਏ।
ਹੱਥ ਲਾਇਆਂ ਕੁਮਲਾਣ ਸ਼ਰਮਾਣ ਵਾਲੀਏ!
ਨੀ ਮੁੜ ਸ਼ਹਿਰ ਸਾਡੇ ਆਈਂ।

ਮੈਂ ਤਾਂ ਬਹਿ ਗਿਆ ਸਾਂ
ਬੀਤੇ ਦੀਆਂ ਕਬਰਾਂ ਦੇ ਉੱਤੇ।
ਲੈ ਤੂੰ ਮਿਸ਼ਰੀ ਦੇ ਬੁੱਕ
ਕਿਤੋਂ ਆ ਗੀ ਏਸ ਰੁੱਤੇ।
ਪੱਤਝੜ 'ਚ ਬਹਾਰ ਬਣ ਜਾਣ ਵਾਲੀਏ!
ਨੀ ਮੁੜ ਸ਼ਹਿਰ ਸਾਡੇ ਆਈਂ।

## ਦਰਦ ਗੁੰਮੇ ਸੁਪਨੇ ਦਾ

ਪੀੜ ਸਾਡੀ ਨੂੰ ਵਿੰਨ੍ਹਦੇ ਬੋਲ ਸ਼ਰੀਕਾਂ ਦੇ,
ਦਰਦ ਗੁੰਮੇ ਸੁਪਨੇ ਦਾ ਕਿਸ ਨੂੰ ਦੱਸੀਏ?
ਦਰਿਆਵਾਂ ਨੂੰ ਤਾਂ ਲੋਕਾਂ ਬੰਨ੍ਹ ਲਾ ਲਏ,
ਉੱਛਲਦੇ ਨੈਣਾਂ ਨੂੰ ਦੱਸੋ ਕਿੰਜ ਡੱਕੀਏ?

ਗੁਜ਼ਰ ਰਹੀ ਹੈ ਸ਼ਹਿਰ ਤੁਸਾਂ ਦੇ ਜ਼ਿੰਦਗਾਨੀ,
ਮੜ੍ਹੀਆਂ ਦੇ ਵਿੱਚ ਉੱਗੇ 'ਕੱਲੇ ਰੁੱਖ ਵਾਂਗੂੰ।
ਦਿਲ ਸਿੱਪੀ ਵਿੱਚ ਨਹੀਂ ਹੈ ਮੋਤੀ ਚਾਵਾਂ ਦਾ,
ਕਿਸੇ ਅਭਾਗਣ ਦੀ ਵੇ ਸੱਖਣੀ ਕੁੱਖ ਵਾਂਗੂੰ।

ਸਾਡੀ ਜਿੰਦ ਦੀ ਹਰ ਇਕ ਘੜੀ ਕਲਹਿਣੀ ਹੈ,
ਲੋਕਾ ਵੇ! ਦੱਸ ਅਸੀਂ ਨਿਕਰਮੇ ਕਿੰਜ ਹੱਸੀਏ?
ਚੱਪੇ-ਚੱਪੇ 'ਤੇ ਹਉਕੇ ਹਾਵਾਂ ਦਿਸਦੇ ਨੇ,
ਪਿਛੇ ਮੁੜ ਕੇ ਪੈਰ ਚਿਨ੍ਹਾਂ ਨੂੰ ਜਦ ਤੱਕੀਏ।

ਠੋਕਰਾਂ ਖਾ ਖਾ ਹਿੰਮਤ ਅੰਨ੍ਹੀ ਹੋ ਗਈ,
ਟੁੱਟ ਗਏ ਲੱਕ ਨੇ ਵੇ ਅੱਥਰੇ ਚਾਵਾਂ ਦੇ।
ਅੰਬਰ ਤੱਕ ਉੱਡਣ ਦੀ ਲੋਚਾ ਰੱਖਦੇ ਸਾਂ,
ਰੁਲ ਚੱਲੇ ਹਾਂ ਬਣ ਕੇ ਵੇ ਕੱਖ ਰਾਹਵਾਂ ਦੇ।



## ਬੀਤੀ ਦੁਪਹਿਰ

ਉਹ ਜਦ ਵੀ ਮੇਰੇ ਸ਼ਹਿਰ ਆਉਂਦੀ ਹੈ।
ਯਾਦ ਬੀਤੀ ਦੁਪਹਿਰ ਆਉਂਦੀ ਹੈ।

ਯਾਦ ਆਉਂਦੀ ਹੈ ਮੈਂ ਵੀ ਸਾਂ ਹੱਸਦਾ ਕਦੇ।
ਇਸ ਨਗਰੀ 'ਚ ਮੈਂ ਵੀ ਸਾਂ ਵਸਦਾ ਕਦੇ।
ਕੋਈ ਵੇਲਾ ਸੀ ਉਸ ਨੂੰ ਸਾਂ ਕਹਿੰਦਾ ਹੁੰਦਾ,
ਤੇਰੇ ਆਇਆਂ ਸਵੇਰ ਆਉਂਦੀ ਹੈ।

ਚੇਤਾ ਆਉਂਦਾ ਹੈ ਪਹਿਲੀ ਮੁਲਾਕਾਤ ਦਾ।
ਕਿੰਨਾ ਸੋਹਣਾ ਸੀ ਮੌਸਮ ਬਰਸਾਤ ਦਾ।
ਉਹ ਖ਼ਾਬਾਂ ਦੀ ਸਤਰੰਗੀ ਪੀਂਘ ਸੁਹਾਵੀਂ,
ਰੁੱਤਾਂ ਆਈਆਂ ਨਾ ਫੇਰ ਆਉਂਦੀ ਹੈ।

ਜਦ ਆਉਂਦੀ ਤਾਂ ਲਗਦਾ ਹੈ ਇਸ ਤਰ੍ਹਾਂ।
ਮੈਨੂੰ ਕਹਿ ਕੇ ਉਹ ਲੰਘਦੀ ਹੈ ਜਿਸ ਤਰ੍ਹਾਂ।
ਮੈਂ ਤਾਂ ਆ ਗੀ ਹਾਂ 'ਧਰਮ' ਤੇਰੀ ਮੌਤ ਵੀ,
ਮੇਰੇ ਪਿੱਛੇ ਤੂੰ ਠਹਿਰ ਆਉਂਦੀ ਹੈ।

ਉਹ ਜਦ ਵੀ ਮੇਰੇ ਸ਼ਹਿਰ ਆਉਂਦੀ ਹੈ,
ਯਾਦ ਬੀਤੀ ਦੁਪਹਿਰ ਆਉਂਦੀ ਹੈ।

## ਮੋਹ ਕੇ ਸਾਨੂੰ

ਨੀ ਮੋਹ ਕੇ ਸਾਨੂੰ ਲੈ ਗਈ ਬਾਂਕੀਏ ਨਾਰੇ।
ਸਾਨੂੰ ਨੀ ਤੇਰਾ ਹੁਸਨ ਸੈਨਤਾਂ ਮਾਰੇ।

ਨੀ ਇਕ ਗੱਲ ਪੁੱਛਣੀ ਏਂ ਤੈਨੂੰ ਖਲਿਆਰ ਕੇ।
ਆਸ਼ਕਾਂ ਦੇ ਦਿਲਾਂ 'ਤੇ ਕਿਉਂ ਲੰਘੇ ਠੇਡੇ ਮਾਰ ਕੇ।
ਤੇਰੇ ਨੀ ਗੋਰੇ ਰੰਗ ਨੇ ਕਈ ਪੱਟ 'ਤੇ ਕਵਾਰੇ।

ਹੜ੍ਹ ਵਾਂਗੂੰ ਚੜ੍ਹੀ ਤੈਨੂੰ ਸੋਹਣੀਏਂ ਜਵਾਨੀ ਨੀ।
ਮੱਲੋ ਮੱਲੀ ਦਿਲ ਖੋਹ ਕੇ ਲੈ ਗਈ ਮਰਜਾਣੀ ਨੀ।
ਤੇਰੇ ਨੀ ਅੰਗ-ਅੰਗ 'ਚੋਂ ਪੈਣ ਲਿਸ਼ਕਾਰੇ।

ਫੁੱਲਾਂ ਜਿਹਾ ਮੁੱਖ ਤੇਰੇ ਭੌਰਾਂ ਜਹੇ ਨੈਣ ਨੀ।
ਅਰਸ਼ਾਂ ਤੋਂ ਆਈ ਜਾਪੇਂ ਪਰੀਆਂ ਦੀ ਭੈਣ ਨੀ।
ਬਿੱਲੋ ਨੀ ਤੇਰੀ ਹਿੱਕ 'ਤੇ ਦਗਣ ਅੰਗਿਆਰੇ।

ਤੇਰੇ ਵਿਚ ਵਸੇ ਸਾਡੀ ਜਾਨ ਮਰਜਾਣੀਏਂ।
ਵੇਖੀਂ ਕਿਤੇ ਤੋੜ ਦੇਵੇਂ ਮਾਣ ਮਰਜਾਣੀਏਂ।
ਚੰਨੋ ਨੀ! ਤੇਰੇ ਵੰਝਲੀ ਤੋਂ ਬੋਲ ਪਿਆਰੇ।

ਨੀ ਮੋਹ ਕੇ ਸਾਨੂੰ ਲੈ ਗਈ ਬਾਂਕੀਏ ਨਾਰੇ।
ਸਾਨੂੰ ਨੀ ਤੇਰਾ ਹੁਸਨ ਸੈਨਤਾਂ ਮਾਰੇ।



## ਚੁੱਪ-ਚੁਪੀਤੇ

ਚੁੱਪ-ਚੁਪੀਤੇ ਦੇਹਲੀ ਲੰਘ ਆਈਆਂ ਨੇ ਯਾਦਾਂ ਯਾਰ ਦੀਆਂ।
ਮੇਰੇ ਘਰ ਦੀਆਂ ਕੰਧਾਂ ਮੇਰੇ ਗਲ ਲੱਗ ਧਾਹਾਂ ਮਾਰ ਦੀਆਂ।

ਹਾਸੇ ਕਿੱਧਰੇ ਭੁੱਲ ਆਇਆ ਹਾਂ
ਹੰਝੂਆਂ ਦੀ ਮੈਂ ਜੂਨ ਹੰਢਾਵਾਂ
ਧੁੱਪਾਂ ਦਾ ਤਾਂ ਕੰਮ ਸਾੜਨਾ
ਮੈਨੂੰ ਸਾੜ ਰਹੀਆਂ ਨੇ ਛਾਵਾਂ।
ਐਵੇਂ ਸਿਫ਼ਤਾਂ ਕਰ ਬੈਠਾ ਕਜਲੇ ਦੀ ਤਿੱਖੀ ਧਾਰ ਦੀਆਂ।

ਭੋਲੇਪਣ ਵਿੱਚ ਫੁੱਲ ਸਮਝਕੇ
ਕੰਡਿਆਂ ਨੂੰ ਹੱਥ ਪਾ ਬੈਠਾ।
ਮਹਿਕਾਂ ਦੇ ਸੰਗ ਖੇਡਣ ਗਿਆ
ਮੱਥੇ ਵਿੱਚ ਥੋਹਰ ਉਗਾ ਬੈਠਾ
ਪਿਆਰ ਦੇ ਅੱਥਰੇ ਵਹਿਣਾਂ ਅੱਗੇ ਸਭ ਅਕਲਾਂ ਨੇ ਹਾਰ ਦੀਆਂ।

ਦੋਸਤੋ! ਇਸ ਸ਼ਹਿਰ ਵਿੱਚ
ਹੁਣ ਜੀਅ ਲੱਗਦਾ ਮੇਰਾ ਨਹੀਂ।
ਵਸਦਾ ਹੈ ਸਾਰਾ ਸ਼ਹਿਰ ਪਰ
ਇਕ ਜਾਣਿਆਂ ਚਿਹਰਾ ਨਹੀਂ।
ਮੈਂ ਭਾਲਦਾ ਫਿਰਦਾਂ ਪੈੜਾਂ, ਰੁਸ ਗਈ ਇਕ ਬਹਾਰ ਦੀਆਂ।

## ਦੋ ਪੰਛੀ

ਉੱਡੇ-ਉੱਡੇ ਦੋ ਪੰਛੀ ਜਾਂਦੇ
ਜਾਂਦੇ ਵਿੱਚ ਆਸਮਾਨੀ ਹੋ।
ਇਕ ਦਾ ਨਾਂ ਹੈ ਹੁਸਨ ਦੋਸਤੋ
ਦੂਜੇ ਦਾ ਜਵਾਨੀ ਹੋ।

ਬਾਗ਼ਾਂ ਵਿੱਚ ਹਰਿਆਵਲ ਦਿਸਦੀ
ਬੱਦਲਾਂ ਰਿਮ-ਝਿਮ ਲਾਈ ਏ।
ਠੰਡੀ-ਠੰਡੀ ਹਵਾ ਦੇ ਬੁਲ੍ਹਿਆਂ
ਸੱਜਰੀ ਮਹਿਕ ਖਿੰਡਾਈ ਏ।
ਮੋਰ ਹੈ ਪੈਲਾਂ ਪਾਉਂਦੇ ਯਾਰੋ
ਕੋਇਲਾਂ ਕੂ-ਕੂ ਲਾਈ ਏ।
ਫੁੱਲ ਖਿੜੇ ਆ ਗਈਆਂ ਬਹਾਰਾਂ
ਰੁੱਤ ਪਿਆਰ ਦੀ ਆਈ ਏ।
ਕਰਮਾਂ ਵਾਲੇ ਨੇ ਇਹ ਪੰਛੀ
ਜਿਨ੍ਹਾਂ ਇਹ ਰੁੱਤ ਮਾਣੀ ਹੋ।

ਦੋਹਾਂ ਦੇ ਚਿਹਰੇ 'ਤੇ ਚਮਕਣ
ਸੋਹਣੇ ਰੰਗ ਜਵਾਨੀ ਵਾਲੇ।
ਬੱਦਲਾਂ ਵਾਂਗੂੰ ਛਾ ਗਏ ਮੌਸਮ
ਮਨ ਵਿਚ ਅੱਖ ਮਸਤਾਨੀ ਵਾਲੇ।
ਮੋਹ ਦਾ ਨਗਮਾ ਗਾਉਂਦੇ ਜਾਪਣ
ਮਣਕੇ ਗਲ ਦੀ ਗਾਨੀ ਵਾਲੇ।
ਧਰਤੀ ਅੰਬਰ ਪਾਉਣ ਧਮਾਲਾਂ
ਮਿਲੇ ਹਾਣ ਨੂੰ ਹਾਣੀ ਹੋ।



ਉੱਡਦੇ ਉੱਡਦੇ ਉੱਡਦੇ ਯਾਰੋ
ਬਹੁਤ ਹੀ ਉੱਚਾ ਉੱਡ ਪਏ ਨੇ।
ਦੋਹਾਂ ਦੀ ਥਾਂ ਹੁਣ ਦਿਸਦੇ ਨੇ
ਹੋ ਜਿਵੇਂ ਉਹ ਇਕ ਗਏ ਨੇ।
ਲਗੜਾਂ ਉਹਨਾਂ ਦੇ ਰਾਹ ਰੋਕੇ
ਫਿਰ ਵੀ ਰਲ ਕੇ ਉੱਡ ਰਹੇ ਨੇ।
ਕਦ ਰਾਹਾਂ ਦੀ ਰੋਕ ਤੋਂ ਡਰਦੇ
ਜਿਨ੍ਹਾਂ ਸਾਂਝੇ ਸਾਹ ਲਏ ਨੇ।
ਜੋਬਨ ਪ੍ਰੇਮ-ਨਗਰ ਦਾ ਰਾਜਾ
ਹੁਸਨ ਓਸ ਦੀ ਰਾਣੀ ਹੋ।

ਉੱਡੇ-ਉੱਡੇ ਦੋ ਪੰਛੀ ਜਾਂਦੇ
ਜਾਂਦੇ ਵਿੱਚ ਆਸਮਾਨੀ ਹੋ।
ਇਕ ਦਾ ਨਾਂ ਹੈ ਹੁਸਨ ਦੋਸਤੋ
ਦੂਜੇ ਦਾ ਜਵਾਨੀ ਹੋ।

# ਮੁੜ ਆ ਵਤਨਾ ਨੂੰ

ਤੇਰੇ ਹਿਜ਼ਰਾਂ 'ਚ ਮੈਂ ਨਾ ਮਰ ਜਾਵਾਂ।
ਵੇ ਮੁੜ ਆ ਵਤਨਾਂ ਨੂੰ।
ਤੈਨੂੰ ਕਰਾਂ ਮੈਂ ਪਿਆਰ ਦੀਆਂ ਛਾਵਾਂ
ਵੇ ਮੁੜ ਆ ਵਤਨਾਂ ਨੂੰ ................

ਮੁੱਦਤਾਂ ਤੋਂ ਤੱਕਦੇ ਹਾਂ ਰਾਹ ਅਸੀਂ ਤੇਰਾ ਵੇ!
ਆ ਗਿਆ ਜਵਾਨੀ ਉੱਤੇ ਸਿਖਰ ਦੁਪਹਿਰਾ ਵੇ!
ਕਿਤੇ ਢਲ ਨਾ ਜਾਏ ਪ੍ਰਛਾਵਾਂ
ਵੇ ਮੁੜ ਆ ਵਤਨਾ ਨੂੰ ..................

ਮਾਰ ਕੇ ਉਡਾਰੀ ਜੇ ਤੂੰ ਇੰਜ ਉੱਡ ਜਾਣਾ ਸੀ।
ਸਾਡੇ ਨਾਲ ਏਨਾ ਗੂੜ੍ਹਾ ਪਿਆਰ ਕਾਹਨੂੰ ਪਾਣਾ ਸੀ।
ਸਾਡੇ ਪੱਟ 'ਤੇ ਬਨੇਰੇ ਬੋਲ ਕਾਵਾਂ
ਵੇ ਮੁੜ ਆ ਵਤਨਾ ਨੂੰ ..................

ਸੋਹਲ ਜਹੀ ਜਿੰਦ ਗ਼ਮਾ ਵਿੱਚ ਸੁੱਕ ਚੱਲੀ ਏ।
ਵੈਰੀਆ ਵੇ ਸਬਰਾਂ ਦੀ ਹੱਦ ਮੁੱਕ ਚੱਲੀ ਏ।
ਰੋਂਦੇ ਦਿਲ ਨੂੰ ਮੈਂ ਲਾਰੇ ਲਾ ਵਰਾਵਾਂ
ਵੇ ਮੁੜ ਆ ਵਤਨਾ ਨੂੰ ..................

ਹਾਣੀਆਂ ਵੇ! ਸਾਨੂੰ ਕਿਤੇ ਭੁੱਲ ਤਾਂ ਨਹੀਂ ਗਿਆ ਤੂੰ।
ਜਾਂ ਕਿਸੇ ਹੋਰ ਉੱਤੇ ਡੁੱਲ ਤਾਂ ਨਹੀਂ ਗਿਆ ਤੂੰ।
ਦੱਸ ਕਿਹੜੇ ਚਾਅ 'ਤੇ ਸੁਰਮਾ ਮੈਂ ਪਾਵਾਂ
ਵੇ ਮੁੜ ਆ ਵਤਨਾ ਨੂੰ ..................



# ਮਹਿੰਦੀ

ਉਰੇ ਕਰ ਹੱਥ
ਮਹਿੰਦੀ ਮੈਂ ਤੇਰੇ ਲਾਵਾਂ।
ਚੰਨੋ ਨੀ!
ਤੈਨੂੰ ਰੰਗਾਂ ਦੇ ਅਰਥ ਸਮਝਾਵਾਂ।

ਇਹ ਮਹਿੰਦੀ, ਸ਼ਗਨਾਂ ਦੀ ਮਹਿੰਦੀ।
ਚੁੱਪ ਰਹਿ ਕੇ ਵੀ ਬੜਾ ਕੁੱਝ ਕਹਿੰਦੀ।
ਇਹ ਦੇਹੀ ਦੇ ਤਪਦੇ ਸੱਚ 'ਤੇ
ਕਰਦੀ ਹੈ ਨੀ ਛਾਵਾਂ ................

ਜਾਗਦਿਆਂ ਜੋ ਸੁਪਨੇ ਤੱਕੇ
ਅੱਜ ਉਹ ਹੋਵਣ ਲੱਗੇ ਸੱਚੇ।
ਆ ਨੀ ਸੁੱਖਾਂ ਲੱਧੀਏ ਨਣਦੇ
ਪਰੀਆ ਵਾਂਗ ਸਜਾਵਾਂ ................

ਅੱਜ ਤੇਰੇ ਮਾਹੀਏ ਨੇ ਆਉਣਾ।
ਵੀਰਾਂ ਡੋਲੀ ਵਿੱਚ ਬਿਠਾਉਣਾ।
ਛਾਪਾਂ-ਛੱਲੇ, ਹਾਰ-ਹਮੇਲਾਂ,
ਬਾਹੀਂ ਚੂੜਾ ਪਾਵਾਂ .....................

## ਮਹਿਕ ਵਿਹੂਣੀ ਰੁੱਤ

ਅਸੀਂ ਕਿਵੇਂ ਲੰਘਾਈਏ ਮਹਿਕ ਵਿਹੂਣੀ ਰੁੱਤ ਨੀ!
ਬੇ-ਦਰਦੇ ਸਾਨੂੰ ਕਦੇ ਤਾਂ ਆ ਕੇ ਪੁੱਛ ਨੀ!

ਦਿਲ ਦੇ ਵਿਹੜੇ ਸੋਗ ਪੈ ਗਿਆ ਜਦ ਦੀ ਗਈ ਤੂੰ,
ਬੁੱਲ੍ਹਾਂ ਉੱਤੇ ਮਾਤਮ ਵਰਗੀ ਚੁੱਪ ਨੀ!

ਬੇਖ਼ਬਰੇ ਤੈਨੂੰ ਸਾਰ ਨਹੀਂ ਅਸੀਂ ਤੇਰੇ ਗ਼ਮ ਵਿੱਚ,
ਸੁੱਕ-ਸੁੱਕ ਬਣ ਗਏ ਹਾਂ ਹੱਡੀਆ ਦੀ ਮੁੱਠ ਨੀ!

ਪਿਆਰ 'ਚ ਗੁੱਸੇ ਗਿਲੇ ਤਾਂ ਹੁੰਦੇ ਹੀ ਰਹਿੰਦੇ,
ਨਿੱਕੀ ਜਹੀ ਗੱਲ ਬਦਲੇ ਗਈ ਕਿਉਂ ਰੁੱਸ ਨੀ!

ਬੰਨ੍ਹ ਪਿਆਰ ਦੀ ਪੱਟੀ ਪੀੜ ਜੇ ਘਟ ਜੇ ਸਾਡੀ,
ਹਿਜ਼ਰ ਤੇਰੇ ਦੇ ਤੋਤੇ ਗਏ ਦਿਲ ਟੁੱਕ ਨੀ!



## ਲੋਹੜੀ ਵਾਲੀ ਰਾਤ

ਲੋਹੜੀ ਵਾਲੀ ਰਾਤ ਲੋਕਾਂ ਬਾਲੀਆਂ ਨੇ ਲੋਹੜੀਆਂ।
ਸਾਡੀ ਕਾਹਦੀ ਲੋਹੜੀ ਅੱਖਾਂ ਸੱਜਣਾਂ ਨੇ ਮੋੜੀਆਂ।

ਇਕ ਲੋਹੜੀ ਬਲਦੀ ਏ ਪਿੰਡ ਦੇ ਚੁਰਾਹੇ ਵਿਚ
ਦੂਜੀ ਸਾਡੇ ਸੀਨੇ ਵਿਚ ਬਲਦੀ।
ਬਲਦੀ ਹੋਏ ਅੱਗ ਸੁਭਾ ਰਾਖ਼ ਬਣ ਜਾਣੀ ਜਿਵੇਂ
ਜਾਂਦੀ ਹੈ ਜਵਾਨੀ ਉਵੇਂ ਢਲਦੀ।
ਉਹਨਾਂ ਦੀਆਂ ਲੋਹੜੀਆਂ ਨੇ ਜਿਨ੍ਹਾਂ ਦੀਆਂ ਜੋੜੀਆਂ ..........

ਸਾਡੇ ਅਰਮਾਨਾਂ ਦਾ ਕਤਲ ਕਰ ਚੰਦਰੀ ਨੇ
ਤਲੀਆਂ 'ਤੇ ਲਾ ਲਈ ਏ ਮਹਿੰਦੀ।
ਪਲਾਂ ਵਿੱਚ ਹੋ ਗੀ ਪਰਾਈ ਜਿਹੜੀ ਸਾਡੇ ਬਿਨਾ
ਇਕ ਪਲ ਨਹੀਂ ਸੀ ਕਦੇ ਰਹਿੰਦੀ।
ਸਾਡੇ ਭਾਣੇ ਲੋਹੜਾ ਅੱਜ ਲੋਕਾਂ ਦੀਆਂ ਲੋਹੜੀਆਂ ...........

ਕੁੱਝ ਵੀ ਨਾ ਸੋਚਿਆ ਕੀ ਗੁਜ਼ਰੂ 'ਧਰਮ' ਉੱਤੇ
ਕਹਿਰ ਜਦੋਂ ਢਾਹਿਆ ਸੀ ਗ਼ਰੀਬ 'ਤੇ।
ਬਚਦੀ ਉਮਰ ਸਾਰੀ ਹੰਝੂਆਂ 'ਚ ਡੁੱਬ ਜਾਣੀ
ਈਸਾਂ ਵਾਂਗੂੰ ਟੰਗ ਗੀ ਸਲੀਬ 'ਤੇ।
ਸ਼ਾਲਾ ਸੁਖੀ ਵਸੇ ਜੀਹਨੇ ਆਪੇ ਲਾ ਕੇ ਤੋੜੀਆਂ .........

# ਵੇ ਸੱਜਣਾ !

ਬੇ-ਰਸ, ਫਿੱਕੀ-ਫਿੱਕੀ
ਮੜ੍ਹੀਆਂ ਵਰਗੀ ਜ਼ਿੰਦਗੀ ਮੇਰੀ,
ਜਿਸਦੇ ਪਾਤਰ ਜਿਉਂਦੇ ਮੋਏ
ਮੈਂ ਹਾਂ ਉਹ ਦਾਸਤਾਨ ਵੇ ਸੱਜਣਾ!

ਮੈਂ ਉਹ ਕਲੀ ਜੋ ਖਿਲਣ ਸਾਰ ਹੀ
ਮਿੱਧ ਕਿਸੇ ਨੇ ਦਿੱਤੀ,
ਖਿਲ ਰਹੇ ਜੋਬਨ ਦੀ ਡਾਲੀ
ਹੋ ਗਈ ਲਹੂ-ਲੁਹਾਣ ਵੇ ਸੱਜਣਾ!

ਮੈਂ ਉਹ ਉਜੜਿਆ ਖੇਤ ਵੇ ਜਿਸ ਦਾ
ਮਾਲਕ ਨਾ ਅੱਜ ਕੋਈ,
ਜਾਂ ਉਹ ਪਿੱਪਲ ਜਿਸ 'ਤੇ ਆਉਂਦਾ
ਨਾ ਕੋਈ ਪੀਂਘ ਝੁਟਾਣ ਵੇ ਸੱਜਣਾ!

ਮੇਰੇ ਦਿਲ ਵਿਹੜੇ ਦੇ ਅੰਦਰ
ਖੁਸ਼ੀ ਕਦੇ ਨਾ ਖੇਡੇ,
ਜਿੱਥੇ ਥੋਹਰ ਗ਼ਮਾਂ ਦੇ ਉਗਣ
ਮੈਂ ਹਾਂ ਥਲਾਂ ਸਮਾਨ ਵੇ ਸੱਜਣਾ!

ਦੀਦੇ ਮੇਰੇ ਢੂੰਢਦੇ ਰਹਿੰਦੇ
ਪਿਆਰਾਂ ਦੇ ਪ੍ਰਛਾਵੇਂ,
ਜਿੱਤ ਕੇ ਵੀ ਜੋ ਹਾਰਿਆਂ ਵਰਗਾ
ਮੈਂ ਹਾਂ ਉਹ ਸੁਲਤਾਨ ਵੇ ਸੱਜਣਾ!



ਅਸਾਂ ਤਾਂ ਹੰਝੂਆਂ ਭਿੱਜੀ ਜ਼ਿੰਦਗੀ
ਝੋਲੀ ਤੇਰੀ ਸੁੱਟੀ,
ਤੂੰ ਹੀ ਸਾਡੇ ਦਿਲ ਦਾ ਮਹਿਰਮ
ਤੂੰ ਹੀ ਸਾਡਾ ਹਾਣ ਵੇ ਸੱਜਣਾ!

ਸੂਤਕ ਰੁੱਤ ਤੇ ਬਚਪਣ ਬੀਤੇ
ਜੋਬਨ ਰੁੱਤ ਅੱਜ ਆਈ,
ਪਰ ਸਾਡੇ ਹੱਥਾ 'ਤੇ ਆਇਆ
ਨਾ ਕੋਈ ਮਹਿੰਦੀ ਲਾਣ ਵੇ ਸੱਜਣਾ!

ਮੇਰੇ ਲਈ ਸੰਜੀਵਨ ਬੂਟੀ
ਤੇਰਾ ਯਾਰ ਸਹਾਰਾ,
ਬਿਨਾ ਸਹਾਰੇ ਦੇ ਕਦ ਚੜ੍ਹਦੀ
ਵੇਲ ਕੋਈ ਪ੍ਰਵਾਨ ਵੇ ਸੱਜਣਾ!

## ਖੇਡਣ ਦੇ ਦਿਨ ਚਾਰ

ਖੇਡਣ ਦੇ ਦਿਨ ਚਾਰ
ਨੀ ਮਾਏ!
ਖੇਡਣ ਦੇ ਦਿਨ ਚਾਰ।

ਅੰਮੀਏ ਨੀ!
ਸਾਡੀ ਜਿੰਦ ਮਜਾਜਨ
ਕਿਸੇ ਦਾ ਸਾਥ ਹੰਢਾਉਣਾ ਚਾਹੇ।
ਇਕਲਾਪੇ ਦੇ
ਅੰਦਰ ਮਾਏ
ਸਾਹ ਨੀ ਸਾਡਾ ਘੁਟਦਾ ਜਾਏ।
ਹੁਸਨ ਸਦਾ ਜੋਬਨ ਨੂੰ ਮੰਗੇ
ਜੋਬਨ ਮੰਗਦਾ ਪਿਆਰ ਨੀ ਮਾਏ!

ਜਦ ਕਦੇ
ਮੈਂ ਨਾਹ ਧੋ ਕੇ ਨੀ
ਸ਼ੀਸ਼ੇ ਦੇ ਵਿੱਚ ਝਾਤੀ ਪਾਵਾਂ।
ਅਕਸ ਆਪਣਾ
ਹੀ ਵੇਖ ਕੇ
ਮੈਂ ਸ਼ਰਮ ਵਿਚ ਮਰ ਮੁੱਕ ਜਾਵਾਂ।
ਗਿੱਠ-ਗਿੱਠ ਲਾਲੀ ਚੜ੍ਹੀ ਸੰਧੂਰੀ
ਅੰਗਾਂ ਉੱਤੇ ਨਿਖਾਰ ਨੀ ਮਾਏ!

ਮਾਏ ਨੀ!
ਸਾਨੂੰ ਡਰ ਲੱਗਦਾ ਹੈ
ਮੁੜ ਜਾਈਏ ਨਾ ਭਰੇ ਭਰਾਏ।
ਪੱਤਝੜ ਵਰਗੀ
ਜ਼ਿੰਦਗੀ ਸਾਡੀ
ਉਸ 'ਤੇ ਗ਼ਮ ਦੇ ਬੱਦਲ ਛਾਏ।
ਤੂੰ ਹੀ ਦੱਸ ਦੇ ਕਦ ਆਏਗੀ
ਸਾਡੇ ਕੋਲ ਬਹਾਰ ਨੀ ਮਾਏ!



## ਮੇਰੀਏ ਬਹਾਰੇ

ਰੁੱਖਾਂ ਨਾਲ ਰੁੱਸੀਆ ਬਹਾਰਾ ਮੁੜ ਆਈਆਂ
ਨੱਚੀ ਧਰਤੀ ਫੁੱਲਾਂ ਦਾ ਸੂਟ ਪਾ।
ਇਸ ਰੁੱਤੇ ਮਿਲੇ ਨਾ ਤਾਂ ਫਿਰ ਕਦੋਂ ਮਿਲਣਾ ਹੈ
ਮੇਰੀਏ ਬਹਾਰੇ ਨੀ ਤੂੰ ਆ।

ਅੰਗ-ਅੰਗ ਵਿੱਚ
ਮੇਰੇ ਨੱਚੀ ਨਾ ਜਵਾਨੀ
ਕਦੇ ਪੈਰਾਂ ਹੇਠ ਆਇਆ ਨਾ ਭੁਚਾਲ ਨੀ!
ਤੋਤਲੀ ਉਮਰ ਤੋਂ ਲੈ
ਜੋਬਨੇ ਦੀ ਰੁੱਤ ਤੱਕ
ਯਾਰੀ ਰਹੀ ਮੇਰੀ ਗ਼ਮਾਂ ਨਾਲ ਨੀ!
ਆਪਣੇ ਹੀ ਪਿੰਡੇ ਦੀ ਮੈਂ
ਅੱਗ ਵਿੱਚ ਬਲਦਾ ਹਾਂ
ਰੀਝਾਂ ਸੜ ਹੋ ਗੀਆਂ ਸਵਾਹ ................

ਲੱਖਾਂ ਸਾਉਣ ਮੇਰੀਆ
ਅੱਖਾਂ ਦੇ ਵਿਚੋਂ ਵਗ ਹਟੇ
ਬੁਝੀ ਨਾ ਵਿਛੋੜਿਆਂ ਦੀ ਅੱਗ ਨੀ!
ਰੋਹੀਆਂ ਵਿਚ ਜਾ ਕੇ
ਤੈਨੂੰ ਉੱਚੀ ਹਾਕਾਂ ਮਾਰਦਾ ਹਾਂ
ਰੋਂਦਾ ਹਾ ਰੁੱਖਾਂ ਦੇ ਗਲ ਲੱਗ ਨੀ!
ਤੇਰੇ ਬਾਝ ਜੀਣਾ
ਦੱਸ ਕਾਸਦਾ ਹੈ ਜੀਣਾ
ਐਵੇਂ ਰੋਗੀ-ਰੋਗੀ ਵਗਦੇ ਨੇ ਸਾਹ ..................

ਬੁੱਲਾਂ ਦੀਆਂ ਡਾਲੀਆਂ 'ਤੇ
ਮੁੱਦਤਾਂ ਹੀ ਹੋ ਗੀਆਂ ਨੇ
ਖਿੜੇ ਨਹੀਓਂ ਹਾਸਿਆਂ ਦੇ ਫੁੱਲ ਨੀ!
ਉਮਰਾਂ ਦੇ ਕਾਸੇ ਵਿਚ
ਰੋਣਿਆਂ ਦੀ ਖ਼ੈਰ ਪਾ ਕੇ
ਹੀਰੇ ਗਈ ਰਝੇਂਟੜੇ ਨੂੰ ਭੁੱਲ ਨੀ!
ਮੇਰੇ ਮੋਏ ਪਿਛੋਂ
ਹੰਝੂ ਕੇਰਨੇ ਜੇ ਆਈ
ਮੈਨੂੰ ਫੇਰ ਤੇਰੇ ਆਉਣ ਦਾ ਕੀ ਭਾਅ ...............

ਰੁੱਖਾਂ ਨਾਲ ਰੁੱਸੀਆਂ ਬਹਾਰਾਂ ਮੁੜ ਆਈਆਂ
ਨੱਚੀ ਧਰਤੀ ਫੁੱਲਾਂ ਦਾ ਸੂਟ ਪਾ।
ਇਸ ਰੁੱਤੇ ਮਿਲੇ ਨਾ ਤਾਂ ਫਿਰ ਕਦੋਂ ਮਿਲਣਾ ਹੈ
ਮੇਰੀਏ ਬਹਾਰੇ ਨੀ ਤੂੰ ਆ।



## ਤੂੰ ਕਿਹੋ ਜਿਹਾ ਚੰਨ

ਮੱਸਿਆਂ ਤਾਂ ਅਸੀਂ ਇਕ ਆਸ ਵਿਚ
ਲੰਘਾ ਲਈ ਸੀ ਵੇ ਅੜਿਆ।
ਪਰ ਤੂੰ ਕਿਹੋ ਜਿਹਾ ਚੰਨ
ਜੋ ਪੁੰਨਿਆਂ ਨੂੰ ਵੀ ਨਾ ਚੜ੍ਹਿਆ।

ਦਿਲ ਦੀ ਹਰ ਧੜਕਣ 'ਤੇ
ਸੋਗੀ ਗੀਤ ਨੇ ਨੱਚਦੇ,
ਪੋਟਾ-ਪੋਟਾ ਸਾਡਾ ਵੇ
ਹਿਜ਼ਰਾਂ ਵਿੱਚ ਹੈ ਸੜਿਆ।

ਸੋਹਣੀ ਤਾਂ ਚਲੋ ਮੰਨਿਆਂ
ਕੱਚੇ 'ਤੇ ਤਰ ਡੁੱਬ ਗਈ,
ਇਸ਼ਕ ਝਨਾਂ ਵਿੱਚ ਸਾਡਾ ਤਾਂ
ਪੱਕਾ ਵੀ ਨਾ ਤਰਿਆ।

ਜੇਠ-ਹਾੜ੍ਹ ਅਸੀਂ ਹਿਜ਼ਰ ਦੇ
ਹਉਕੇ ਭਰ-ਭਰ ਕੱਟ ਲਏ,
ਦੀਦ ਤੇਰੀ ਦਾ ਬੱਦਲ ਪਰ
ਸਾਉਣ 'ਚ ਵੀ ਨਾ ਵਰ੍ਹਿਆ।

ਆ ਵੇ ਤੇਰਾ ਬਿਰਹੋਂ
ਦਾਗ਼ੀ ਨਾ ਹੋ ਜੇ,
ਰੂਪ ਆਸਾਡਾ ਲੋਕਾਂ ਤੋਂ
ਜਾਂਦਾ ਨਹੀਂ ਜਰਿਆ।

## ਬਾਗ਼ੋਂ ਗਈ ਬਹਾਰ

ਤੈਨੂੰ ਬਾਗ਼ੋਂ ਗਈ ਬਹਾਰ ਕਹਾਂ
ਕਿ ਡਾਲਿਓਂ ਟੁੱਟਿਆ ਫੁੱਲ ਵੇ!
ਜਾਂ ਰੁੱਸੀ ਹੋਈ ਤਕਦੀਰ ਕਹਾਂ
ਜੋ ਸਾਨੂੰ ਗਈ ਹੈ ਭੁੱਲ ਵੇ!

ਤੈਨੂੰ ਤੱਕਲਿਓਂ ਟੁੱਟਿਆ ਤੰਦ ਕਹਾਂ
ਕਿ ਅੰਬਰੋਂ ਟੁੱਟਿਆ ਤਾਰਾ ਵੇ!
ਤੈਨੂੰ ਡਾਰੋਂ ਵਿੱਛੜੀ ਕੂੰਜ ਕਹਾਂ
ਕਿ ਵਿੱਛੜੀ ਹੋਈ ਰੂਹ ਯਾਰਾ ਵੇ!

ਤੈਨੂੰ ਨਹੁੰ ਤੋਂ ਟੁੱਟਿਆ ਮਾਸ ਕਹਾਂ
ਕਿ ਨਦੀਓਂ ਵਿੱਛੜਿਆ ਨੀਰ ਵੇ!
ਕਿਸੇ ਸ਼ਾਇਰ ਦਾ ਸੋਗੀ ਗੀਤ ਕਹਾਂ
ਜਾਂ ਰੁੱਸਿਆ ਹੋਇਆ ਕੋਈ ਪੀਰ ਵੇ!

ਤੈਨੂੰ ਸੁਪਨਾ ਕਹਾਂ ਕਿ ਸੱਚ ਕਹਾਂ
ਇਹ ਮੈਨੂੰ ਸਮਝ ਨਾ ਆਏ ਵੇ!
ਤੇਰੇ ਇਸ਼ਕ ਦੀ ਨਦੀਏ ਨ੍ਹਾ ਕੇ ਵੀ
ਮੇਰੇ ਹੋਂਠ ਅਜੇ ਤ੍ਰਿਹਾਏ ਵੇ!

ਬੇਦਰਦਾ ਤੈਨੂੰ ਕੀ ਕਹਾਂ
ਦੱਸ ਮੈਂ ਕਰਮਾਂ ਦੀ ਮਾਰੀ ਵੇ!
ਇਕ ਵਾਰ ਗਿਆ ਮੁੜ ਆਇਆ ਨਾਹੀਂ
ਕੀ ਤੇਰੀ ਦਿਲਦਾਰੀ ਵੇ?



## ਇਹਨਾਂ ਸੰਗ ਤੂੰ ਵੀ ਕਦੇ

ਜਦੋਂ ਤੇਰੇ ਹਾਣਦੀਆਂ
ਲੰਘਦੀਆਂ ਕੋਲ ਦੀ ਨੀ
ਦਿਲ ਤੈਨੂੰ ਯਾਦ ਕਰੇ।
ਇਹਨਾ ਸੰਗ ਤੂੰ ਵੀ ਕਦੇ
ਮਿਹਲ-ਮਿਹਲ ਸੋਹਣੀਏਂ ਨੀ
ਸੜਕਾਂ 'ਤੇ ਪੱਬ ਸੀ ਧਰੇ।

ਮਿੱਠੀ-ਮਿੱਠੀ ਯਾਦ
ਤੇਰੇ ਨਿੱਘੇ-ਨਿੱਘੇ ਚੁੰਮਣਾ ਦੀ
ਮੈਨੂੰ ਹਰ ਪਲ ਬਾਅਦ ਆਏ ਨੀ।
ਰੋਕਿਆਂ ਵੀ ਰੁਕਦਾ ਨਾ
ਨੈਣਾਂ ਦੀਆਂ ਝੀਲਾਂ ਵਿਚ
ਹੜ੍ਹ ਜਦੋਂ ਹੰਝੂਆਂ ਦਾ ਆਏ ਨੀ।
ਕੱਚੇ ਉੱਤੇ ਤਰ ਕੇ
ਵਿਖਾ ਤੂੰ ਸਾਨੂੰ ਡ਼ੱਲੀਏ ਨੀ
ਪੱਕੇ 'ਤੇ ਤਾਂ ਹਰ ਕੋਈ ਤਰੇ।

ਯਾਦ ਕਰ ਵਾਅਦਿਆਂ ਨੂੰ
ਕਿਹਾ ਕਰਦੀ ਸੈਂ
'ਕੱਠੇ ਚੱਲਣਾ ਹੈ ਸਿਵਿਆਂ ਦੇ ਤੀਕ ਨੀ।
ਪਿਆਰ ਦੀਆਂ ਸਹੁੰਆਂ
ਖਾਣ ਵਾਲੀਏ ਨੀ ਵੇਖੀਂ ਕਿਤੇ
ਲਾ ਨਾ ਦਈਂ ਮੁਹੱਬਤਾਂ ਨੂੰ ਲੀਕ ਨੀ।
ਪਿਆਰ ਤਾਂ ਪਹਾੜਾਂ ਦਾ ਵੀ
ਸੀਨਾ ਦਿੰਦਾ ਚੀਰ
ਉਹ ਕੀ ਪਿਆਰ ਜਿਹੜਾ ਲੋਕਾਂ ਤੋਂ ਡਰੇ।

# ਕਲੇਜੇ ਦਾ ਸੱਲ

ਨੈਣਾਂ ਨੇ ਨੈਣਾਂ ਨੂੰ ਆਖੀ
ਸਿਰੇ ਚੜ੍ਹੀ ਨਾ ਗੱਲ ਨੀ!
ਸਖੀਏ ਮੇਰੀਏ!
ਮੇਰੇ ਹੋਇਆ ਕਲੇਜੇ ਸੱਲ ਨੀ!!

ਸੋਚਦੀ ਸਾਂ ਮੈਨੂੰ ਮੇਰੀ ਚਾਹਤ ਮਿਲ ਜਾਵੇ।
ਤੇ ਵਿਲਕਦੀ ਹੋਈ ਜ਼ਿੰਦਗੀ ਨੂੰ ਰਾਹਤ ਮਿਲ ਜਾਵੇ।
ਵਿਚ ਪਲਾਂ ਦੇ ਬਾਲਣ ਬਣਿਆਂ
ਲਹਿ-ਲਹਿ ਕਰਦਾ ਝੱਲ ਨੀ!

ਸੁਣ ਸਖੀਏ ਨੀ! ਕਦੇ ਕਿਸੇ ਦੀ ਪੀੜ 'ਤੇ ਨਾ ਹੱਸੀਏ।
ਕਿਸੇ ਨਾ ਕੱਚਾ ਘਰ ਨਾ ਨਿੰਦੀਏ ਜੇ ਮਹਿਲੀਂ ਵਸੀਏ।
ਟਿੱਬਿਆਂ ਦਾ ਰੇਤਾ ਟੋਈਂ ਜਾਣਾ
ਅੱਜ ਨਹੀਂ ਤਾਂ ਕੱਲ੍ਹ ਨੀ!

ਪਲਕਾਂ ਉੱਤੇ ਤੜਪ-ਤੜਪ ਕੇ ਸੁਪਨੇ ਮਰ ਗਏ।
ਪੈਰੀਂ ਗੰਢਾਂ ਦੇ ਕੇ ਸਾਹਵੇਂ ਵਾਟਾਂ ਧਰ ਗਏ।
ਸ਼ਹਿਰ ਤੇਰੇ ਵਿੱਚ ਕਿਸੇ ਨਾ ਦੱਸਿਆ
ਹੱਸਣ ਦਾ ਸਾਨੂੰ ਵੱਲ ਨੀ!



# ਜੱਲਾਦ

ਗੱਲ੍ਹਾਂ ਦੋ ਮਖਣੀ ਦੀਆਂ ਪਿੰਨੀਆਂ
ਸੱਜੀ ਗੱਲ੍ਹ 'ਤੇ ਤਾਰੇ ਜਿਹਾ ਤਿਲ
ਮੱਥੇ 'ਤੇ ਚੇਤਰ ਦੀ ਸਰਘੀ
ਹੋਂਠ ਜਿਉਂ ਉੱਤੇ ਡੁੱਲ੍ਹੀ ਸੁਰਖ ਸ਼ਰਾਬ।
ਅਸਾਂ ਨੇ ਯਾਰ ਬਣਾਇਆ
ਇਕ ਜੱਲਾਦ।

ਜ਼ੁਲਫਾਂ ਵਿੱਚ ਪੋਹ ਮਾਂਹ ਦੀ ਮੱਸਿਆ
ਨੈਣ ਬਿਜਲੀਆਂ ਵਾਂਗੂੰ ਜਗਦੇ
ਗੋਰਾ ਜਿਸਮ ਚਾਨਣੀ ਨ੍ਹਾਤਾ
ਸਾਹਾਂ ਵਿਚ ਸੀ ਮਹਿਕਦੇ ਸੁਰਖ ਗੁਲਾਬ।
ਅਸਾਂ ਨੇ ਯਾਰ ਬਣਾਇਆ
ਇਕ ਜੱਲਾਦ।

ਸੰਗ ਲਾਜਵੰਤੀ ਜਹੀ ਉਸ ਦੀ
ਬੋਲ ਜਿਉਂ ਸ਼ਹਿਦ ਦੇ ਭਰੇ ਕਟੋਰੇ
ਅੰਗਾਂ ਵਿੱਚ ਭੁਚਾਲ ਸੀ ਨੱਚਦਾ
ਤੇ ਤੋਰ ਜਿਉਂ ਅੰਬਰੀਂ ਉੱਡੇ ਉਕਾਬ।
ਅਸਾਂ ਨੇ ਯਾਰ ਬਣਾਇਆ
ਇਕ ਜੱਲਾਦ।

ਇਕ ਦਿਨ ਉਸ ਨੇ ਤਲੀ ਮੇਰੀ 'ਤੇ
ਦਿਲ ਆਪਣੇ ਦੀ ਅਗਨੀ ਰੱਖੀ
ਮੈਂ ਅਗਨੀ ਨੂੰ ਚੁੰਮਣ ਦਿੱਤਾ
ਚੁੰਮਣ ਜੋ ਅੱਜ ਬਣਕੇ ਰਹਿ ਗਿਆ ਯਾਦ।
ਅਸਾਂ ਨੇ ਯਾਰ ਬਣਾਇਆ
ਇਕ ਜੱਲਾਦ।

ਮਾਰ-ਮਾਰ ਬਿਰਹੋਂ ਦੀਆਂ ਛੁਰੀਆਂ
ਦਿਲ 'ਤੇ ਡੂੰਘਾ ਜ਼ਖ਼ਮ ਕਰ ਗਿਆ
ਨੇਹੁੰ ਲਾ ਕੇ ਦਗਾ ਕਮਾ ਗਿਆ
ਵਸਦੇ ਰਸਦਿਆਂ ਨੂੰ ਕਰ ਗਿਆ ਬਰਬਾਦ।
ਅਸਾਂ ਨੇ ਯਾਰ ਬਣਾਇਆ
ਇਕ ਜੱਲਾਦ।



## ਕੱਚਿਆ ਵੇ ਕੌਲਾਂ ਦਿਆ

ਮੱਥੇ ਉੱਤੇ ਹੱਥ ਧਰਕੇ
ਤੇਰਾ ਤੱਕਦੀ ਬਨੇਰੇ ਬਹਿ ਕੇ ਰਾਹ।
ਕੱਚਿਆਂ ਵੇ ਕੌਲਾਂ ਦਿਆ
ਸਾਡੇ ਸੂਲੀ 'ਤੇ ਚੜ੍ਹਾ ਦਿੱਤੇ ਚਾਅ।

ਮਨ ਦੀ ਭਟਕਣਾ ਦਾ
ਦੱਸ ਕਿਹੜੇ ਪੀਰ ਕੋਲੋਂ
ਜਾ ਕੇ ਮੈਂ ਤਵੀਤ ਕਰਾਵਾਂ ਵੇ!
ਹਉਕਿਆਂ ਦੀ ਅੱਗ ਸੇਕ
ਢਲੇ ਹੋਏ ਜੋਬਨੇ ਦਾ
ਗੀਤ ਕੀ ਤ੍ਰਿੰਝਣਾ 'ਚ ਗਾਵਾਂ ਵੇ!
ਬੂਹੇ ਵਿਚ ਆ ਕੇ
ਤੇਰੀ ਯਾਦ ਹਾਕਾਂ ਮਾਰਦੀ ਏ
ਜਦੋਂ ਤੰਦ ਚਰਖੀ 'ਤੇ ਪਾਵਾਂ ਵੇ!
ਰੋਂਦੇ ਹੋਏ ਦਿਲ ਦੇ
ਵੇ ਹਾਲ 'ਤੇ ਤਰਸ ਖਾ ਕੇ
ਸਹਿਮ-ਸਹਿਮ ਤੁਰਦੇ ਨੇ ਸਾਹ ......................

ਗੋਦ ਸਾਡੀ ਵਿੱਚ
ਜੋ ਬਿਠਾ ਗਿਐਂ ਪੀੜ
ਨਿੱਤ ਹਿੱਕ ਨਾਲ ਘੁੱਟ ਕੇ ਵਰਾਵਾਂ ਵੇ!
ਪਰ ਮਰਜਾਣੀ
ਖੌਰੇ ਕੀ ਸਾਥੋਂ ਮੰਗਦੀ ਏ

ਉੱਚੀ-ਉੱਚੀ ਮਾਰਦੀ ਰਹੇ ਧਾਹਵਾਂ ਵੇ!
ਦੱਸ ਅਸੀਂ ਕਿਹੜੇ
ਵੇ ਬਹਾਨੇ ਨਾਲ ਜੀਈਏ ਚੰਨਾ
ਸਾਡੇ ਪੱਲੇ ਰਹਿ ਗੇ ਹਉਕੇ ਹਾਵਾਂ ਵੇ!
ਥੱਕੇ ਟੁੱਟੇ ਸਬਰਾਂ ਦੇ
ਪੈਰਾਂ ਤੋਂ ਦੁਪਹਿਰਾਂ ਵੇਲੇ
ਹਿਜ਼ਰਾਂ ਦੇ ਗਾਹੀ ਦੇ ਨਾ ਗਾਹ ...............

ਚੇਤ ਦੇ ਮਹੀਨੇ ਮਰੇ
ਪਿਆਰ ਦਿਆ ਮੌਸਮਾਂ ਦਾ
ਮੈਂ ਹਾਂ ਇਕ ਸੋਗੀ ਜਿਹਾ ਸੱਚ ਵੇ!
ਜ਼ਿੰਦਗੀ ਦੀ ਗਾਥਾ
ਪੁੱਛ ਜ਼ਖ਼ਮੀ ਤੂੰ ਤਲੀਆਂ ਤੋਂ
ਰਾਹਾਂ 'ਚ ਸੀ ਗੋਡੇ-ਗੋਡੇ ਕੱਚ ਵੇ!
ਤੂੰ ਮੈਥੋਂ ਦੂਰ
ਵੇ ਮੈਂ ਡਾਢੀ ਮਜ਼ਬੂਰ
ਰਿਹਾ ਭਾਂਬੜ ਜਵਾਨੀ ਵਾਲਾ ਮੱਚ ਵੇ!
ਹਾਸਿਆਂ ਦੇ ਆਲ੍ਹਣੇ 'ਚੋਂ
ਵਸਲਾਂ ਦੇ ਪੰਛੀ ਨੂੰ
ਦਿੱਤਾ ਕਿਸੇ ਚੰਦਰੇ ਉਡਾਅ ...................



## ਤੂੰ ਕਹਿੰਦੀ ਏਂ

ਤੂੰ ਕਹਿੰਦੀ ਏਂ ਮੈਨੂੰ ਭੁੱਲ ਜਾਵੀਂ
ਚਲੋ ਮੰਨਿਆਂ ਭੁਲਾ ਕੇ ਵੇਖਾਂਗਾ।
ਜਾਣਦਾ ਹਾਂ ਦਿਲ ਨੇ ਮੰਨਣੀ ਤਾਂ ਨਹੀਂ
ਫਿਰ ਵੀ ਸਮਝਾ ਕੇ ਵੇਖਾਂਗਾ।

ਡੈਣਾਂ ਵਾਂਗ ਡਰਾਵਣ ਰਾਤਾਂ ਬੀਤਣ ਦਿਨ ਉਦਾਸੇ ਨੀ।
ਮੇਰੇ ਰੋਂਦੇ ਹੋਏ ਦਿਲ ਨੂੰ ਕੌਣ ਸਿਖਾਵੇ ਹਾਸੇ ਨੀ।
ਮੈਂ ਸਹੁੰ ਖਾ ਲਈ ਹੈ ਤੇਰੇ ਬਿਨਾ ਕਿਸੇ ਹੋਰ ਦਾ ਨਾਂ ਵੀ ਨਹੀਂ ਲੈਣਾ,
ਤੂੰ ਕਹਿੰਦੀ ਏਂ ਤਾਂ ਜਿਉਂਦੇ ਜੀਅ ਮੈਂ ਮੌਤ ਹੰਢਾ ਕੇ ਵੇਖਾਂਗਾ।

ਕਿਸ ਨੂੰ ਸੁਣਾਵਾਂ, ਕੌਣ ਸੁਣੇਗਾ, ਦਰਦਾਂ ਭਰੀ ਕਹਾਣੀ ਮੈਂ।
ਹੰਝੂਆਂ ਦੇ ਵਿੱਚ ਘੋਰ ਘੋਰ ਕੇ ਪੀ ਲਈ ਆਪ ਜਵਾਨੀ ਮੈਂ।
ਪਤਾ ਹੈ ਮੈਨੂੰ ਇਹਨੇ ਉੱਡਕੇ ਵੀ ਕਿਸੇ ਹੋਰ ਬਿਰਖ 'ਤੇ ਨਹੀਂ ਬਹਿਣਾ,
ਮੈਂ ਫਿਰ ਵੀ ਤੇਰੀਆਂ ਯਾਦਾਂ ਦੇ ਪੰਛੀ ਨੂੰ ਉਡਾ ਕੇ ਵੇਖਾਂਗਾ

ਭੁੱਲਣ ਦੀ ਗੱਲ ਕਰਨੀ ਸੌਖੀ ਔਖਾ ਹੁੰਦਾ ਭੁਲਾਉਣਾ ਨੀ।
ਸਾਗਰ ਵਿਚੋਂ ਲੱਭ ਕੇ ਮੋਤੀ ਚਾਹੁੰਦਾ ਕੌਣ ਗਵਾਉਣਾ ਨੀ।
ਇਹ ਦਿਲ ਮੇਰਾ ਤੈਨੂੰ ਭੁੱਲਣ ਦਾ ਹੀਆ ਨਹੀਂ ਕਦੀ ਵੀ ਕਰ ਸਕਦਾ,
ਤੈਨੂੰ ਭੁੱਲਣ ਲਈ ਮੈਂ ਤੇਰੇ ਜਿਹਾ ਕਿਤੋਂ ਦਿਲ ਲਿਆ ਕੇ ਵੇਖਾਂਗਾ।

## ਇਕੱਲੀ ਜਦ ਕਦੇ

ਇਕੱਲੀ ਜਦ ਕਦੇ ਵੀ ਹੋਇਆ ਕਰੇਂਗੀ ਤੂੰ।
ਬਹਿ ਕੇ ਕਿਸੇ ਦੀ ਯਾਦ ਵਿੱਚ ਰੋਇਆ ਕਰੇਂਗੀ ਤੂੰ।

ਹੋ ਸਕਦਾ ਤੈਨੂੰ ਮੇਰੇ ਤੋਂ ਕੋਈ ਚੰਗਾ ਮਿਲ ਜਾਏ।
ਤੇਰੇ ਨੈਣਾਂ ਦੇ ਵਿਚ ਚੀਨਾ ਕਬੂਤਰ ਆਲ੍ਹਣੇ ਪਾਏ।
ਮੇਰਾ ਦਾਅ੍ਵਾ ਹੈ ਪਰ ਤੈਥੋਂ ਭੁਲਾਇਆ ਜਾਣਾ ਨਹੀਂ ਮੈਨੂੰ,
ਰੋ ਰੋ ਕੇ ਦਾਗ਼ ਦਿਲ ਦੇ ਬੱਸ ਧੋਇਆ ਕਰੇਂਗੀ ਤੂੰ।

ਦਿਨਾਂ ਦਾ ਚੈਨ ਤੇ ਰਾਤਾਂ ਦੀ ਤੇਰੀ ਨੀਂਦ ਉੱਡ ਜਾਣੀ।
ਤੂੰ ਸੋਚੇਂਗੀ, ਮੈਂ ਕੀ ਲੱਭਿਆ ਗਵਾ ਕੇ ਹਾਣ ਦਾ ਹਾਣੀ।
ਤੇਰੇ ਨਹੀਂ ਦਿਲ 'ਚੋਂ ਮਰ ਸਕਣੀ ਕਿਸੇ ਦੀ ਯਾਦ ਮਰਜਾਣੀ।
ਨੀ ਯਾਦਾਂ ਮਾਰਦੀ ਮਰਜਾਣੀਏਂ ਮੋਇਆ ਕਰੇਂਗੀ ਤੂੰ।

ਤੂੰ ਭੁੱਲਕੇ ਭੁੱਲ ਨਹੀਂ ਸਕਦੀ ਕਿਸੇ ਬੀਤੀ ਬਹਾਰ ਨੂੰ।
ਆਵਾਜ਼ਾਂ ਸੁਪਨਿਆਂ ਵਿਚ ਮਾਰੇਂਗੀ ਮੇਰੇ ਪਿਆਰ ਨੂੰ।
ਮੇਰਾ ਗੀਤ ਜਦ ਕੋਈ ਤੇਰੀ ਦੇਹਲੀ 'ਤੇ ਆਏਗਾ,
ਅੱਥਰੂ ਤੇਲ ਦੀ ਥਾਂ ਦੇਹਲੀ 'ਤੇ ਚੋਇਆ ਕਰੇਂਗੀ ਤੂੰ।



## ਤੇਰੇ ਤੁਰ ਜਾਣ ਦੇ ਪਿਛੋਂ

ਬੜਾ ਰੋਏ, ਬੜਾ ਰੋਏ, ਤੇਰੇ ਤੁਰ ਜਾਣ ਦੇ ਪਿਛੋਂ।
ਹਾਦਸੇ ਕੀ-ਕੀ ਨਈਂ ਹੋਏ, ਤੇਰੇ ਤੁਰ ਜਾਣ ਦੇ ਪਿਛੋਂ।

ਉਹ ਪੰਛੀ ਕਲੋਲਾਂ ਸਾਡੀਆਂ ਤੇ ਲੰਘੀ ਛੋੜ ਬਹਾਰ।
ਤੇਰੇ ਪਿਛੋਂ ਤੇਰੀ ਯਾਦ ਦੇ ਨੇ ਆਲ੍ਹਣੇ ਉਜਾੜ।
ਮਿਲੇ ਸਾਂ ਤਾਰਿਆਂ ਲੋਏ, ਤੇਰੇ ਤੁਰ ਜਾਣ ਦੇ ਪਿਛੋਂ ..........

ਨਫ਼ਰਤ ਨਸ਼ੇ ਤੋਂ ਸੀ ਸ਼ਰਾਬੀ ਬਣਕੇ ਰਹਿ ਗਿਆ।
ਉਮਰਾਂ ਦਾ ਬਿਰਹਾ ਜਦ ਮੇਰੀ ਝੋਲੀ 'ਚ ਪੈ ਗਿਆ।
ਉਤੋਂ ਜਿਉਂਦੇ ਵਿਚੋਂ ਮੋਏ, ਤੇਰੇ ਤੁਰ ਜਾਣ ਦੇ ਪਿਛੋਂ ..........

ਮੈਂ ਕੰਧਾਂ 'ਚ ਉੱਗੇ ਬੋਹੜਾਂ 'ਚੋਂ ਛਾਵਾਂ ਤਲਾਸ਼ੀਆਂ।
ਮੇਰੀ ਪਿਆਸ ਕਿੰਜ ਬਝਾਉਂਦੀਆਂ ਨਦੀਆਂ ਪਿਆਸੀਆਂ।
ਹਾਰ ਹੰਝੂਆਂ ਦੇ ਪਰੋਏ, ਤੇਰੇ ਤੁਰ ਜਾਣ ਦੇ ਪਿਛੋਂ ..........

ਤੇਰੇ ਖ਼ਤਾਂ 'ਚ ਰੱਖੇ ਤਿਤਲੀਆਂ ਦੇ ਪਰ ਨੇ ਵਿਲਕਦੇ।
ਤੇਰੀ ਮੁੰਦਰੀ, ਤੇਰਾ ਰੁਮਾਲ, ਹਉਕੇ ਭਰ ਨੇ ਵਿਲਕਦੇ।
ਕੰਮੇਆਨਾ ਕਿੱਥੇ ਖਲੋਏ, ਤੇਰੇ ਤੁਰ ਜਾਣ ਦੇ ਪਿਛੋਂ ..........

## ਜੇ ਮੈਨੂੰ ਇੰਜ ਛੇੜੋਂਗੇ

ਫੁੱਲਾਂ ਵਿੱਚ ਹੱਸਦੀ-ਹੱਸਦੀ ਦਾ
ਤੇਰਾ ਖ਼ੁਦ ਹੀ ਫੁੱਲ ਹੋ ਜਾਣਾ ਨੀ!
ਮੇਰਾ ਗਲਵੱਕੜੀ ਵਿੱਚ ਲੈ ਲੈਣਾ
ਤੇਰਾ ਸੰਗ ਕੇ ਨੀਵੀਂਆਂ ਪਾਣਾ ਨੀ!
ਲਾਜਵੰਤੀ ਵਾਂਗ ਸ਼ਰਮਾਉਂਦੀ ਦਾ
ਤੇਰਾ ਬੋਲ ਉਹ ਦਿਲ 'ਚੋਂ ਮਰਨਾ ਨ੍ਹੀ।
ਜੇ ਮੈਨੂੰ ਇੰਜ ਛੇੜੋਗੇ
ਮੈਂ ਕਦੇ ਵੀ ਮਿਲਿਆ ਕਰਨਾ ਨ੍ਹੀ।

ਮੈਂ ਲੱਖ ਭੁਲਾਵਾਂ ਚੇਤਿਆਂ 'ਚੋਂ
ਤਸਵੀਰ ਨਾ ਹੁੰਦੀ ਓਹਲੇ ਨੀ!
ਮੇਰੇ ਛੇੜਣ 'ਤੇ, ਮੇਰੀ ਗੱਲ੍ਹ ਉੱਤੇ
ਹੱਥ ਮਾਰਨੇ ਪੋਲੇ-ਪੋਲੇ ਨੀ!
ਉਹ ਮਿਲ ਵਿਛੜਣ ਦੀਆਂ ਘੜੀਆਂ 'ਤੇ
ਸਾਡਾ ਰਲ ਕੇ ਹਉਕਾ ਭਰਨਾ ਨੀ!

ਜੀਅ ਕਰਦਾ ਚੁੰਮਲਾਂ ਸੜਕਾਂ ਨੂੰ
ਜਿਨ੍ਹਾਂ 'ਤੇ ਰਲ ਕੇ ਘੁੰਮਦੇ ਰਹੇ।
ਲਟਬੌਰੇ ਬੁੱਲੇ ਪੌਣਾ ਦੇ
ਨੀ ਸਾਡੇ ਬੋਲ ਮੁਹੱਬਤੀ ਚੁੰਮਦੇ ਰਹੇ।
ਉਹ ਮਿਲਣਾ ਸਾਡਾ ਲੁਕ ਲੁਕ ਕੇ
ਤੇ ਜੱਗ ਦੀ ਨਜ਼ਰ ਤੋਂ ਡਰਨਾ ਨੀ!

ਆਪਾਂ 'ਕੱਠੇ ਮਰਨ ਜਿਉਣ ਦੀਆ
ਕਰਦੇ ਹੁੰਦੇ ਸਾਂ ਗੱਲਾਂ ਨੀ!
ਤੇ ਡਰਦੇ ਸਾਂ ਸਾਡੇ ਹਾਸੇ ਰੋੜ੍ਹ ਨਾ
ਦੇਣ ਸਮੇਂ ਦੀਆਂ ਛੱਲਾਂ ਨੀ!
ਅੱਜ ਪੈ ਗਿਆ ਮੈਨੂੰ ਹਾਣਦੀਏ!
ਤੇਰੀ ਯਾਦ ਨਦੀ ਵਿੱਚ ਤਰਨਾ ਨੀ!



## ਤੇਰਾ ਮਿਲਣਾ ਆਖਰੀ

ਤੂੰ ਹਉਕੇ ਭਰਦੀ-ਭਰਦੀ ਨੀ!
ਹੁਬਕੀਂ ਰੋ ਪਈ ਸੈਂ ਖੜ੍ਹੀ-ਖੜ੍ਹੀ।
ਸਾਵਨ ਦੇ ਬੱਦਲਾਂ ਦੇ ਵਾਂਗੂੰ
ਤੇਰੇ ਨੈਣਾਂ ਦਿੱਤੀ ਲਾ ਝੜੀ।
ਤੇਰੇ ਨਾਲ ਉਦਾਸ ਹੋ ਗਿਆ
ਮੌਸਮ ਸੀ ਬਹਾਰ ਦਾ ਨੀ!
ਮੈਂ ਚੇਤੇ ਦੇ ਵਿੱਚ ਸਾਂਭ ਲਿਆ
ਤੇਰਾ ਮਿਲਣਾ ਆਖਰੀ ਵਾਰ ਦਾ ਨੀ!

ਅਸੀਂ ਰਲਕੇ ਰਹਿਣਾ ਚਾਹੁੰਦੇ ਸਾਂ,
ਪਰ ਰਾਹਾਂ ਵਿੱਚ ਮਜਬੂਰੀਆਂ ਸੀ।
ਸਾਡੇ ਸੋਹਲ ਸੁਨੱਖੇ ਚਾਵਾਂ ਨੂੰ,
ਤੱਕ ਸਮਿਆਂ ਵੱਟੀਆਂ ਘੂਰੀਆਂ ਸੀ।
ਜੱਗ ਵਾਲਿਆਂ ਤੋਂ ਗਿਆ ਨਾ ਜਰਿਆ
ਫੁੱਲ ਮਹਿਕਦਾ ਸਾਡੇ ਪਿਆਰ ਦਾ ਨੀ!

ਨਾ ਤੂੰ ਹੀ ਵਿਛੋੜਾ ਜਰ ਸਕਦੀ,
ਨਾ ਮੈਂ ਹੀ ਵਿਛੋੜਾ ਜਰ ਸਕਦਾ।
ਤੇਰੇ ਬਿਨ ਜੀਣਾ ਦੂਰ ਦੀ ਗੱਲ,
ਤੈਨੂੰ ਤੱਕਿਆਂ ਬਿਨਾ ਨਹੀਂ ਮਰ ਸਕਦਾ।
ਪਰ ਪੱਥਰ ਦਿਲਾਂ 'ਤੇ ਨਾ ਅਸਰ ਕੋਈ
ਸਾਡੇ ਦਿਲਾਂ ਦੀ ਹਾ-ਹਾ ਕਾਰ ਦਾ ਨੀ!

ਕਈ ਰੁੱਤਾਂ ਆ ਆ ਜਾਣਗੀਆਂ,
ਮੁੜ ਰੁੱਤ ਪਿਆਰ ਦੀ ਝੁੱਲਣੀ ਨਈਂ।
ਮੈਂ ਲੱਖ ਭੁਲਾਵਾਂ ਚੇਤਿਆਂ 'ਚੋਂ,
ਤੇਰੀ ਭੋਲੀ ਸੂਰਤ ਭੁੱਲਣੀ ਨਈਂ।
ਇਕ ਵਿੱਛੜੀ ਕੂੰਜ ਸਿਰਨਾਵਾਂ ਹਏ!
ਫਿਰੇ ਲੱਭਦੀ ਵਿੱਛੜੀ ਡਾਰ ਦਾ ਨੀ!!

# ਖੁਸ਼ੀਆਂ ਆ ਕੇ ਚਲੀਆਂ ਗਈਆਂ

ਖੁਸ਼ੀਆਂ ਆ ਕੇ ਚਲੀਆਂ ਗਈਆਂ ਬਹਾਰਾਂ ਵਾਂਗ।
ਸੋਚਾਂ ਨੇ ਮੂੰਹ ਕੀਤਾ ਬੁਝੇ ਅੰਗਾਰਾਂ ਵਾਂਗ।

ਪਤਾ ਨਹੀਂ ਮੋੜ ਕਿਹੜੇ 'ਤੇ ਅਸੀਂ ਭੁੱਲ ਆਏ ਹਾਂ ਹਾਸੇ।
ਨਜ਼ਰ ਆਉਂਦੇ ਸਿਵੇ ਬਲਦੇ ਅਸਾਂ ਨੂੰ ਤਾਂ ਨੇ ਹਰ ਪਾਸੇ।
ਜੀਵਨ ਸਾਥ ਦੀਆਂ ਜੋ ਗੱਲਾਂ ਕਰਦਾ ਸੀ,
ਵਾਅਦੇ ਕਰ ਕੇ ਮੁਕਰ ਗਿਆ ਸਰਕਾਰਾਂ ਵਾਂਗ।
ਸਾਡੇ ਇਸ਼ਕ ਦੀ ਗਾਥਾ ਚੜ੍ਹ ਚੁਗ਼ਲਾਂ ਬੁੱਲ੍ਹੀਂ,
ਕੰਧਾਂ ਉੱਤੇ ਚਿਪਕ ਗਈ ਇਸ਼ਤਿਹਾਰਾਂ ਵਾਂਗ।

ਉਹਦੇ ਜਾਣ ਦੇ ਪਿਛੋਂ ਹੋ ਗਏ ਹਾਂ ਕੱਖਾਂ ਤੋਂ ਹੌਲੇ।
ਅਸਾਂ ਨੂੰ ਖਾਣ ਨੂੰ ਪੈਂਦੇ ਨੇ ਇਹ ਕੰਧਾਂ ਹਏ! ਇਹ ਕੌਲੇ।
ਸ਼ਾਮ ਢਲੇ ਮਨ ਅੰਦਰ ਚੁੱਪ-ਚੁਪੀਤੇ ਹੀ,
ਆ ਬਹਿੰਦੇ ਯਾਦਾਂ ਦੇ ਪੰਛੀ ਡਾਰਾਂ ਵਾਂਗ।
ਉਸ ਮੂੰਹ ਵੱਟਿਆ ਸਿਵਿਆਂ ਵਰਗਾ ਲੱਗਦਾ ਹੈ,
ਉਹ ਹੱਸਿਆ ਜੱਗ ਲੱਗਿਆ ਸੀ ਗੁਲਜ਼ਾਰਾਂ ਵਾਂਗ।

ਸਾਡੇ ਲਈ ਹੁਣ ਮੌਸਮਾਂ ਦੇ ਅਰਥ ਬਦਲ ਗਏ।
ਅਸੀਂ ਧੁੱਪਾਂ 'ਚ ਬਰਫ਼ਾਂ ਹੋ ਗਏ ਪਾਲੇ 'ਚ ਪਿਘਲ ਗਏ।
ਸਾਡੇ ਇਸ਼ਕ ਦੇ ਹਿੱਸੇ ਵਿਚ ਰੋਣੇ ਆਏ,
ਸੱਸੀ, ਸੋਹਣੀ, ਸ਼ੀਰੀਂ ਦਿਆਂ ਪਿਆਰਾਂ ਵਾਂਗ।
ਇਸ ਨਗਰੀ ਸਾਡੀ ਪੱਥਰਾਂ ਦੇ ਸੰਗ ਬਣਦੀ ਏ,
ਫੁੱਲ ਤਾਂ ਸਾਨੂੰ ਚੁਭਦੇ ਨੇ ਹੁਣ ਖਾਰਾਂ ਵਾਂਗ।



# ਗਵਾਚੇ ਹੋਏ ਬੋਲ

ਕਿੰਨੇ ਚੰਗੇ ਸੀ ਦਿਹਾੜੇ ਜਦੋਂ ਤੂੰ ਸੀ ਮੇਰੇ ਕੋਲ।
ਕਿੱਥੋਂ ਲੱਭ ਕੇ ਲਿਆਵਾਂ ਨੀ ਗਵਾਚੇ ਹੋਏ ਬੋਲ?

ਤੇਰੇ ਸ਼ਹਿਰ 'ਚੋਂ ਫ਼ੱਕਰ ਮੁੜੇ ਖਾਲੀ ਲੈ ਕੇ ਕਾਸੇ।
ਧਾਹੀ ਰੋਂਦੇ ਦਿਲ ਤਾਈਂ ਦੇਵੇ ਕੌਣ ਨੀ ਦਿਲਾਸੇ?
ਕਿੱਥੋਂ ਲੱਭ ਕੇ ਲਿਆਵਾਂ ਨੀ ਗਵਾਚੇ ਹੋਏ ਹਾਸੇ??
ਪੈ ਗੀ ਕੰਡਿਆ ਦੇ ਵੱਸ ਜਿੰਦ ਫੁੱਲਾਂ ਤੋਂ ਵੀ ਸੋਹਲ।

ਦੱਸ ਕਿਹੜੇ ਨੀ ਗੁਨਾਹ ਲਈ ਮੈਨੂੰ ਦਿੱਤਾ ਏਡਾ ਡੰਡ?
ਮੈਥੋਂ ਚੁੱਕ ਨਹੀਓਂ ਹੁੰਦੀ ਭਾਰੀ ਗ਼ਮਾਂ ਵਾਲੀ ਪੰਡ।
ਮੈਨੂੰ ਮੁੱਕੇ-ਮੁੱਕੇ ਜਾਪਦੇ ਨੇ ਸਾਹਾਂ ਵਾਲੇ ਤੰਦ।
ਤੂੰ ਪਿਆਰ ਇੰਜ ਕੀਤਾ ਜਿਵੇਂ ਕਰੀਦਾ ਮਖੌਲ।

ਮੈਂ ਜਾਣਦਾ ਹਾਂ ਤੇਰਾ ਕੋਈ ਬਹੁਤਾ ਨਹੀਂ ਕਸੂਰ।
ਇਹਨਾਂ ਚੰਦਰੇ ਰਿਵਾਜਾਂ ਸਾਨੂੰ ਕੀਤਾ ਦੂਰ-ਦੂਰ।
ਪਰ ਤੇਰਾ ਚੁੱਪ ਰਹਿਣਾ ਮੈਨੂੰ ਚੁਭਦਾ ਜ਼ਰੂਰ।
ਪੀ ਕੇ ਹੰਝੂਆਂ ਦੇ ਘੁੱਟ ਕਾਹਤੋਂ ਤੁਰ ਗਈ ਅਬੋਲ।

ਦੱਸ ਕਿਸ ਨੂੰ ਸੁਣਾਈਏ ਇਹੇ ਗੀਤ ਨੀ ਉਦਾਸ?
ਸਾਡੇ ਰਾਹਾਂ ਵਿਚ 'ਨ੍ਹੇਰਾ ਅਤੇ ਬੁਝੀ-ਬੁਝੀ ਆਸ।
ਕੰਧੇ ਆਪਣੇ 'ਤੇ ਚੁੱਕੀ ਫਿਰਾਂ ਆਪਣੀ ਹੀ ਲਾਸ਼।
ਦਿੱਤਾ ਤੇਰਾ ਨੀ 'ਧਰਮ' ਹਉਕੇ ਹਾਵਿਆਂ ਨੇ ਰੋਲ।

# ਤੂੰ ਮੇਰੇ ਦਿਲ ਵਿਚ

ਤੂੰ ਮੇਰੇ ਦਿਲ ਵਿਚ ਇਉਂ ਵਸਦੀ ਏਂ
ਜਿਉਂ ਫੁੱਲਾਂ ਦੇ ਵਿੱਚ ਖ਼ੁਸ਼ਬੋਈ।
ਰੋ ਰੋ ਕੇ ਮਰਜੂੰਗਾ ਵੈਰਨੇ!
ਜੇਕਰ ਤੂੰ ਮੇਰੀ ਨਾ ਹੋਈ।

ਕਈ ਵਾਰੀਂ ਮੈਂ ਬੈਠਾ ਬੈਠਾ
ਸੋਚਾਂ ਦੇ ਵਿੱਚ ਵਹਿ ਜਾਂਦਾ ਹਾਂ।
ਤੂੰ ਨਾ ਹੋਈ ਤਾਂ ਕੀ ਹੋਏਗਾ
ਫੜ੍ਹ ਕੇ ਕਲੇਜਾ ਬਹਿ ਜਾਂਦਾ ਹਾਂ।
ਹਾਸੇ ਕਿਧਰੇ ਉੱਡ ਜਾਂਦੇ ਨੇ
ਰੋਂਦਾ ਰੋਂਦਾ ਰਹਿ ਜਾਂਦਾ ਹਾਂ।
ਤੂੰ ਮੇਰੇ ਦਿਲ ਵਿਚ ..................

ਮੈਂ ਰੋਹੀ ਦੀ ਕਿੱਕਰ ਵਾਂਗੂੰ
ਕੱਲ-ਮੁਕੱਲਾ ਰਹਿ ਜਾਵਾਂਗਾ।
ਸਿੱਧਾ ਜੋ ਸਿਵਿਆਂ ਵੱਲ ਜਾਂਦਾ
ਮੈਂ ਉਸ ਰਸਤੇ ਪੈ ਜਾਵਾਂਗਾ।
ਕੋਰਾ ਝੂਠ ਹੈ ਜੇ ਮੈਂ ਆਖਾਂ
ਇਹ ਗ਼ਮ ਹੱਸ ਕੇ ਸਹਿ ਜਾਵਾਂਗਾ।
ਤੂੰ ਮੇਰੇ ਦਿਲ ਵਿਚ ..................

ਤੂੰ ਮਿਲੀ ਤਾਂ ਇੰਜ ਲੱਗਿਆ ਸੀ
ਤੂੰ ਮੇਰੇ ਹਿੱਸੇ ਦੀ ਧੁੱਪ ਹੈਂ।
ਤੂੰ ਆਵਾਜ਼ ਮੇਰੇ ਹਿੱਸੇ ਦੀ
ਤੂੰ ਮੇਰੇ ਹਿੱਸੇ ਦੀ ਚੁੱਪ ਹੈਂ।
ਮੇਰੇ 'ਨ੍ਹੇਰੇ ਰਾਹੀਂ ਭੁੱਲ੍ਹਿਆ
ਤੂੰ ਤਾਂ ਕੋਈ ਚਾਨਣ ਦਾ ਬੁੱਕ ਹੈਂ।
ਤੂੰ ਮੇਰੇ ਦਿਲ ਵਿਚ ਇਉਂ ਵਸਦੀ ਏਂ
ਜਿਉਂ ਫੁੱਲਾਂ ਦੇ ਵਿੱਚ ਖ਼ੁਸ਼ਬੋਈ.......



# ਤੂੰ ਗੜਵਾ

ਤੂੰ ਗੜਵਾ ਮੈਂ ਤੇਰੀ
ਡੋਰ ਵੇ ਮਾਹੀਆ!
ਤੇਰਾ ਮੇਰਾ ਝਗੜਾ ਹੋਰ ਵੇ ਮਾਹੀਆ!!

ਮਾਂ ਦੀਆਂ ਗੱਲਾਂ
ਸੁਣੇ ਕੰਨ ਲਾ ਕੇ,
ਸਾਡੇ ਵਾਰੀਂ ਕਰਦਾ ਨਾ ਗੌਰ ਵੇ ਮਾਹੀਆ!

ਜੁੱਤੀ ਟੁੱਟੀ ਨੂੰ
ਸਾਲ ਪੂਰਾ ਹੋਇਆ,
ਲੈ ਕੇ ਦਿੱਤੀ ਨਾ ਹੋਰ ਵੇ ਮਾਹੀਆ!

ਨੰਗੇ ਪੈਰੀਂ
ਸਾਥੋਂ ਤੁਰਿਆ ਨਾ ਜਾਵੇ,
ਪੈਰੀਂ ਤਾਂ ਚੁੱਭਦੇ ਨੇ ਰੋੜ ਵੇ ਮਾਹੀਆ!

ਚੜ੍ਹੀ ਜਵਾਨੀ
ਇਉਂ ਲੱਗਦਾ ਹੈ,
ਜਿਉਂ ਦਾਰੂ ਦੀ ਲੋਰ ਵੇ ਮਾਹੀਆ!

ਢਲ ਗਈ ਜਵਾਨੀ
ਤਾਂ ਝੁਰਨਾ ਪੈਣਾ,
ਜਿਵੇਂ ਪੈਰਾਂ ਨੂੰ ਝੁਰਦੇ ਨੇ ਮੋਰ ਨੇ ਵੇ ਮਾਹੀਆ!

'ਕੰਮੇਆਣੇ' ਦੇ
'ਧਰਮ' ਦੇ ਵਾਂਗੂੰ,
ਹੋਰ ਤੋਂ ਹੋ ਗਿਐਂ ਹੋਰ ਵੇ ਮਾਹੀਆ!

## ਜਿੱਥੇ ਆ ਕੇ

ਜਿੱਥੇ ਆ ਕੇ ਗੀਤ ਵੀ
ਗਵਾਚ ਜਾਂਦੇ ਦਿਨ ਦੀਵੀਂ,
ਉੱਥੇ ਅਸੀਂ
ਗਏ ਹਾਂ ਗਵਾਚ।

ਆਪਣੇ ਵੱਲੋਂ ਤਾਂ
ਨਵੀਂ ਫ਼ਸਲ ਸੀ ਬੀਜੀ ਅਸੀਂ,
ਓਰਿਆਂ 'ਚ
ਉੱਗੀ ਸਲਫ਼ਾਸ।

ਕਿਰਤਾਂ ਦੇ ਵਿਹੜੇ ਵਿਚ
ਬੈਠ ਗਈ ਉਦਾਸੀ ਆ ਕੇ,
ਕੰਧੇ ਚੁੱਕੀ
ਸਧਰਾਂ ਦੀ ਲਾਸ਼।

ਕੰਜਕਾਂ ਦੇ ਹਾਸੇ ਉੱਤੇ
ਨਜ਼ਰ ਸ਼ਿਕਾਰੀਆਂ ਦੀ,
ਨੋਚ-ਨੋਚ
ਖਾ ਜਾਂਦੇ 'ਮਾਸ'।



ਸੰਘਣੇ ਹਨੇਰੇ ਵਿਚ
ਕੋਈ ਕੋਈ ਦੀਵਾ ਬਲੇ,
ਕੰਬਦੀ ਹਵਾਵਾਂ
ਵਿਚ ਲਾਟ।

ਕੀਹਦੇ ਕੀਹਦੇ ਨਾਲ
ਦੱਸ ਲੜੀਏ ਵਿਗਾੜੀਏ,
ਗਰਜਾਂ ਦੇ ਮਾਰੇ
ਸਾਰੇ ਸਾਥ।

ਅੱਧ-ਮਰੇ ਚਿਹਰਿਆਂ 'ਤੇ
ਬੁਝੇ-ਬੁਝੇ ਹਾਸੇ,
ਥੱਕੇ ਪੈਰਾਂ ਨਾਲ
ਬੰਨ੍ਹੀ ਲੰਬੀ ਵਾਟ।

ਏਨੇ ਬੁਰੇ ਸਮਿਆਂ 'ਚ
ਰੱਖੀ ਹੈ ਬਚਾ ਕੇ ਅਸੀਂ,
ਸੀਨੇ ਵਿਚ
ਸੂਹੀ ਜਹੀ ਆਸ।